# ਸੰਪਾਦਕੀ

ਜਿਥੇ ਦੋ ਨਦੀਆਂ ਇਕ ਥਾਂ ਤੇ ਮਿਲਦੀਆਂ ਹੋਣ, ਉਸ ਨੂੰ ਸੰਗਮ ਕਹਿੰਦੇ ਹਨ, ਅਚਾਨਕ ਦੋ ਵਿਅਕਤੀ ਆਪਸ ਵਿਚ ਮਿਲ ਜਾਣ ਉਸ ਨੂੰ ਮੇਲ ਕਹਿੰਦੇ ਹਨ, ਦੋ ਵਿਭਿੰਨ ਪ੍ਰਕ੍ਰਿਤੀ ਦੇ ਜੀਵ ਕਿਸੀ ਇਕ ਲਖਸ਼ਣ ਤੇ ਸਹਿਮਤ ਹੋ ਜਾਣ ਉਸ ਨੂੰ ਪ੍ਰੇਮ ਕਹਿੰਦੇ ਹਨ, ਦੋ ਰੂਹਾਂ ਆਪਸ ਵਿਚ ਅੱਖਾਂ ਚਾਰ ਕਰ ਲੈਣ ਤਾਂ ਉਸ ਨੂੰ ਪਿਆਰ ਕਹਿੰਦੇ ਹਨ, ਕਿਸੀ ਦੀ ਖੋਈ ਹੋਈ ਵਸਤੂ ਪ੍ਰਾਪਤ ਹੋ ਜਾਵੇ ਤਾਂ ਉਸ ਨੂੰ ਮਿਲਨ ਕਹਿੰਦੇ ਹਨ, ਦੋ ਰੂਹਾਂ ਇਕ ਦੂਸਰੇ ਦੇ ਲਈ ਪ੍ਰਾਣ ਨਿਛਾਵਰ ਕਰਨ ਲਈ ਤਿਆਰ ਹੋ ਜਾਣ ਉਸ ਨੂੰ ਇਸ਼ਕ ਕਹਿੰਦੇ ਹਨ, ਭੌਤਿਕ ਪਦਾਰਥਾਂ ਵਿਚ ਲਿਪਤ ਹੋ ਜਾਣ ਨੂੰ love ਕਹਿੰਦੇ ਹਨ, ਪਰੰਤੂ ਆਤਮਾ ਦਾ ਪ੍ਰਮਾਤਮਾ ਵਿਚ ਲੀਨ ਹੋ ਜਾਣ ਨੂੰ ਵਿਲੀਨੀਕਰਣ ਕਹਿੰਦੇ ਹਨ। ਸੰਗਮ, ਮਿਲਨ, ਪ੍ਰੇਮ, ਇਸ਼ਕ, love ਇਨ੍ਹਾਂ ਪਰਾਏਵਾਚਕ ਸ਼ਬਦਾਂ ਦੀ ਅਲੱਗ ਅਲੱਗ ਪ੍ਰਸਥਿਤੀਆਂ ਵਿਚ ਅਲੱਗ ਅਲੱਗ ਪਰਿਭਾਸ਼ਾ ਬਣ ਜਾਂਦੀ ਹੈ, ਪਰੰਤੂ ਆਧਿਆਤਮਕ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਵਿਚ ਅਵਸਥਾ ਭੇਦ ਦੀ ਗੱਲ ਆ ਜਾਂਦੀ ਹੈ, ਕੁੱਲ ਮਿਲਾ ਕੇ ਅੰਤਿਮ ਧੇਅ, ਚਰਮ ਲਕਸ਼, ਆਤਮਾ ਨੂੰ ਪ੍ਰਮਾਤਮਾ ਵਿਚ ਲੀਨ ਕਰਕੇ ਉਸੀ ਦਾ ਸਰੂਪ ਬਣ ਜਾਣਾ ਹੀ ਹੈ। ਭੌਤਿਕ ਵਸਤੂਆਂ ਦੇ ਪ੍ਰਤੀ ਪਿਆਰ ਸਾਡਾ ਵਿਸ਼ਾ ਨਹੀਂ ਹੈ, ਸਾਡਾ ਵਿਸ਼ਾ ਆਧਿਆਤਮਕ ਹੋਣ ਦੇ ਕਾਰਨ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਦਾ ਮੁਹਤਾਜ ਨਹੀਂ ਹੈ।

ਸਾਡਾ ਅਧਿਆਤਮਕ ਪ੍ਰੇਮ ਸ਼ਿਵਰੀ ਦੇ ਜੂਠੇ ਖਾ-ਖਾ ਕੇ ਰੱਖੇ ਹੋਏ ਮਿੱਠੇ ਬੇਰਾਂ ਨੂੰ ਪ੍ਰਭੂ ਰਾਮ ਨੂੰ ਖਿਲਾਉਣ ਦਾ ਮੁਹਤਾਜ ਨਹੀਂ ਹੈ, ਨਾ ਹੀ ਕ੍ਰਿਸ਼ਨ ਦੁਆਰਾ ਵਿਦੁਰ ਦੀ ਪਤਨੀ ਦੇ ਹੱਥੋਂ ਕੇਲੇ ਦਾ ਗੁਦਾ ਖਾਣ ਦੀ ਬਜਾਏ, ਕੇਲੇ ਦੇ ਛਿਲਕੇ ਖਾਣ ਦੀ ਵਿਆਖਿਆ ਮੰਗਦਾ ਹੈ, ਨਾ ਹੀ ਇਹ ਪ੍ਰੇਮ ਭਾਈ ਘਨਈਏ ਤੋਂ ਇਹ ਪੁਛਦਾ ਹੈ ਕਿ ਤੂੰ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਮਾਰ ਕੇ ਜਾਂ ਪਕੜ ਕੇ ਲਿਆਉਣ ਵਾਲੇ ਉਸ ਮੁਗਲਖਾਨ ਨੂੰ ਜੋ ਯੁੱਧ ਖੇਤਰ ਵਿਚ ਘਾਇਲ ਹੋ ਗਿਆ ਉਸ ਨੂੰ ਪਾਣੀ ਕਿਉਂ ਪਿਲਾਇਆ? ਇਹ ਪ੍ਰੇਮ ਤਾਂ ਭਾਵਾਂ ਦਾ, ਵਿਚਾਰਾਂ ਦਾ ਭੁੱਖਾ ਹੈ, ਜਿਸ ਵਿਚ 22 ਕੈਰੇਟ ਸੋਨੇ ਦੀ ਤਰ੍ਹਾਂ ਪਵਿੱਤਰਤਾ, ਨਿਰਮਲਤਾ, ਸ਼ੁਧਤਾ ਕੁਟ-ਕੁਟ ਕੇ ਭਰੀ ਹੋਈ ਹੈ। ਇਨ੍ਹਾਂ ਸਭ ਦਾ ਜੇਕਰ ਨਿਚੋੜ ਕੱਢਿਆ ਜਾਵੇ, ਉਸ ਨੂੰ ਆਮ ਵਿਅਕਤੀ ਤਕ ਪਹੁੰਚਾਇਆ ਹੋਵੇ ਤਾਂ ਬਸ ਐਨੀ ਧਾਰਨਾ ਹੀ ਮਹਾਂਪੁਰਸ਼ਾਂ ਦੀ ਕਾਫੀ ਹੈ -

***ਧਾਰਨਾ - ਨਾ ਦਿਸੇ ਬੇਗਾਨਾ ਜੀ,***
***ਨਾ ਕੋਈ ਬੈਰੀ-ਨਾ ਕੋਈ ਬੈਰੀ -2***

ਰੂਹਾਨੀਅਤ ਦੇ ਪੱਖ ਨਾਲ ਪ੍ਰੇਮ ਦਾ ਸਪਸ਼ਟੀਕਰਣ ਬਹੁਤ ਗਹਿਨ, ਚਿੰਤਨ, ਮੰਨਨ ਅਤੇ ਨਿਧਿਆਸਣ ਦੀ ਮੰਗ ਕਰਦਾ ਹੈ। ਇਸ ਪ੍ਰੇਮ ਮਾਰਗ ਤੇ ਚਲਣ ਲਈ ਅਨੇਕ ਸ਼ਰਤਾਂ ਹਨ। ਉਨ੍ਹਾਂ ਵਿਚੋਂ ਪਹਿਲੀ ਅਤੇ ਸਭ ਤੋਂ ਕਠਿਨ ਸ਼ਰਤ ਹੈ ਕਿ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਆਪਣੇ ਜੀਵਨ ਦੀ ਕੋਈ ਪਰਵਾਹ ਨਹੀਂ ਕਰਨੀ, ਮਰਨਾ ਸਿੱਖ ਲੈ, ਮਰਨਾ ਕਬੂਲ ਕਰ ਲੈ, ਜੇਕਰ ਇਹ ਮਨਜ਼ੂਰ ਹੈ ਤਾਂ ਫੇਰ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਪੰਨਾ - 1412***

ਸਿਰ ਹਥੇਲੀ ਤੇ ਰੱਖਣ ਵਾਂਗ ਹਉਮੈ ਨੂੰ ਤਿਆਗ ਕੇ ਹੀ ਮੇਰੀ ਗਲੀ ਵਿਚ ਪੈਰ ਰਖਣਾ। ਇਹ ਵੀ ਕਹਿ ਦਿਤਾ ਗੁਰੂ ਮਹਾਰਾਜ ਜੀ ਨੇ 'ਜਉ ਤਉ' ਜੇਕਰ ਤੇਰਾ ਮਨ ਕਰੇ, ਕੋਈ ਜ਼ੋਰ ਜ਼ਬਰਦਸਤੀ ਨਹੀਂ ਹੈ।

ਬਾਬਾ ਫਰੀਦ ਜੀ ਨੇ ਤਾਂ ਪਿਆਰ ਦਾ ਨਿਰੂਪਣ ਕਰਨ ਵਿਚ ਕਮਾਲ ਹੀ ਕਰ ਦਿਖਾਇਆ। ਤੁਸੀਂ ਕਹਿੰਦੇ ਹੋ ਕਿ ਪਿਆਰ ਵਿਚ ਕੋਈ ਗਰਜ਼ ਨਹੀਂ ਹੋਇਆ ਕਰਦੀ, ਕੋਈ ਆਪਣਾ ਹਿਤ (ਸਵਾਰਥ) ਨਹੀਂ ਹੋਇਆ ਕਰਦਾ। ਸਵਾਰਥ ਤਾਂ ਨਿਮਨ ਦਰਜੇ ਦੀ ਚੀਜ਼ ਹੈ। ਇਸ ਵਿਚ ਤਾਂ ਕੁਰਬਾਨੀ ਦੀ ਲਗਨ ਹੋਇਆ ਕਰਦੀ ਹੈ, ਆਪਣੇ ਪਿਆਰੇ ਦੇ ਲਈ ਆਪਣਾ ਆਪਾ ਨਿਜਤੂ ਪੂਰੀ ਤਰ੍ਹਾਂ ਲੁਟਾ ਦੇਣ ਦੀ ਇੱਛਾ ਬਣੀ ਰਹਿੰਦੀ ਹੈ। ਜਿਵੇਂ ਕਿ ਫੁਰਮਾਨ ਹੈ -

***ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥***
***ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥***
***ਪੰਨਾ - 1378***

ਪ੍ਰਤੀਕ ਰੂਪ ਵਿਚ ਲੈਲਾ ਮਜਨੂੰ ਦੀ ਸਾਖੀ ਜਾਂ ਸੱਸੀ ਪੁੰਨੂ ਦੀ ਸਾਖੀ ਉਸ ਪ੍ਰੇਮ ਨੂੰ ਦਰਸਾਉਂਦੀ ਹੈ ਜੋ ਕਿ ਇਕ ਦੂਸਰੇ ਦੇ ਲਈ, ਇਸ ਪਾਰਥਿਵ ਸਰੀਰ ਨੂੰ ਕੁਰਬਾਨ ਕਰਨ ਦੇ ਲਈ ਤਿਆਰ ਹੀ ਨਹੀਂ ਬਲਕਿ ਪ੍ਰਤੱਖ ਰੂਪ ਕੁਰਬਾਨੀ ਦਾ, ਤਿਆਗ ਦਾ, ਪ੍ਰਗਟਾਵਾ ਕਰਕੇ ਦਿਖਾਇਆ ਹੈ। ਇਸੀ ਪਿਆਰ ਨੂੰ ਜਦੋਂ ਮਹਾਂਪੁਰਸ਼ ਅਧਿਆਤਮਕ ਬਾਣਾ ਪੁਆ ਕੇ ਸਤਿਸੰਗ ਵਿਚ ਪ੍ਰਵਚਨ ਕਰਦੇ ਹਨ ਤਾਂ ਪ੍ਰਤੀਕ ਬਹੁਤ ਪਿੱਛੇ ਰਹਿ ਜਾਂਦੀ ਹੈ ਅਤੇ ਆਪਣੇ ਪਿਆਰੇ ਦੇ ਨਾਲ ਇਕਮਿਕ ਹੋਣ ਦੇ ਲਈ ਇਹ ਜੀਵ ਆਤਮਾ ਬਿਰਹਨੀ ਬਣ ਜਾਂਦੀ ਹੈ। ਇਹ ਪਤਨੀ ਰੂਪੀ ਆਤਮਾ, ਪਤੀ ਰੂਪ ਪ੍ਰਮੇਸ਼ਰ ਨੂੰ ਮਿਲਣ ਦੇ ਲਈ ਜਦੋਂ ਆਤੁਰ ਹੋ ਉਠਦੀ ਹੈ ਤਾਂ ਬਿਰਹਾ ਦੇ ਬਾਣ ਇਸ ਨੂੰ ਵਿੰਨਣਾ ਸ਼ੁਰੂ ਕਰ ਦਿੰਦੇ ਹਨ। ਗੁਰੂ ਦੀ ਸ਼ਰਣ ਵਿਚ ਜਾ ਕੇ ਇਸ ਬਿਰਹਨੀ ਨੂੰ ਮਾਰਗ ਦਰਸ਼ਨ ਮਿਲਦਾ ਹੈ ਫੇਰ ਇਹ ਉਚਿਤ ਰਾਹ ਪਕੜ ਕੇ, ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਜੀਵਨ ਲਖਸ਼ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੀ ਹੈ। ਇਹ ਉਹ ਅਵਸਥਾ ਹੁੰਦੀ ਹੈ ਜਿਸ ਨੂੰ ਵਿਲੀਨੀਕਰਣ ਹੋ ਜਾਣਾ, ਇਕਮਿਕ ਹੋ ਜਾਣਾ, ਉਸ ਦਾ ਰੂਪ ਬਣ ਜਾਣਾ ਜਾਂ ਓਹੀ ਬਣ ਜਾਣਾ ਹੁੰਦਾ ਹੈ।

'ਆਤਮ ਮਾਰਗ' ਮੈਗਜ਼ੀਨ ਦੇ ਪ੍ਰੇਮੀਆਂ ਦੇ ਕੋਲ, ਜਦੋਂ ਮੈਗਜ਼ੀਨ ਪਹੁੰਚਦਾ ਹੈ ਤਾਂ ਸਭ ਤੋਂ ਪਹਿਲਾਂ ਮੁੱਖ ਪੰਨੇ ਦਾ ਚਿੱਤਰ ਹੀ ਐਨਾ ਆਕਰਸ਼ਕ ਹੁੰਦਾ ਹੈ ਕਿ ਮਨ ਇਸ ਵਲ ਆਕਰਸ਼ਤ ਹੋਏ ਬਿਨਾ ਰਹਿ ਨਹੀਂ ਸਕਦਾ। ਬਾਰ-ਬਾਰ ਉਸੀ ਚਿਤਰ ਨੂੰ ਦੇਖਦਾ ਰਹਿੰਦਾ ਹੈ। ਇਹ ਇਕ ਬਾਹਰੀ ਪ੍ਰਤੀਕ ਹੈ ਜੋ ਉਸ ਨੂੰ ਅੰਦਰ ਵਲ ਨੂੰ ਆਕਰਸ਼ਿਤ ਕਰਦਾ ਹੈ, ਆਪਣੇ ਪਿਆਰੇ ਵਲ ਆਕਰਸ਼ਿਤ ਕਰਦਾ ਹੈ। ਫਿਰ ਸੱਚਾ ਜਗਿਆਸੂ ਇਹ ਵੀ ਜ਼ਰੂਰ ਪੜ੍ਹਦਾ ਹੋਵੇਗਾ, ਚਾਹੇ ਅਣਮੰਨੇ ਢੰਗ ਨਾਲ ਹੀ ਕਿਉਂ ਨਾ ਪੜ੍ਹਦਾ ਹੋਵੇ, ਉਸ ਦੀ ਨਜ਼ਰ ਇਸ ਪੰਕਤੀ ਤੇ ਵੀ ਜ਼ਰੂਰ ਜਾਂਦੀ ਹੋਵੇਗੀ -

(ਬਾਕੀ ਪੰਨਾ 61 ਤੇ)

**ਜ਼ਰੂਰੀ ਨੋਟ - ਕੋਈ ਵੀ 'ਆਤਮ ਮਾਰਗ' ਦਾ ਪਾਠਕ, ਜੋ ਆਪ ਆ ਕੇ ਚੰਦਾ ਜਮ੍ਹਾਂ ਕਰਵਾਉਣਾ ਚਾਹੁੰਦਾ ਹੈ, ਉਹ ਬਾਬਾ ਜੀ ਦੀ ਕੋਠੀ (781/3ਬੀ1) ਦੀ ਬਿਜਾਏ 'ਆਤਮ ਮਾਰਗ' ਦਫਤਰ (1782, ਫੇਜ਼ 3ਬੀ2) ਵਿਖੇ ਜਮ੍ਹਾਂ ਕਰਵਾਉਣ ਦੀ ਕ੍ਰਿਪਾਲਤਾ ਕਰੇ।**

# ਅਮਰ ਕਥਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਸ਼ਾਨ....................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਸੰਸਾ ਮੇਰਾ ਓ ਉਤਰ ਗਿਆ - 2.*
*ਸੰਸਾ ਮੇਰਾ ਜੀ ਉਤਰ ਗਿਆ -2*
*ਪਿਆਰੇ ਜਬ ਤੇ ਦਰਸ਼ਨ ਪਾਇਆ - 2*
*ਸੰਸਾ ਮੇਰਾ ਜੀ ਉਤਰ ਗਿਆ।*

*ਠਾਕੁਰ ਤੁਮ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥*
*ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥*
*ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ॥*
*ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥*
*ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥*
*ਪੰਨਾ - 1218*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਸਤਿਸੰਗ ਦੀ ਜੋ ਪੂਰਨ ਵਿਧੀ ਹੈ ਉਸ ਦੇ ਮੁਤਾਬਿਕ ਜੇ ਸਤਿਸੰਗ ਕੀਤਾ ਜਾਵੇ ਤਾਂ ਬਹੁਤ ਬੜਾ ਫਲ ਪ੍ਰਾਪਤ ਹੁੰਦਾ ਹੈ। ਜਿੰਨਾ ਚਿਰ ਸਾਡੇ ਗੱਲ ਸਮਝ ਵਿਚ ਨਹੀਂ ਆਉਂਦੀ, ਘਰੋਂ ਆ ਜਾਂਦੇ ਹਾਂ, ਕਾਰੋਬਾਰ ਛੱਡਦੇ ਹਾਂ ਪਰ ਪੂਰਾ ਫਲ ਲੈਣ ਤੋਂ ਅਸੀਂ ਅਸਮਰਥ ਰਹਿ ਜਾਂਦੇ ਹਾਂ। ਉਹ ਇਹ ਹੋਇਆ ਕਰਦਾ ਹੈ ਕਿ ਐਂ ਸਮਝ ਲਓ, ਜੇ ਆਮ ਬੁੱਧੀ ਵਿਚ ਗੱਲ ਸਮਝਣੀ ਹੋਵੇ; ਕੋਈ ਮਸ਼ੀਨ ਹੋਵੇ, ਉਹਦੇ ਵਿਚ ਬਹੁਤ ਸਾਰੀਆਂ ਤਾਰਾਂ ਲੱਗੀਆਂ ਹੋਣ, ਥਾਂ ਥਾਂ ਦੇ ਉਤੇ ਪੇਚਾਂ ਨਾਲ ਲਾ ਕੇ ਇਕ ਦੂਜੇ ਨਾਲ ਸਬੰਧ ਕੀਤਾ ਹੋਵੇ ਤੇ ਉਹਦੇ ਵਿਚੋਂ ਕੋਈ ਆਵਾਜ਼, ਜਿਸ ਤਰ੍ਹਾਂ ਮੇਰੀ ਆਵਾਜ਼ ਆ ਰਹੀ ਐ, ਇਸੇ ਤਰ੍ਹਾਂ ਆਵਾਜ਼ ਆਉਂਦੀ ਹੋਵੇ ਤਾਂ ਪੂਰਾ ਲਾਭ ਪ੍ਰਾਪਤ ਹੁੰਦੈ। ਜੇ ਇਕ ਦੋ ਤਾਰਾਂ ਨਾ ਚੱਲਣ ਤਾਂ ਗੜਬੜ ਹੋ ਜਾਏਗੀ, ਸਮਝ 'ਚ ਨਹੀਂ ਆਵੇਗਾ, ਲਾਊਡਸਪੀਕਰ ਨਹੀਂ ਚੱਲੇਗਾ, ਹਾਲ ਗੂੰਜੇਗਾ ਜਿਵੇਂ ਹੁਣ ਗੂੰਜਦਾ ਹੈ ਕਿਉਂਕਿ proper (ਹਿਸਾਬ ਨਾਲ) ਚੀਜ਼ ਨਹੀਂ ਹੁੰਦੀ। ਜਦੋਂ ਪੂਰੀ ਵਿਧੀ ਦੇ ਨਾਲ ਚੀਜ਼ ਨਾ ਹੋਵੇ ਤਾਂ ਪੂਰਾ ਨਤੀਜਾ ਨਹੀਂ ਨਿਕਲਿਆ ਕਰਦਾ। ਉਹਨੂੰ ਜਿੰਨਾ ਸੁਧਾਰਨੈ, ਆਦਮੀ ਸੁਧਾਰ ਸਕਦੈ ਕੋਈ ਐਸੀ ਗੱਲ ਨਹੀਂ ਕਿ ਐਨਾ ਹੀ ਐ। ਆਮ ਤੌਰ ਤੇ 14 ਗੁਣ ਜੋ ਸਤਿਸੰਗ ਸੁਣਨ ਵਾਸਤੇ ਆਉਂਦੇ ਨੇ ਉਨ੍ਹਾਂ ਵਿਚ ਹੋਣੇ ਜ਼ਰੂਰੀ ਨੇ; 14 ਗੁਣ ਬੋਲਣ ਵਾਲੇ ਵਿਚ ਹੋਣੇ ਜ਼ਰੂਰੀ ਨੇ।

ਇਸ ਸਬੰਧ ਵਿਚ ਗੁਰੂ ਛੇਵੇਂ ਪਾਤਸ਼ਾਹ ਦੇ ਪਾਸ ਇਕ ਵਾਰੀ ਚਾਰ ਸਿੱਖ ਭਾਈ ਮਨਸਾਧਾਰ, ਦਰਗਹ ਤੱਲੀ, ਤਖਤ ਧੀਰ, ਤੀਰਥ ਉਪਲ ਇਕੱਠੇ ਹੋ ਕੇ ਆਏ। ਸੱਚੇ ਪਾਤਸ਼ਾਹ! ਅਸੀਂ ਸਤਿਸੰਗ ਸੁਣਦੇ ਹਾਂ, ਤੇਰੇ ਗੁਰਸਿੱਖ ਬਹੁਤ ਅਰਥ ਦਸ ਦਸ ਕੇ ਸਾਨੂੰ ਸਮਝਾਉਂਦੇ ਹਨ ਪਰ ਸਾਡੇ ਮਨ ਨੂੰ ਸ਼ਾਂਤੀ ਕਿਉਂ ਨਹੀਂ ਆਉਂਦੀ? ਉਹ ਇਧਰ ਉਧਰ ਦੌੜਦਾ ਰਹਿੰਦਾ ਹੈ ਪਰ ਜਦੋਂ ਅਸੀਂ ਭਾਈ ਨਿਵਲਾ ਤੇ ਭਾਈ ਨਿਹਾਲੂ ਦਾ ਕੀਰਤਨ ਵਖਿਆਨ ਸੁਣਦੇ ਹਾਂ ਉਸ ਵੇਲੇ ਸਾਡੇ ਅੰਦਰ ਵਿਕਾਰਾਂ ਦਾ ਡਰ ਪੈਦਾ ਹੋ ਜਾਂਦਾ ਹੈ, ਦੁਰਮਤਿ ਨੂੰ ਛੱਡਣ ਨੂੰ ਸਾਡਾ ਜੀਅ ਕਰਦਾ ਹੈ, ਅਸਾਨੂੰ ਗੁਰਮਤਿ ਪ੍ਰਾਪਤ ਹੋਣ ਲਗ ਜਾਂਦੀ ਹੈ ਅਤੇ ਅੰਦਰ ਜੋਤ ਜਗਣ ਲਗ ਜਾਂਦੀ ਹੈ। ਸੱਚੇ ਪਾਤਸ਼ਾਹ! ਇਹ ਕਿਉਂ ਹੁੰਦਾ ਹੈ? ਕਈਆਂ ਦੇ ਵਖਿਆਨ ਸੁਣ ਕੇ ਸਾਡਾ ਮਨ ਹੀ ਨਹੀਂ ਲਗਦਾ। ਪਰ ਜਦੋਂ ਅਸੀਂ ਭਾਈ ਨਿਵਲਾ ਤੇ ਭਾਈ ਨਿਹਾਲੂ ਦਾ ਵਖਿਆਨ ਸੁਣਦੇ ਹਾਂ ਉਸ ਵੇਲੇ ਉਡਾਰੀਆਂ ਮਾਰਦੀ ਸੁਰਤ ਇਕ ਦਮ ਹਿਰਦੇ ਵਿਚ ਸਿਮਟ ਜਾਂਦੀ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਗੁਰਸਿੱਖੋ! ਸਤਿਸੰਗ ਕਰਨ ਦੀ ਵਿਧੀ ਹੋਇਆ ਕਰਦੀ ਹੈ ਜਿਸ ਵਿਚ ਵਕਤਾ ਤੇ ਸਰੋਤਾ ਦੋਨੋਂ ਹੀ ਜ਼ਿੰਮੇਵਾਰ ਹੁੰਦੇ ਹਨ। ਵਕਤੇ ਵਿਚ ਪੂਰੇ ਗੁਣ ਹੋਣੇ ਚਾਹੀਦੇ ਹਨ ਅਤੇ ਸ਼ਰੋਤੇ ਵਿਚ ਵੀ ਪੂਰੇ ਗੁਣ ਹੋਣੇ ਚਾਹੀਦੇ ਹਨ। ਆਮ ਤੌਰ ਤੇ 14 ਗੁਣ ਵਕਤੇ ਵਿਚ ਅਤੇ 14 ਗੁਣ ਹੀ ਸ਼ਰੋਤੇ ਵਿਚ ਹੋਣੇ ਚਾਹੀਦੇ ਹਨ, ਫੇਰ ਸਤਿਸੰਗ ਦਾ ਪੂਰਾ-ਪੂਰਾ ਲਾਭ ਹੋਇਆ ਕਰਦਾ ਹੈ, ਨਹੀਂ ਤਾਂ ਪੂਰਾ ਲਾਭ ਨਹੀਂ ਪ੍ਰਾਪਤ ਹੁੰਦਾ।

ਉਸ ਵੇਲੇ ਉਨ੍ਹਾਂ ਨੇ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਕਿ ਮਹਾਰਾਜ! ਆਪ ਸਾਨੂੰ ਚੰਗੇ ਵਕਤੇ ਤੇ ਸ਼੍ਰੋਤੇ ਦੇ ਗੁਣ ਖੋਲ੍ਹ ਕੇ ਦੱਸਣ ਦੀ ਕ੍ਰਿਪਾਲਤਾ ਕਰੋ। ਅਸੀਂ ਆਪ ਦੇ ਸੇਵਕ ਹਾਂ ਸਾਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ ਜਦੋਂ ਅਸੀਂ ਸ਼ਰੋਤੇ ਦੇ ਅਤੇ ਵਕਤੇ ਦੇ ਗੁਣਾਂ ਤੋਂ ਜਾਣੂੰ ਹੋ ਜਾਵਾਂਗੇ।

ਗੁਰੂ ਮਹਾਰਾਜ ਜੀ ਨੇ ਕਿਹਾ, ਪਹਿਲਾ ਗੁਣ ਵਕਤੇ ਦਾ ਇਹ ਹੁੰਦਾ ਹੈ ਕਿ ਉਸ ਦਾ ਬੋਲ ਰਸੀਲਾ ਹੋਵੇ, ਉਖੜਦਾ ਨਾ ਹੋਵੇ, ਬੜੀ ਮਿਠਾਸ ਵਾਲਾ ਅਭਿਮਾਨ ਰਹਿਤ ਬੋਲ ਹੋਵੇ। ਸ਼ਬਦ ਦੇ ਅਰਥ ਨੂੰ ਪੂਰੀ ਤਰ੍ਹਾਂ ਜਾਣਦਾ ਹੋਵੇ। ਜਿੰਨੇ ਕੁ ਸ਼ਰੋਤੇ ਬੈਠੇ ਹਨ ਉਨਾਂ ਕੁ ਉਚੀ ਬੋਲੇ, ਜੇ ਸ਼ਰੋਤੇ ਦੂਰ ਤਕ ਬੈਠੇ ਹਨ ਤੇ ਉਹ ਹੌਲੀ ਬੋਲਦਾ ਹੈ ਤਾਂ ਨੇੜੇ ਜੋ ਬੈਠੇ ਹਨ ਉਨ੍ਹਾਂ ਨੂੰ ਤਾਂ ਸੁਣ ਜਾਵੇਗਾ ਪਰ ਦੂਰ ਜੋ ਬੈਠੇ ਹਨ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਲਗਦਾ। ਛੰਦ, ਧਾਰਨਾ ਓਨੀ ਆਵਾਜ਼ ਕੱਢ ਕੇ ਪੜ੍ਹੇ ਜਿੰਨੀ ਦੀ ਲੋੜ ਹੈ। ਅਗਲਾ ਗੁਣ ਇਹ ਹੈ ਕਿ ਉਹ ਜਾਣਦਾ ਹੋਵੇ ਕਿ ਵਿਸ਼ੇ ਦਾ ਵਿਸਥਾਰ ਕਿਸ ਤਰ੍ਹਾਂ ਕੀਤਾ ਜਾਂਦਾ ਹੈ ਅਤੇ ਸੰਕੋਚ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਦੋਹਾਂ ਗੱਲਾਂ ਦਾ ਜਾਨਣਹਾਰ ਹੋਵੇ। ਸੰਗਤ ਦੇ ਉਤੇ ਨਿਗ੍ਹਾ ਰੱਖੇ ਕਿ ਜੋ ਕੁਛ ਮੈਂ ਬੋਲ ਰਿਹਾ ਹਾਂ ਉਸ ਨਾਲ ਉਨ੍ਹਾਂ ਦਾ ਮਨ ਲਗ ਰਿਹਾ ਹੈ ਜਾਂ ਨਹੀਂ। ਸਰੋਤਿਆਂ ਦੀ ਬਿਰਤੀ ਨੂੰ ਗਹੁ ਨਾਲ

ਵਿਚਾਰਦਾ ਰਹੇ। ਜਿੰਨੀ ਕੁ ਗੱਲ ਉਨ੍ਹਾਂ ਦੀ ਸਮਝ ਆ ਜਾਵੇ ਉਨਾਂ ਕੁ ਵਿਸਥਾਰ ਨਾਲ ਕਹੇ। ਜਿਥੋਂ ਬਿਰਤੀ ਉਦਾਸ ਹੋਣ ਲੱਗੇ ਉਥੋਂ ਹੀ ਕਥਾ ਦੇ ਵਿਸਥਾਰ ਨੂੰ ਸੰਕੋਚ ਲਿਆ ਜਾਵੇ। ਕਥਾ ਦੇ ਪ੍ਰਸੰਗ ਨੂੰ ਉਹ ਬਹੁਤ ਹੀ ਪਿਆਰ ਨਾਲ ਕਹਿਣਾ ਜਾਣਦਾ ਹੋਵੇ। ਆਪਣੇ ਬਚਨਾਂ ਨੂੰ ਐਨੇ ਪਿਆਰ ਨਾਲ ਉਚਾਰਨ ਕਰੇ ਕਿ ਉਨ੍ਹਾਂ ਨੂੰ ਪਿਆਰੇ ਲੱਗਣ। ਪੰਜਵਾਂ ਗੁਣ ਇਹ ਹੈ ਕਿ ਜੋ ਵੀ ਬਚਨ ਉਸ ਦੇ ਮੁਖ ਤੋਂ ਨਿਕਲੇ ਉਹ ਸੱਚ ਦਾ ਬਚਨ ਹੋਵੇ। ਅਕਾਰਥ ਬਚਨ ਸਤਿਸੰਗ ਵਿਚ ਨਾ ਕਹੇ। ਸਰੋਤਿਆਂ ਦੀ ਅਵਸਥਾ ਦੇ ਮੁਤਾਬਿਕ ਕਰਮ, ਉਪਾਸਨਾ ਤੇ ਗਿਆਨ ਦੀ ਗੱਲ ਕਰੇ। ਸ਼ਬਦ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਨਾਲ ਵਖਿਆਨ ਕਰ ਸਕਦਾ ਹੋਵੇ, ਨਿਰਣੇ ਕਰ ਕਰ ਕੇ ਅਰਥ ਸੁਣਾਉਂਦਾ ਹੋਵੇ।

ਛੇਵਾਂ ਗੁਣ ਇਹ ਹੋਇਆ ਕਰਦਾ ਹੈ ਕਿ ਜੋ ਵੀ ਸੰਸਾ ਕਥਾ ਵਿਚ ਉਪਜਦਾ ਪ੍ਰਤੀਤ ਦੇਵੇ ਉਸ ਨੂੰ ਬਹੁਤ ਸਾਰੀਆਂ ਉਦਾਹਰਨਾਂ ਦੇ ਕੇ ਨਵਿਰਤ ਕਰੇ, ਕੋਈ ਪ੍ਰਸ਼ਨ ਕਰੇ ਤਾਂ ਉਸ ਨੂੰ ਉਤਰ ਦੇਣ ਦੀ ਪੂਰੀ ਜਾਚ ਹੋਵੇ। ਸਬਦ ਦੇ ਆਸ਼ੇ ਨੂੰ ਪੂਰੀ ਤਰ੍ਹਾਂ ਨਿਖਾਰ ਕੇ ਵਰਨਣ ਕਰ ਸਕਦਾ ਹੋਵੇ ਅਤੇ ਉਸ ਦੇ ਸਪਸ਼ਟੀਕਰਨ ਵਿਚ ਪੁਰਾਤਨ ਸਾਖੀਆਂ ਜਾਂ ਮਹਾਂਪੁਰਸ਼ਾਂ ਦੇ ਦਿਤੇ ਹੋਏ ਪ੍ਰਮਾਣ ਦੇ ਕੇ ਨਿਰਣਾ ਕਰੇ। ਸਰੋਤੇ ਦੀ ਬੁੱਧੀ ਦਾ ਅਨੁਮਾਨ ਲਾ ਕੇ ਉਸੇ ਤਰ੍ਹਾਂ ਦੇ ਪ੍ਰਮਾਣ ਦੇਵੇ, ਇਹ ਨਾ ਹੋਵੇ ਕਿ ਸ਼ਰੋਤਾ ਸਮਝ ਨਾ ਸਕਦਾ ਹੋਵੇ ਅਤੇ ਉਹ ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰੀ ਜਾਵੇ। ਜਿਸ ਤਰ੍ਹਾਂ ਦੀ ਬੁੱਧੀ ਨੂੰ ਸ਼ਰੋਤਾ ਜਾਣਦਾ ਹੈ ਉਸ ਤਰ੍ਹਾਂ ਦੇ ਦ੍ਰਿਸ਼ਟਾਂਤ ਦੇਵੇ। ਸਾਰੇ ਮਤਾਂ ਦਾ ਪੂਰੀ ਤਰ੍ਹਾਂ ਜਾਣੂੰ ਹੋਵੇ। ਸ਼ਾਸਤਰਾਂ ਦੇ ਝਗੜੇ-ਝੇੜੇ, ਤਰਕ-ਵਿਤਰਕ ਦਾ ਪੂਰਾ ਜਾਣੂ ਹੋਵੇ। ਕਿਸੇ ਮਤ ਉਪਰ ਤਰਕ ਨਾ ਕਰੇ ਅਤੇ ਓਨਾਂ ਹੀ ਬਚਨ ਉਸ ਸਾਸ਼ਤਰ ਵਿਚੋਂ ਲਵੇ ਜਿੰਨਾ ਆਪ ਦੇ ਸਿਧਾਂਤ ਨਾਲ ਰਲਦਾ ਹੋਵੇ। ਅੱਠਵਾਂ ਗੁਣ ਇਹ ਹੈ ਕਿ ਕਥਾ ਵਿਚ ਵਿਖਸ਼ੇਪਤਾ ਨਾ ਪੈਦਾ ਹੋਣ ਦੇਵੇ। ਜੋ ਕਥਾ ਦਾ ਪ੍ਰਸੰਗ ਚਲ ਰਿਹਾ ਹੈ ਉਸ ਮੁਤਾਬਿਕ ਹੀ ਬਚਨ ਕਰੇ। ਚਲਦੇ ਪ੍ਰਸੰਗ ਨੂੰ ਛੱਡ ਕੇ ਹੋਰ-ਹੋਰ ਗੱਲਾਂ ਜਿਹੜੀਆਂ ਇਸ ਪ੍ਰਸੰਗ ਨਾਲ ਸਬੰਧ ਨਹੀਂ ਰਖਦੀਆਂ, ਨਾ ਕਰੇ। ਦੂਸਰੇ ਮਤਾਂ ਦੀ ਉਹ ਸਾਖੀ ਲਵੇ ਜਿਹੜੀ ਗੁਰ ਸਿਧਾਂਤ ਨਾਲ ਰਲਦੀ ਮਿਲਦੀ ਹੋਵੇ ਅਤੇ ਆਸ਼ੇ ਨੂੰ ਸਮਝਣ ਵਿਚ ਸਹਾਇਤਾ ਕਰੇ। ਨੌਵਾਂ ਹੈ ਕਿ ਜੋ ਬੁਲਾਰੇ ਦਾ ਆਸਣ ਹੋਵੇ ਉਹ ਬਿਲਕੁਲ ਦੋਸ਼ ਰਹਿਤ ਹੋਵੇ। ਰੀੜ ਦੀ ਹੱਡੀ ਨੂੰ ਸਿੱਧਾ ਕਰਕੇ ਬੈਠੇ, ਉਸੇ ਤਰ੍ਹਾਂ ਮਨ ਨੂੰ ਵੀ ਬਹੁਤ ਸਰਲ ਰੱਖੇ। ਦਸਵਾਂ ਗੁਣ ਇਹ ਹੁੰਦਾ ਹੈ ਕਿ ਜੋ ਸੰਗਤ ਬੈਠੀ ਹੈ ਉਨ੍ਹਾਂ ਨੂੰ ਪ੍ਰਸੰਨ ਕਰਨ ਦੇ ਬਚਨ ਵੀ ਸਮੇਂ-ਸਮੇਂ ਸਿਰ ਸੁਣਾਵੇ, ਉਹ ਅਜਿਹੇ ਬਚਨ ਹੋਣ ਕਿ ਉਨ੍ਹਾਂ ਦਾ ਰੰਗ, ਉਨ੍ਹਾਂ ਦੇ ਭਾਵ ਗੁਰੂ ਨਾਲ ਪਿਆਰ ਪੈਦਾ ਕਰਨ। ਇਸ ਤਰ੍ਹਾਂ ਨਾਲ ਸਾਰੀ ਸਭਾ ਨੂੰ ਵਸ ਵਿਚ ਕਰੇ। ਇਸ ਗੱਲ ਨੂੰ ਜਾਣਦਾ ਹੋਵੇ ਕਿ ਸਰੋਤੇ ਸਨਮੁਖ ਸਾਵਧਾਨ ਹੋਏ ਸੁਣ ਰਹੇ ਹਨ ਕੋਈ ਇਧਰ ਉਧਰ ਨਾ ਝਾਕਦਾ ਹੋਵੇ। ਸਰੋਤੇ ਇਸ ਗੱਲ ਦੀ ਪ੍ਰਤੀਕਸ਼ਾ ਕਰਦੇ ਹੋਣ ਕਿ ਅੱਗੇ ਕੀ ਦਸੇਗਾ? ਉਸ ਵਿਚ ਅਭਿਮਾਨ ਨਾ ਹੋਵੇ ਕਿ ਮੈਂ ਬਹੁਤ ਚੰਗਾ ਬੋਲ ਰਿਹਾ ਹਾਂ ਤੇ ਸਰੋਤੇ ਮੈਨੂੰ ਸੁਣ ਰਹੇ ਹਨ। ਹਰ ਕਿਸਮ ਦਾ ਅਭਿਮਾਨ ਖਤਮ ਕਰਕੇ ਮਨ ਨੂੰ ਨੀਵਾਂ ਰੱਖੇ। ਆਪਣੇ ਵਿਚ ਗੁਣ ਹੁੰਦੇ ਹੋਏ ਵੀ ਮਨ ਨੀਵਾਂ ਰੱਖ ਕੇ ਅਭਿਮਾਨ ਵਿਚ ਨਾ ਆਵੇ, ਕਿਸੇ ਦਾ ਦਿਲ ਛੋਟਾ ਨਾ ਕਰੇ। ਜਾਣ ਕੇ ਕੋਈ, ਕਿਸੇ ਨੂੰ ਸਨਮੁਖ ਰੱਖ ਕੇ ਕੋਈ ਤਰਕ ਨਾ ਕਰੇ। ਆਪਣਾ ਜੀਵਨ ਪੂਰੀ ਤਰ੍ਹਾਂ ਨਾਲ ਧਾਰਮਕ ਹੋਵੇ, ਸਰੋਤਿਆਂ ਵਿਚ ਉਸ ਦੇ ਬਚਨ ਸੁਣਨ ਲਈ ਸ਼ਰਧਾ ਹੋਵੇ। ਤੇਰ੍ਹਵਾਂ ਗੁਣ ਹੁੰਦਾ ਹੈ ਕਿ ਜੋ ਬਚਨ ਕਰੇ ਉਹ ਪਹਿਲਾਂ ਆਪ ਕਮਾ ਕੇ ਅਨੁਭਵ ਪ੍ਰਾਪਤ ਕਰਕੇ ਫੇਰ ਬਚਨ ਕਰੇ। ਚੌਦਵਾਂ ਵੱਡਾ ਗੁਣ ਸੰਤੋਖ ਧਾਰਨ ਦਾ ਹੁੰਦਾ ਹੈ, ਆਪਣੀ ਪਰਾਲਬਧ ਉਪਰ ਸ਼ਾਕਰ ਰਹੇ। ਅਜਿਹਾ ਢੰਗ ਨਾ ਵਰਤੇ ਕਿ ਸ਼ਰੋਤਿਆਂ ਤੋਂ ਆਪਣੇ ਲਈ ਪੈਸੇ ਹਾਸਲ ਕਰੇ। ਸਹਿਜ ਨਾਲ ਹੀ ਕੋਈ ਜੇ ਬਾਣੀ ਦੀ ਕਦਰ ਕਰਦਾ ਹੋਇਆ ਭੇਟਾ ਕਰਦਾ ਹੈ ਤਾਂ ਉਹ ਲੈ ਲਵੇ। ਬਿਨਾਂ ਯਾਚਨਾ ਜੋ ਕੁਝ ਮਿਲਦਾ ਹੈ ਉਹ ਅੰਮ੍ਰਿਤ ਵਰਗਾ ਹੁੰਦਾ ਹੈ। ਮਨ ਵਿਚ ਯਾਚਨਾ ਨਾ ਕਰੇ ਕਿ ਮੈਨੂੰ ਵਧੇਰੇ ਧਨ ਮਿਲੇ, ਵਸਤਰ ਮਿਲੇ। ਸੋ ਇਹ 14 ਗੁਣ ਵਕਤੇ ਵਿਚ ਹੋਣੇ ਜ਼ਰੂਰੀ ਹਨ। ਸੰਖੇਪ ਵਿਚ ਮੈਂ ਫੇਰ ਦਸਦਾ ਹਾਂ ਕਿ 1. ਰਸੀਲੀ ਸੁਰ ਨਾਲ ਬੋਲ ਸਕਦਾ ਹੋਵੇ 2. ਸਰੋਤਿਆਂ ਦੀ ਰੁਚੀ ਅਨੁਸਾਰ ਵਿਸਥਾਰ ਨਾਲ ਸਮਝਾ ਸਕਣ ਵਾਲਾ ਹੋਵੇ 3. ਲੋੜ ਅਨੁਸਾਰ ਸੰਖੇਪ ਕਰ ਸਕਣਾ 4. ਦਿਲ ਲੁਭਾਉਣ ਵਾਲੀਆਂ ਕਥਾਵਾਂ ਕਹਿਣੀਆਂ 5. ਸਪਸ਼ਟ ਵਾਕ ਬੋਲਣੇ, 6. ਸੰਸਿਆਂ ਨੂੰ ਦੂਰ ਕਰ ਸਕਣ ਦੀ ਯੋਗਤਾ ਹੋਵੇ 7. ਸਾਰੇ ਸ਼ਾਸਤਰਾਂ ਦਾ ਜਾਣੂੰ ਹੋਵੇ, 8. ਕਥਾ ਦੇ ਪਰਸੰਗ ਵਿਚ ਚਲ ਰਹੇ ਪ੍ਰਸੰਗ ਵਿਚ ਉਲਟੇ ਪ੍ਰਮਾਣ ਨਾ ਦੇਵੇ। 9. ਸਹੀ ਆਸਣ, ਸੋਹਣਾ ਲਗਣ ਵਾਲਾ ਆਸਣ ਕਰੇ। ਐਵੇਂ ਅੱਖਾਂ, ਨੱਕ, ਕੰਨ ਵਿਚ ਉਂਗਲੀਆਂ ਨਾ ਮਾਰੇ, ਸਿਰ ਤੇ ਹੱਥ ਹੀ ਨਾ ਫੇਰੀ ਜਾਵੇ, ਨਾ ਬੇਮਤਲਬੇ ਇਸ਼ਾਰੇ ਕਰੇ, ਸੋਹਣੀ ਤਰ੍ਹਾਂ ਸਿੱਧਾ ਬੈਠਣਾ। 10. ਸ਼ਰੋਤਿਆਂ ਦੇ ਮਨ ਨੂੰ ਪ੍ਰਸੰਨ ਕਰੇ। 11. ਸਭਾ ਨੂੰ ਜਿੱਤਣਾ, 12. ਹੰਕਾਰ ਰਹਿਤ ਹੋਵੇ, 13. ਧਾਰਮਕ ਖਿਆਲਾਂ ਵਾਲਾ ਹੋਵੇ, ਕਹਿਣੀ ਤੇ ਕਰਨੀ ਵਿਚ ਭੇਤ ਨਾ ਹੋਵੇ। ਸੁਣੇ ਸੁਣਾਏ, ਦੂਜਿਆਂ ਦੇ ਕਹੇ ਹੋਏ ਬਚਨ ਨਾ ਸੁਣਾਵੇ। 14.ਵੱਡਾ ਗੁਣ ਮਨ ਸੰਤੋਖੀ ਹੋਵੇ, ਮਾਇਆ ਵਲ ਧਿਆਨ ਨਾ ਦੇਵੇ।

ਇਸੇ ਪ੍ਰਕਾਰ ਸ਼ਰੋਤੇ ਦੇ ਵੀ 14 ਗੁਣ ਹੋਇਆ ਕਰਦੇ ਹਨ। ਸ਼ਰੋਤੇ ਵਿਚ ਮਨ ਬਚਨ ਕਰਮ ਤੋਂ ਵਕਤੇ ਲਈ ਸ਼ਰਧਾ ਹੋਣੀ ਜ਼ਰੂਰੀ ਹੈ। ਦੂਸਰਾ ਸ਼ਰੋਤੇ ਵਿਚ ਹੰਕਾਰ ਨਹੀਂ ਹੋਣਾ ਚਾਹੀਦਾ। ਤੀਜਾ ਸੁਣਨ ਵਿਚ ਪੂਰੀ ਲਗਨ, ਪ੍ਰੀਤ ਹੋਣੀ ਚਾਹੀਦੀ ਹੈ। ਚੌਥਾ ਕੁਤਰਕ ਮਨ ਵਿਚ ਨਹੀਂ ਹੋਣੀ ਚਾਹੀਦੀ। ਪੰਜਵਾਂ ਚੰਚਲ ਨਾ ਹੋਵੇ, ਸਰੀਰ ਨਾਲ, ਬਚਨਾਂ ਨਾਲ ਚਤੁਰਾਈ ਨਾ ਕਰੇ। ਵਕਤਾ ਦੇ ਵਖਿਆਨ ਨੂੰ ਸਮਝਣ ਵਾਲਾ ਹੋਵੇ, ਮਨ ਨੂੰ ਇਕਾਗਰ ਕਰਕੇ ਸੁਣਨ ਵਾਲਾ ਹੋਵੇ। ਛੇਵਾਂ ਉਸ ਵਿਚ ਇਹ ਕਾਬਲੀਅਤ ਹੋਵੇ ਕਿ ਸਤਿਸੰਗ ਵਿਚ ਸੁਣੇ ਬਚਨਾਂ ਲਈ ਪ੍ਰਸ਼ਨ ਕਰਨ ਦਾ ਗੁਣ ਵੀ ਹੋਵੇ। ਸੱਤਵਾਂ ਸਾਰੇ ਗ੍ਰੰਥਾਂ ਨੂੰ ਉਸਨੇ ਸੁਣਿਆ ਹੋਵੇ। ਅੱਠਵਾਂ ਆਲਸੀ ਨਾ ਹੋਵੇ, ਰੀੜ ਦੀ ਹੱਡੀ ਸਿੱਧੀ ਕਰਕੇ, ਜਾਂ ਨੇਤਰ ਬੰਦ ਕਰਕੇ ਫੁਰਨੇ ਰਹਿਤ ਹੋ ਕੇ ਸੁਣੇ ਜਾਂ ਨੇਤਰ ਵਕਤੇ ਦੇ ਚਿਹਰੇ ਉਤੇ ਕੇਂਦਰਤ ਹੋਣ। ਨੌਵਾਂ ਜਦੋਂ ਉਹ ਸੁਣ ਰਿਹਾ ਹੋਵੇ ਉਸ ਵੇਲੇ ਨੀਂਦ ਤੇ ਆਲਸ ਨੂੰ ਨੇੜੇ ਨਾ ਆਉਣ ਦੇਵੇ। ਦਸਵਾਂ ਉਸ ਦਾ ਸੁਭਾਅ ਐਸਾ ਹੋਣਾ ਚਾਹੀਦਾ ਹੈ ਕਿ ਵੰਡ ਕੇ ਖਾਣ ਵਾਲਾ ਹੋਵੇ। ਗਿਆਰ੍ਹਵਾਂ ਜੋ ਕੁਝ ਸਤਿਸੰਗ ਵਿਚ ਸੁਣੇ ਉਸ ਨੂੰ ਮਨ ਵਿਚ ਧਾਰਨ ਕਰੇ। ਬਾਰ੍ਹਵਾਂ ਗੁਰਮਤਿ ਸਿਧਾਂਤ ਤੋਂ ਕਿਸੇ ਤਰ੍ਹਾਂ ਵਿਰੋਧੀ ਨਾ ਹੋਵੇ ਜਿਵੇਂ ਕਿ ਉਸ ਨੇ ਸੁਣਿਆ ਹੈ ਕਿ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ –

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਪੰਨਾ - 10***

ਇਸ ਉਪਰ ਆਪਣੀ ਮਤ ਦੀ ਕੁਤਰਕ ਨਾ ਕਰੇ। ਇਸ ਨੂੰ ਪੂਰਨ ਸਤਿ ਬਚਨ ਸਮਝ ਕੇ ਆਪਣੇ ਜੀਵਨ ਵਿਚ ਅਪਣਾਵੇ। ਸਤਿਗੁਰੂ ਦੇ ਬਚਨਾਂ ਉਪਰ ਮਨ ਵਿਚ ਕੁਤਰਕ ਨਾ ਹੋਵੇ। ਤੇਰ੍ਹਵਾਂ ਗੁਣ ਜੋ ਬਹੁਤ ਜ਼ਰੂਰੀ ਹੈ ਉਹ ਹੈ ਸੰਗਤ ਵਿਚ ਬਦਬੂਦਾਰ ਕਪੜੇ ਪਹਿਨ ਕੇ, ਬਿਨਾਂ ਇਸ਼ਨਾਨ ਕਰੇ ਨਾ ਜਾਵੇ। ਯਥਾਸ਼ਕਤ ਸਾਫ ਸੁਥਰੇ ਵਸਤਰ ਪਹਿਨ ਕੇ ਜਾਵੇ, ਉਬਾਸੀਆਂ ਨਾ ਲਵੇ, ਪੇਟ ਸਾਫ ਕਰਕੇ ਆਵੇ, ਗੰਦੀ ਹਵਾ ਨਾ ਛੱਡੀ ਜਾਵੇ। ਇਧਰ ਉਧਰ ਦੇਖਣ ਵਾਲਾ ਨਾ ਹੋਵੇ, ਵਕਤਾ ਦੇ ਬਚਨਾਂ ਨੂੰ ਪੂਰੀ ਤਰ੍ਹਾਂ ਧਿਆਨ ਨਾਲ ਸੁਣਨ ਵਾਲਾ ਹੋਵੇ। ਚੌਦਵਾਂ - ਸ਼ਰੋਤਾ ਕਿਸੇ ਤਰ੍ਹਾਂ ਦਾ ਪਾਖੰਡ ਨਾ ਕਰੇ ਜਿਵੇਂ ਕਿ ਕਿਤੇ ਬਹੁਤ ਪਿਆਰ ਵਾਲੀ ਕਥਾ ਹੋ ਰਹੀ ਹੈ ਉਸ ਦੇ ਅੰਦਰ ਦੀ ਭਾਵਨਾ ਤਾਂ ਜਾਗੀ ਨਹੀਂ ਪਰ ਅੱਖਾਂ ਵਿਚ ਜਲ ਦੀ ਧਾਰ ਕੱਢ ਕੇ ਦੂਜਿਆਂ ਨੂੰ ਆਪਣੇ ਵਲ ਆਕਰਸ਼ਿਤ ਕਰੇ। ਜਦੋਂ ਸ਼ਰੋਤਾ ਤੇ ਵਕਤਾ ਵਿਚ ਯਥਾਸ਼ਕਤ ਲੋੜੀਂਦੇ ਗੁਣ ਹੋਣ ਤਾਂ ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਜਦੋਂ ਤੱਕ ਇਹ 28 ਗੁਣ ਆਪਸੀ ਮੇਲ ਨਹੀਂ ਕਰਦੇ ਓਨਾ ਚਿਰ ਜੋ ਸਤਿਸੰਗ ਦਾ ਮਹਾਨ ਮਹਾਨ ਫਲ ਹੈ ਉਹ ਅਸੀਂ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਾਂ।

ਥੋੜ੍ਹਾ ਜਿਹਾ ਭੇਤ ਹੈ - ਇਸ ਗੱਲ ਦਾ। ਸੋ, ਆਪ ਸਾਰੇ ਬਹੁਤ ਦੇਰ ਤੋਂ ਸਤਿਸੰਗ ਕਰ ਰਹੇ ਹੋ ਪਰ ਜੇ ਜੀਵਨ ਦੇ ਅੰਦਰ, ਸਾਵਧਾਨੀ ਨਾ ਵਰਤੀ ਜਾਵੇ, ਆਦਮੀ ਮਿਹਨਤ ਬਹੁਤ ਕਰਦੈ ਪਰ ਉਹਦਾ ਨਤੀਜਾ ਓਨਾ ਨਹੀਂ ਨਿਕਲਦਾ। ਜਿਸ ਤਰ੍ਹਾਂ ਇਕ ਕਿਸਾਨ ਹੈ, ਉਹਦੇ ਕੋਲ ਜ਼ਮੀਨ ਹੈ, ਖੇਤੀ ਕਰਦੈ। ਉਹਨੂੰ ਇਹ ਨਾ ਪਤਾ ਹੋਵੇ ਕਿ ਕਿਹੜੀ ਨੁੱਕਰ ਦੇ ਵਿਚ ਕਿੰਨੀ ਡੂੰਘਾਈ ਦੇ ਉਤੇ ਦਾਣਾ ਪਾਉਣੈ ਤੇ ਖਾਦ ਕਿਸ ਤਰ੍ਹਾਂ ਦੇ ਨਾਲ ਪਾਉਣੀ ਹੈ, ਖਾਦ ਦਾਣੇ ਨੂੰ ਛੂਹਣੀ ਚਾਹੀਦੀ ਹੈ ਕਿ ਦਾਣੇ ਤੋਂ ਵੱਖਰੀ ਅਛੋਹ ਚਾਹੀਦੀ ਹੈ; ਉਸ ਤੋਂ ਬਾਅਦ ਉਹਨੂੰ ਪਤਾ ਹੋਵੇ ਕਿ ਸੁਹਾਗਾ ਕਿੰਨਾ ਕੁ ਮਾਰਨੈ, ਕਿੰਨਾ ਭਾਰੀ ਸੁਹਾਗਾ ਦੇਣੈ, ਪਾਣੀ ਕਦੋਂ ਲਾਉਣੈ, ਖਾਦ ਕਦੋਂ ਪਾਉਣੀ ਹੈ, ਕਿਹੜੇ-ਕਿਹੜੇ ਦਿਨ ਇਹਦਾ ਨਦੀਨ ਕੱਢਣੈ; ਪੂਰੀ ਫਸਲ ਲਏਗਾ। ਜਿਹੜੇ ਕਿਸਾਨ ਨੂੰ ਨਾ ਵੱਤ ਦਾ ਪਤੈ, ਨਾ ਖਾਦ ਪਾਉਣ ਦਾ ਪਤੈ, ਨਾ ਹੋਰ ਵੱਤਰਾਂ ਨੂੰ ਜਾਣਦੈ; ਬਹੁਤਾ ਪਾਣੀ ਜੇ ਚੇਤ ਦੇ ਮਹੀਨੇ ਕਣਕਾਂ ਨੂੰ ਦੇ ਦਿਓ, ਕਣਕਾਂ ਹੁੱਲ ਜਾਇਆ ਕਰਦੀਐਂ। ਫਸਲ ਚਾਹੇ ਕਿੱਡੀ ਓ ਚੰਗੀ ਹੋਵੇ, ਅੱਧਾ ਝਾੜ ਰਹਿ ਜਾਇਆ ਕਰਦੈ। ਧਾਨਾਂ ਦੀ ਫਸਲ ਹੈ, ਇਹਦੇ ਵਿਚ ਯੂਰੀਆ ਵੱਧ ਪਾ ਦਿਤਾ ਤਾਂ ਕਾਲਾ ਨਜ਼ਰ ਆਏਗਾ, ਦਿਲ ਬੜਾ ਖੁਸ਼ ਹੋਏਗਾ ਪਰ ਜਦ ਫਲ ਤੇ ਆਏਗਾ ਤਾਂ ਉਸ ਵੇਲੇ ਚੌਥਾ ਹਿੱਸਾ ਫਲ ਵੀ ਨਹੀਂ ਨਿਕਲਦਾ, ਖੜ੍ਹਾ ਝਾਕੀ ਜਾਂਦੈ ਖੇਤ ਵਲ ਬਈ ਇਹ ਕੀ ਹੋ ਗਿਆ? ਸਾਰਿਆਂ ਨਾਲੋਂ ਵਧੀਆ ਮੇਰੀ ਫਸਲ ਸੀ, ਸਾਰੇ ਦੇਖ ਦੇਖ, ਖੜ੍ਹ-ਖੜ੍ਹ ਜਾਂਦੇ ਸੀ। ਨਾਲ ਦਾ ਕਮਜ਼ੋਰ ਇਰਾਦੇ ਵਾਲਾ ਕਹਿੰਦੈ, "ਨਹੀਂ ਬਈ, ਤੇਰੀ ਫਸਲ ਤਾਂ ਵਧੀਆ ਸੀ, ਤੂੰ ਇਹਦੇ ਤੇ ਕਾਲੀ ਤੋੜੀ ਨਹੀਂ ਬੰਨ੍ਹੀਂ, ਨਜ਼ਰ ਲਗ ਗਈ ਕਿਸੇ ਦੀ। ਹੁੰਦਾ ਕੀ ਹੈ, ਨਜ਼ਰ-ਨੁਜ਼ਰ ਨਹੀਂ ਹੁੰਦੀ, ਉਹਨੇ ਯੂਰੀਆ ਬਹੁਤਾ ਪਾ ਦਿਤਾ। ਉਹਦੇ ਨਾਲ ਫਸਲ ਇਕ ਦਮ ਜ਼ੋਰ ਫੜ ਕੇ ਜਦ ਬੀਜ ਉਤੇ ਆਈ, ਉਸ ਵੇਲੇ ਉਹ ਹੁੱਲ ਗਈ ਤੇ ਉਹਨੂੰ ਬਿਮਾਰੀ ਲਗ ਗਈ। ਸੋ ਮਿਹਨਤ ਵਿਚ ਕੋਈ ਕਸਰ ਨਹੀਂ ਹੈ, ਕਸਰ ਕਿਸ ਚੀਜ਼ 'ਚ ਹੈ ਕਿ ਪੂਰੀ ਵਿਧੀ ਦਾ ਪਤਾ ਨਹੀਂ ਸੀ, ਪੂਰਾ ਗਿਆਨ ਨਹੀਂ ਸੀ। ਸੋ, ਇਸੇ ਤਰ੍ਹਾਂ ਸਾਰੀ ਦੁਨੀਆਂ ਦੇ ਕੰਮ - ਕੋਈ ਇੰਡਸਟਰੀ ਲਾ ਲਓ, ਕੋਈ ਟ੍ਰਾਂਸਪੋਰਟ ਦਾ ਕੰਮ ਕਰ ਲਓ, ਕੋਈ ਬਿਜਨਸ ਕਰ ਲਓ, ਜੇ ਪੂਰੀ ਵਿਧੀ ਨਾ ਆਉਂਦੀ ਹੋਵੇ, ਤਾਂ ਆਦਮੀ ਪੂਰਾ ਨਤੀਜਾ ਨਹੀਂ ਕੱਢ ਸਕਦਾ, ਪੈਸਾ ਵੀ ਭਾਵੇਂ ਉਹ ਲਾਈ ਜਾਵੇ।

ਇਕ ਪ੍ਰੇਮੀ ਮੇਰੇ ਕੋਲ ਆਇਆ, ਕਹਿੰਦਾ, "ਜੀ! ਮੈਂ ਕਾਰੀਗਰ ਬਹੁਤ ਹਾਂ, ਲੋਕ ਇਸ ਗੱਲ ਦੀ ਦਾਦ ਦਿੰਦੇ ਨੇ; ਮੇਰੇ ਹੱਥਾਂ ਦੇ ਕੀਤੇ ਹੋਏ ਕੰਮ ਦੇ ਮੁਕਾਬਲੇ ਤੇ ਹੋਰ ਕੋਈ ਨਹੀਂ ਕਰ ਸਕਦਾ ਪਰ ਫੇਰ ਵੀ ਕੀ ਵਜਹ ਹੈ ਕਿ ਮੇਰੇ ਕੋਲ ਗਾਹਕ ਕਿਉਂ ਘੱਟ ਆਉਂਦੇ ਨੇ, ਅਣਜਾਣ ਬੰਦਿਆਂ ਕੋਲ ਕਿਉਂ ਜ਼ਿਆਦਾ ਜਾਂਦੇ ਨੇ?" ਉਹ ਦੇ ਚਿਹਰੇ ਵੱਲ ਦੇਖਿਆ, ਮੈਂ ਕਿਹਾ, "ਬੇਟਾ! ਸ਼ੁਕਰ ਹੈ ਤੇਰੇ ਕੋਲ ਆ ਜਾਂਦੇ ਨੇ, ਤੇਰੇ ਕੋਲ ਤਾਂ ਕੋਈ ਵੀ ਨਹੀਂ ਆਉਣਾ ਚਾਹੀਦਾ।" ਕਹਿੰਦਾ, "ਜੀ ਕੀ ਗੱਲ? ਮੈਂ ਕਿਹਾ, "ਤੇਰਾ ਮੱਥਾ ਐਨਾ ਘੁੱਟਿਆ ਹੋਇਐ, ਅੱਖਾਂ ਤੇਰੀਆਂ ਐਨੀਆਂ ਘੁਮੰਡ ਵਿਚ ਨੇ ਕਿ ਮੈਂ ਬਹੁਤ ਵੱਡਾ ਕੰਮ ਜਾਣਦਾਂ, ਗਾਹਕ ਦੇਖ ਕੇ ਹੀ ਡਰ ਜਾਂਦੇ ਨੇ; ਫੇਰ ਤੇਰੀਆਂ ਗਾਹਕ ਬੀਬੀਆਂ ਨੇ, ਉਹ ਤਾਂ ਉਈਂ ਨਹੀਂ ਕਿਸੇ ਦੁਕਾਨ ਵਿਚ ਵੜਦੀਆਂ; ਤੂੰ ਆਪਣੇ ਆਪ ਨੂੰ ਠੀਕ ਕਰ, smiling face (ਮੁਸਕਰਾਹਟ ਵਾਲਾ ਚਿਹਰਾ) ਲਿਆ, ਗੱਲ ਕਰਨ ਦੀ ਜਾਚ ਸਿੱਖ। ਫੇਰ ਤੇਰੇ ਕੋਲ ਸਭ ਕੁਛ ਆ ਜਾਏਗਾ।

ਸੋ, ਇਸ ਤਰ੍ਹਾਂ ਦੁਨੀਆਂ ਦਾ ਕੋਈ ਕੰਮ ਕਰ ਲਓ, ਭਜਨ ਬੰਦਗੀ ਕਰ ਲਓ, ਸਤਿਸੰਗ ਕਰ ਲਓ, ਇਹਦੇ ਵਿਚ proper (ਠੀਕ) ਵਿਧੀ ਹੋਇਆ ਕਰਦੀ ਹੈ। ਜਦ ਤਕ ਪੂਰੀ ਵਿਧੀ ਦੇ ਨਾਲ ਸਤਿਸੰਗ ਨਹੀਂ ਹੁੰਦਾ, ਓਨੀ ਦੇਰ ਤਕ ਪੂਰਾ ਲਾਭ ਨਹੀਂ ਉਠਾਇਆ ਜਾ ਸਕਦਾ। ਜਿਹੜੇ ਕਰ ਲੈਂਦੇ ਨੇ ਉਹ ਬਹੁਤ ਛੇਤੀ ਤਰੱਕੀ ਕਰ ਜਾਂਦੇ ਨੇ। ਸਤਿਸੰਗ ਸੁਣ ਲਿਆ, ਸੁਣ ਕੇ ਮਨ ਵਿਚ ਵਸਾ ਲਿਆ ਤਾਂ ਮਹਾਰਾਜ ਫੁਰਮਾਨ ਕਰਦੇ ਨੇ -

***ਗਾਵੀਐ ਸੁਣੀਐ ਮਨਿ ਰਖੀਐ ਭਾਉ॥***
***ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਪੰਨਾ - 4***

ਦੁਖ ਤਾਂ ਉਥੇ ਹੀ ਗਿਰ ਜਾਣਗੇ ਜੇ ਤਿੰਨੇ ਚੀਜ਼ਾਂ ਕਰ ਲਈਆਂ। ਸੁਖ ਲੈ ਕੇ ਘਰ ਨੂੰ ਜਾਵਾਂਗੇ। ਜੇ ਨਾਲ ਨਿੰਦਿਆ ਲੈ ਕੇ ਗਏ, ਚੁਗਲੀਆਂ ਲੈ ਕੇ ਗਏ, ਈਰਖਾ ਤੋਂ ਮਨ ਸਾਫ ਨਹੀਂ ਹੋਇਆ। ਕੋਈ ਵਧੀਆ ਐ, ਪ੍ਰਮੇਸ਼ਰ ਨੇ ਉਚਾ ਕਰਿਐ, ਤੇ ਉਹਨੂੰ ਗਿਰਾਉਣ ਵਾਸਤੇ ਜੇ ਦਿਲ ਵਿਚ ਇਰਾਦੇ ਨੇ ਤਾਂ ਭਾਈ! ਸਤਿਸੰਗ ਨਹੀਂ ਤੂੰ ਅਜੇ ਕਰਿਆ, ਅਜੇ ਤੇਰੇ 'ਤੇ ਅਸਰ ਨਹੀਂ ਹੋਇਆ - ਸਤਿਸੰਗ ਦਾ। ਆਉਂਦਾ ਹੈ, ਠੀਕ ਹੈ, ਕੁਛ ਫਲ ਤੈਨੂੰ ਪ੍ਰਾਪਤ ਹੁੰਦੈ ਲੇਕਿਨ ਐਨੀਆਂ ਤੈਹਾਂ ਲੱਗੀਆਂ ਹੋਈਐਂ ਤੇਰੇ ਅੰਦਰ ਮੈਲ ਦੀਆਂ ਕਿ ਤੈਨੂੰ ਅਜੇ ਪ੍ਰਾਪਤੀ ਨਹੀਂ ਹੋ ਸਕਦੀ।

ਬਹੁਤ ਲੋੜ ਹੈ ਤਪ ਦੀ, ਤਪਸਿਆ ਦੀ, ਆਪਣੇ ਮਨ ਨੂੰ ਸਾਧਣ ਦੀ ਕਿਉਂਕਿ ਮਨ ਹੀ ਅਸਲੀ ਚੀਜ਼ ਹੈ। ਜਦ ਤਕ ਮਨ ਨਹੀਂ ਸਾਫ ਹੁੰਦਾ ਓਨਾ ਚਿਰ ਗੱਲ ਨਹੀਂ ਬਣਿਆ ਕਰਦੀ। ਪਹਿਲਾਂ ਮਨ ਨੂੰ ਇਹ ਪਤਾ ਹੋਵੇ ਕਿ ਮੈਂ ਕਾਹਦੇ ਵਾਸਤੇ ਸਤਿਸੰਗ 'ਚ ਜਾਨਾਂ? ਜੋ ਨਿਸ਼ਾਨਾ ਮੁਹਰੇ ਹੈ - ਨਿਸ਼ਾਨੇ ਛੋਟੇ ਭੀ ਨੇ, ਵੱਡੇ ਭੀ ਨੇ; ਉਸ ਵੇਲੇ ਜਿਹੜਾ ਵੱਡੇ ਨਿਸ਼ਾਨੇ ਲੈ ਕੇ ਆਉਂਦੈ, ਵੱਡੀਆਂ ਪ੍ਰਾਪਤੀਆਂ ਕਰਦੈ। ਜਿਹੜੇ ਛੋਟੇ ਨਿਸ਼ਾਨੇ ਲੈ ਕੇ ਆਉਂਦੇ ਨੇ ਉਨ੍ਹਾਂ ਨੂੰ ਛੋਟੀਆਂ ਪ੍ਰਾਪਤੀਆਂ ਹੁੰਦੀਆਂ ਨੇ। ਨਿਸ਼ਾਨਾ ਸਾਮ੍ਹਣੇ ਹੋਣਾ ਚਾਹੀਦੈ। ਸੋ ਮਨ ਦੀ ਓ ਗੱਲ ਹੈ ਇਸੇ ਕਰਕੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸਾਧ ਪਿਆਰਿਆ!***
***ਪਹਿਲਾਂ ਮਨ ਆਪਣੇ ਨੂੰ - 2, 4***
***ਮਨ ਆਪਣੇ ਨੂੰ, ਪਹਿਲਾਂ ਮਨ ਆਪਣੇ ਨੂੰ***
***ਸਾਧ ਪਿਆਰਿਆ!.............।***

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ।।***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ।।***
***ਪੰਨਾ - 342***

ਜੇ ਮਨ ਨੂੰ ਸੁਧਾਰ ਲਿਆ ਤਾਂ ਸੁਖ ਪ੍ਰਾਪਤ ਹੋਵੇਗਾ। ਮਨ ਬਹੁਤ ਵੱਡਾ ਮਿਤਰ ਵੀ ਹੈ, ਬਹੁਤ ਵੱਡਾ ਦੁਸ਼ਮਣ ਭੀ ਹੈ। ਜੇ ਦੁਸ਼ਮਣੀ ਤੇ ਆ ਜਾਵੇ ਤਾਂ ਮਾਨਸ ਜਨਮ ਨੂੰ ਕੌਡੀਆਂ ਦੇ ਭਾਅ ਹਾਰ ਦਿੰਦੈ। ਜੇ ਮਿਤਰਤਾ ਤੇ ਆ ਜਾਵੇ ਤਾਂ ਗਿਰੇ ਹੋਏ ਮਹਾਂ-ਪਾਪੀ ਨੂੰ ਬੈਕੁੰਠ ਧਾਮ, ਸੱਚਖੰਡ ਪਹੁੰਚਾ ਦਿੰਦੈ। ਇਹ ਸਾਰੀ ਗੱਲ ਮਨ ਦੀ ਹੈ। ਪਹਿਲੀ ਚੀਜ਼ ਹੁੰਦੀ ਹੈ ਮਨ ਦੀ - ਬੈਰਾਗ ਕਰਨਾ। ਦੁਨੀਆਂ ਤੇ ਰਹਿਣਾ ਨਹੀਂ, ਸੰਸਾਰ ਨੂੰ ਝੂਠਾ ਜਾਨਣਾ। ਛਿਨ-ਭੰਗਰ ਸੁਖ ਹੈ ਇਹਦਾ। ਛਿਨ-ਭੰਗਰ ਉਹਨੂੰ ਕਹਿੰਦੇ ਨੇ ਜਿਹੜਾ ਨਾਸ਼ ਹੋ ਜਾਵੇ, ਜੋ ਸਦਾ ਨਹੀਂ ਰਿਹਾ ਕਰਦਾ। ਕੋਈ ਚੀਜ਼ ਸਦਾ ਨਹੀਂ ਰਹਿੰਦੀ। ਜਿਹਦੀ ਇਹਦੇ ਨਾਲ ਪਕੜ ਪੈ ਜਾਵੇ ਉਹ ਦੁਖੀ ਹੋ ਜਾਇਆ ਕਰਦੈ, ਦੁਖੀ ਬਹੁਤ ਹੁੰਦੈ, ਕਲਪਣਾ ਆ ਜਾਂਦੀ ਐ, ਆਪਣਾ ਮਾਨਸ ਜਨਮ ਹਾਰ ਦਿੰਦੈ। ਸੋ, ਜਿਹੜਾ ਮਨ ਹੈ ਜਦੋਂ ਇਹ ਸਾਥ ਦੇਣ ਲਗਦੈ ਤਾਂ ਸਭ ਤੋਂ ਪਹਿਲਾਂ ਬੈਰਾਗ ਵਿਚ ਆਉਂਦੈ। ਦੁਨੀਆਂ ਦੇ ਸਾਰੇ ਰਸਾਂ ਨੂੰ, ਭੋਗਾਂ ਨੂੰ, ਪ੍ਰਾਪਤੀਆਂ ਨੂੰ ਤੁਛ ਕਰਕੇ ਜਾਣਦੈ ਕਿ ਇਹ ਤਾਂ ਕੁਛ ਵੀ ਨਹੀਂ। ਜਿਨ੍ਹਾਂ ਦੇ ਮਨ ਦੇ ਅੰਦਰ ਬੈਰਾਗ ਜਾਗਿਆ, ਉਨ੍ਹਾਂ ਨੇ ਬੜਾ-ਬੜਾ ਤਿਆਗ ਕੀਤਾ।

ਗੋਪੀ ਚੰਦ ਉਜੈਨ ਦਾ ਰਾਜਾ ਸੀ। ਦਸਦੇ ਨੇ ਕਿ ਉਸ ਦੀਆਂ ਜਿੰਨੀਆਂ ਰਾਣੀਆਂ ਸਨ ਉਹ ਪਦਮਣੀ ਰਾਣੀਆਂ ਸੀ। ਪਦਮਨੀ ਸੁੰਦਰੀਆਂ ਦੀ ਖਾਸ ਜ਼ਾਤ ਹੋਇਆ ਕਰਦੀ ਹੈ। ਸੌ ਰਾਣੀਆਂ ਸਨ ਉਸਦੀਆਂ, ਬਹੁਤ ਕੋਮਲ ਗੁਣਾਂ ਵਾਲੀਆਂ; ਆਗਿਆਕਾਰ, ਸਾਥ ਦੇਣ ਵਾਲੀਆਂ। ਮਾਂ ਨੇ ਇਕ ਦਿਨ ਉਪਰੋਂ ਅਚਾਨਕ ਗੋਪੀ ਚੰਦ ਨੂੰ ਵਿਹੜੇ ਵਿਚ ਥੱਲੇ ਇਸ਼ਨਾਨ ਕਰਦੇ ਦੇਖਿਆ। ਦੇਖ ਕੇ ਵਹਿਣ ਵਿਚ ਵਹਿ ਗਈ, ਰੁੜ੍ਹ ਗਈ ਵਹਿਣ 'ਚ ਕਿ ਮੇਰਾ ਪੁੱਤਰ ਕਿੰਨਾ ਸੁੰਦਰ ਹੈ, ਕਿੰਨੀ ਸੁੰਦਰ ਦੇਹ ਹੈ ਇਸ ਦੀ। ਕਿਸ ਤਰ੍ਹਾਂ ਸੋਨੇ ਵਰਗਾ ਰੰਗ ਹੈ ਇਸਦਾ ਅਤੇ ਇਕ ਦਿਨ ਆਏਗਾ। ਇਹ ਬਾਲ ਜੁਆਨੀ, ਬੁਢੇਪਾ....। ਤਿੰਨ ਅਵਸਥਾ ਸਰੀਰ ਦੀਆਂ ਹੋਇਆ ਕਰਦੀਆਂ ਨੇ ਤੇ ਹੁਣ ਭਰ ਜੁਆਨੀ ਦੇ ਵਿਚ ਹੈ, ਤੇ ਜੁਆਨੀ ਲੰਘਦੀ ਤੁਰੀ ਜਾ ਰਹੀ ਹੈ ਤੇ ਇਹਨੂੰ ਕਿਸੇ ਰੋਜ਼ ਬੁਢੇਪੇ ਨੇ ਚੱਕ ਮਾਰ ਕੇ ਖਾਣਾ ਸ਼ੁਰੂ ਕਰ ਦੇਣੈ। ਅਖੀਰ ਜੁਆਨੀ ਦਾ ਨਾਂ-ਨਿਸ਼ਾਨ ਨਹੀਂ ਰਹਿਣ ਦੇਣਾ, ਖਤਮ ਕਰ ਦੇਣਾ ਹੈ। ਬਚਪਨ ਨੂੰ ਜੁਆਨੀ ਖਾ ਜਾਂਦੀ ਹੈ, ਜੁਆਨੀ ਨੂੰ ਬੁਢੇਪਾ ਖਾ ਜਾਂਦੈ ਤੇ ਫੇਰ ਇਕ ਦਿਨ ਆਉਣੈ ਜਦੋਂ ਇਹ ਨੇ ਸੰਸਾਰ ਤੋਂ ਜਾਣੈ ਤੇ ਇਸ ਦੀ ਅਰਥੀ ਜਾ ਰਹੀ ਹੋਵੇਗੀ ਤੇ ਇਹ ਸੁੰਦਰ ਦੇਹ ਜਿਹੜੀ ਬੜੇ ਪਿਆਰ ਦੇ ਨਾਲ ਮੈਂ ਪਾਲੀ ਹੈ ਤੇ ਐਸੀ ਬਣਾਉਣ ਦੇ ਵਿਚ ਸਹਾਇਤਾ ਕਰੀ ਹੈ, ਇਹ ਅੱਗ ਦੇ ਵਿਚ ਰੱਖੀ ਜਾਣੀ ਹੈ ਤੇ ਅੱਗ ਨੇ ਜਾਲ ਕੇ ਇਸ ਨੂੰ ਸੁਆਹ ਕਰ ਦੇਣੈ, ਇਹ ਦਾ ਨਾਂ-ਨਿਸ਼ਾਨ ਖਤਮ ਹੋ ਜਾਣੈ। ਇਹ ਗੱਲਾਂ ਜਿਥੇ ਦਿਮਾਗ ਦੇ ਅੰਦਰ ਆ ਰਹੀਆਂ ਨੇ, ਓਥੇ ਨਾਲ ਹੀ ਉਸ ਨੂੰ ਇਹਦਾ scene (ਦ੍ਰਿਸ਼) ਵੀ ਦਿਸ ਰਿਹਾ ਸੀ, ਇਹਦੀ ਚਿਖਾ ਬਲਦੀ ਨਜ਼ਰ ਆ ਰਹੀ ਸੀ ਤੇ ਭੁੱਲ ਗਈ ਆਪਣੇ ਆਪ ਵਿਚ। ਉਸੇ ਗੱਲ ਵਿਚ ਲੀਨ ਹੋ ਗਈ, ਬੈਰਾਗ ਆਇਆ, ਹੰਝੂਆਂ ਦਾ ਜੋ ਵਹਾਓ ਹੈ ਉਸਨੂੰ ਰੋਕ ਨਾ ਸਕੀ ਤੇ ਅੱਖਾਂ ਵਿਚੋਂ ਹੰਝੂ ਗਿਰਨ ਲੱਗੇ। ਗੋਪੀ ਚੰਦ ਹੇਠਾਂ ਇਸ਼ਨਾਨ ਕਰਦਾ ਸੀ, ਗਰਮ ਪਾਣੀ ਇਹਦੀ ਪਿੱਠ ਤੇ ਗਿਰਿਆ, ਬਾਰ-ਬਾਰ ਕਤਰੇ ਗਿਰਦੇ ਨੇ ਹੰਝੂਆਂ ਦੇ ਤੇ ਇਹ ਬੇਸੁਧ ਹੋਈ ਬੈਠੀ ਹੈ। ਬਾਲਕੋਨੀ ਤੋਂ ਹੇਠਾਂ ਨੂੰ ਝੁਕੀ ਹੋਈ ਹੈ। ਉਸ ਵੇਲੇ ਗੋਪੀ ਚੰਦ ਨੇ ਉਪਰ ਨੂੰ ਦੇਖਿਆ ਕਿ ਮਾਂ ਕਿਉਂ ਰੋ ਰਹੀ ਐ? ਐਨੇ ਹੰਝੂ ਆ ਰਹੇ ਨੇ ਕਿ ਇਕ ਦੇ ਪਿਛੋਂ ਦੂਜਾ, ਦੂਜੇ ਪਿਛੋਂ ਤੀਜਾ। ਛੇਤੀ-ਛੇਤੀ ਇਸ਼ਨਾਨ ਕਰਕੇ ਉਤੇ ਗਿਆ, ਮਾਂ ਨੂੰ ਬੁੱਕਲ ਵਿਚ ਲਿਆ; ਕਹਿਣ ਲੱਗਿਆ, "ਮਾਤਾ! ਐਨਾ ਦੁਖ ਤੇਰੇ ਅੰਦਰ ਛੁਪਿਆ ਪਿਐ, ਕੀ ਮੇਰੇ ਤੋਂ ਕੋਈ ਗੁਨਾਹ ਹੋ ਗਿਆ, ਕੋਈ ਗਲਤੀ ਹੋ ਗਈ? ਕਿਸੇ ਰਾਣੀ ਨੇ ਗਲਤੀ ਕਰ ਦਿਤੀ? ਕਿਸੇ ਸੇਵਕ ਨੇ ਕਰ ਦਿਤੀ? ਮੈਨੂੰ ਦੱਸ, ਮੈਂ ਛੇਤੀ ਤੋਂ ਛੇਤੀ ਇਸ ਗੱਲ ਦਾ ਨਿਰਣਾ ਕਰਨੈਂ।"

ਮਾਂ ਕਹਿਣ ਲੱਗੀ, "ਬੇਟਾ! ਕਿਸੇ ਨੇ ਕੁਛ ਨਹੀਂ ਕਿਹਾ।"

"ਫੇਰ ਇਸ ਤਰ੍ਹਾਂ ਹੰਝੂਆਂ ਦੀ ਝੜੀ ਕਿਉਂ ਲੱਗੀ ਹੈ?"

"ਪੁੱਤਰ! ਮੈਂ ਕੀ ਦੱਸਾਂ? ਮੈਂ ਭਵਿੱਖ ਵਾਚ ਰਹੀ ਸੀ। ਮਾਨਸ ਜਨਮ ਦੀ ਤੈਨੂੰ ਪ੍ਰਾਪਤੀ ਹੋਈ ਹੈ ਤੇ ਇਹ ਮਾਨਸ ਜਨਮ ਨੂੰ ਸਾਰੇ ਦਸਦੇ ਨੇ -

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।***
***ਪੰਨਾ - 1366***

ਇਹ ਐਨਾ ਕੀਮਤੀ ਹੈ ਕਿ ਇਕ ਵਾਰੀ ਹੱਥੋਂ ਨਿਕਲ ਗਿਆ ਫੇਰ ਇਹ ਮੁੜ ਕੇ ਮਿਲਦਾ ਨਹੀਂ ਹੈ। ਸਾਰੇ ਧਰਮ ਗ੍ਰੰਥ ਇਸ ਤਰ੍ਹਾਂ ਨਾਲ ਫੁਰਮਾਉਂਦੇ ਹਨ -

***ਧਾਰਨਾ - ਵੱਡਿਆਂ ਭਾਗਾਂ ਨਾਲ ਮਿਲ ਗਈ***
***ਮਾਨਸ ਦੇਹੀ-ਮਾਨਸ ਦੇਹੀ - 2***
***ਮਾਨਸ ਦੇਹੀ-ਮਾਨਸ ਦੇਹੀ - 2***
***ਭਾਗ ਵੱਡੇ ਤਾਂ ਮਿਲ ਗਈ,............।***

ਬਹੁਤ ਮੁਸ਼ਕਲ ਦੇ ਨਾਲ 83,99,999 ਜੂਨਾਂ ਲੰਘਣ ਤੋਂ ਬਾਅਦ, ਕਰੋੜਾਂ ਸਾਲ ਦੀਆਂ ਬਹੁਤ ਤਕਲੀਫਾਂ ਤੋਂ ਬਾਅਦ ਇਹ ਮਨੁੱਖ ਦਾ ਜਾਮਾ ਇਸ ਜੀਵਆਤਮਾ ਦੇ ਹੱਥ ਆਇਆ

ਹੈ। ਇਹ ਵਾਰੀ ਹੁੰਦੀ ਹੈ ਵਾਹਿਗੁਰੂ ਨੂੰ ਮਿਲਣ ਦੀ –

*ਭਈ ਪਰਾਪਤਿ ਮਾਨੁਖ ਦੇਹੁਰੀਆ।।*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ – 12*

ਬੇਟਾ! ਭੋਗਾਂ ਦੇ ਅੰਦਰ, ਫਿੱਕੇ ਰਸਾਂ ਦੇ ਅੰਦਰ ਲਗ ਕੇ ਬਤੀਤ ਹੋ ਜਾਂਦੀ ਹੈ ਤੇ ਇਕ ਦਿਨ ਬੁਢੇਪਾ ਆ ਜਾਏਗਾ ਤੇ ਬੁਢੇਪੇ ਤੋਂ ਬਾਅਦ ਮੌਤ ਆ ਜਾਏਗੀ ਤੇ ਮੌਤ ਤੋਂ ਬਾਅਦ ਇਹ ਸਾਂਭਿਆ ਹੋਇਆ ਸੋਹਣਾ ਸਰੀਰ ਇਹ ਨਾਲ ਨਹੀਂ ਜਾਣਾ, ਅੱਗ ਦੇ ਵਿਚ ਭਸਮ ਹੋ ਜਾਣੈ। ਦੌਲਤ, ਰਾਣੀਆਂ ਕਿਸੇ ਨੇ ਸਾਥ ਨਹੀਂ ਦੇਣਾ। ਬੇਟਾ! ਤੇਰਾ ਕਿੰਨਾ ਸੁੰਦਰ ਸਰੀਰ ਐ ਪਰ ਇਕ ਦਿਨ ਇਸ ਨੇ ਖਾਕ ਦੀ ਮੁੱਠੀ ਬਣ ਜਾਣੈ, ਉਹ ਭੀ ਹਵਾ ਨੇ ਉਡਾ ਦੇਣੀ ਐ, ਕਿਤੇ ਨਾਂ-ਨਿਸ਼ਾਨ ਨਹੀਂ ਰਹਿਣਾ; ਹੱਡੀਆਂ ਪਾਣੀ ਨੇ ਰੋੜ੍ਹ ਕੇ ਲੈ ਜਾਣੀਆਂ ਨੇ। ਇਹ ਸੁੰਦਰ ਚਿਹਰਾ, ਸੁੰਦਰ ਸਰੀਰ ਮੁੜ ਨਜ਼ਰ ਨਹੀਂ ਆਉਣਾ।

ਗੋਪੀ ਚੰਦ ਗੰਭੀਰ ਹੋ ਗਿਆ। ਕਹਿਣ ਲੱਗਿਆ, "ਮਾਂ! ਫੇਰ ਮੈਂ ਕੀ ਕਰਾਂ?" ਕਹਿਣ ਲੱਗੀ, "ਬੇਟਾ! ਕਿਸੇ ਪੂਰਨ ਤੱਤ ਬੇਤੇ ਮਹਾਂਪੁਰਸ਼ ਨੂੰ ਮਿਲ। ਉਸ ਤੋਂ ਪੁਛ ਕਿ ਅਬਿਨਾਸ਼ੀ ਪਦ ਕਿਵੇਂ ਪ੍ਰਾਪਤ ਹੁੰਦੈ, ਜਿਥੇ ਜਾ ਕੇ ਬੰਦਾ ਦੁਬਾਰਾ ਜਨਮ ਮਰਨ ਵਿਚ ਨਹੀਂ ਆਇਆ ਕਰਦਾ। ਜਿਥੇ ਸਦਾ ਦੀ ਜ਼ਿੰਦਗੀ ਪ੍ਰਾਪਤ ਕਰਕੇ ਅਬਿਨਾਸ਼ੀ ਪਦ ਤੇ ਪਹੁੰਚ ਕੇ ਮਹਾਨ ਸੁਖ ਦੀ ਪ੍ਰਾਪਤੀ ਕਰਦੈ। ਸੋ ਬੇਟਾ! ਇਸ ਦੇ ਵਾਸਤੇ ਮਾਨਸ ਜਨਮ ਸਾਨੂੰ ਮਿਲਿਐ।"

ਸੁਣਦੇ ਸਾਰ ਗੋਪੀ ਚੰਦ ਨੂੰ ਬੈਰਾਗ ਲਗ ਗਿਆ। ਉਸ ਵੇਲੇ ਇਕ ਮਹਾਤਮਾ ਆਏ ਹੋਏ ਸੀ, ਜਲੰਧਰੀ ਉਨ੍ਹਾਂ ਦਾ ਨਾਉਂ ਸੀ। ਉਨ੍ਹਾਂ ਕੋਲ ਜਾ ਕੇ ਗੋਪੀਚੰਦ ਨੇ ਜੋਗ ਲਿਆ ਤੇ ਉਸੇ ਵੇਲੇ ਰਾਜ ਭਾਗ ਛੱਡ ਕੇ ਚਲਿਆ ਗਿਆ। ਇਸਨੂੰ ਬੈਰਾਗ ਕਹਿੰਦੇ ਨੇ। ਇਹ ਜ਼ਰੂਰੀ ਨਹੀਂ ਕਿ ਅਸੀਂ ਘਰ ਬਾਰ ਛੱਡ ਕੇ ਚਲੇ ਜਾਈਏ ਲੇਕਿਨ ਸਾਡਾ ਮਨ ਮੰਨ ਜਾਵੇ ਕਿ ਦੁਨੀਆਂ ਦੇ ਭੋਗ ਇਹ ਸਾਡੇ ਰਸਤੇ ਦੇ ਅੰਦਰ ਬੜੀ ਭਾਰੀ ਰੁਕਾਵਟ ਨੇ।

ਜਦੋਂ ਬੈਰਾਗ ਲਗਦੈ ਫੇਰ ਦੂਸਰੀ ਅਵਸਥਾ ਆਉਂਦੀ ਹੈ – ਸੁਣਨ ਦੀ। ਫੇਰ ਇਹ ਸੁਣਦੈ, ਪੂਰੇ ਧਿਆਨ ਦੇ ਨਾਲ ਸੁਣਦੈ। ਮਨ ਨੂੰ ਇਕ ਸਕਿੰਟ ਵਾਸਤੇ ਵੀ ਐਧਰ ਓਧਰ ਹਿੱਲਣ ਨਹੀਂ ਦਿੰਦਾ ਕਿ ਕਿਤੇ ਕੋਈ ਬਚਨ ਨਾ ਲੰਘ ਜਾਵੇ। ਫੇਰ ਉਹਨੂੰ ਹਿਰਦੇ ਵਿਚ ਧਾਰਨ ਕਰਦੈ। ਇਹ ਨਹੀਂ ਕਿ ਸੁਣ ਕੇ ਭੁੱਲ ਜਾਂਦੈ। ਭੁਲਦਾ ਹੈ ਕੱਚਿਆ ਬੰਦਿਆਂ ਦੇ, ਪੱਕਿਆਂ ਨੂੰ ਨਹੀਂ ਭੁੱਲਿਆ ਕਰਦਾ। ਉਹ ਤਾਂ ਸੋਚੀ ਜਾਂਦੇ ਨੇ ਕਿ ਕੀ ਕਿਹਾ ਸੀ ਕਿਉਂਕਿ ਗੁਰਬਾਣੀ ਜਿਹੜੀ ਹੈ ਇਹ ਸਾਨੂੰ ਰਸਤਾ ਦਿਖਾਉਂਦੀ ਹੈ। ਫੇਰ ਜੋ ਸੁਣਿਆ ਹੈ ਉਹਨੂੰ ਮੰਨਦੇ ਨੇ। ਜਦੋਂ ਮੰਨਦੇ ਨੇ ਫੇਰ ਗੱਲ ਸ਼ੁਰੂ ਹੋ ਜਾਂਦੀ ਹੈ –

*ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥*
*ਮੰਨੈ ਤਰੈ ਤਾਰੇ ਗੁਰੁ ਸਿਖ।। ਮੰਨੈ ਨਾਨਕ ਭਵਹਿ ਨ ਭਿਖ॥*
*ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥*
*ਪੰਨਾ – 3*

ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਸਤਿਸੰਗ ਕਰਦੇ ਹਾਂ, ਇਹਦੇ ਵਿਚ ਮੈਂ ਉਪਰ ਬੇਨਤੀ ਕੀਤੀ ਹੈ ਕਿ 14 ਗੁਣ ਹੋਇਆ ਕਰਦੇ ਨੇ ਬੋਲਨ ਵਾਲੇ 'ਚ। ਬੋਲਣ ਵਾਲੇ ਵਿਚ ਹੋਣ ਦਸ ਗੁਣ ਹੋਣ, ਚਾਰ ਨਾ ਹੋਣ; ਨਹੀਂ ਅਸਰ ਹੋਇਆ ਕਰਦਾ, ਚੌਦਾਂ ਦੇ ਚੌਦਾਂ ਗੁਣ ਜ਼ਰੂਰੀ ਨੇ। ਜੇ ਇਕ ਤਾਰ ਕੰਮ ਨਾ ਕਰੇ, ਉਥੇ ਹੀ ਮਸ਼ੀਨ ਖਰਾਬ ਹੋ ਕੇ ਚਲਦੀ ਨਹੀਂ, ਇਵੇਂ ਜਿਵੇਂ ਸ੍ਰੋਤੇ ਵਿਚ ਚੌਦਾਂ ਗੁਣ ਚਾਹੀਦੇ ਹਨ। ਜਦ ਤਕ ਇਹ 28 ਤਾਰਾਂ ਨਹੀਂ ਜੁੜਦੀਆਂ, ਓਨੀ ਦੇਰ ਤਕ ਅਸਰ ਨਹੀਂ ਹੋਇਆ ਕਰਦਾ। ਸੋ ਜਦੋਂ ਇਹ ਜੁੜਦੀਆਂ ਨੇ, ਉਸ ਵੇਲੇ ਅਸੀਂ ਪੂਰੀ ਤਰ੍ਹਾਂ ਸਾਵਧਾਨ ਹੁੰਦੇ ਹਾਂ ਤੇ ਬਾਣੀ ਫੇਰ ਬਾਣ ਮਾਰਦੀ ਐ ਹਿਰਦੇ ਵਿਚ; ਘਾਇਲ ਕਰਦੀ ਚਲੀ ਜਾਂਦੀ ਹੈ, ਇਰਾਦੇ ਬਣਦੇ ਜਾਂਦੇ ਨੇ। ਸੋ, ਫੇਰ ਸਤਿਸੰਗ ਦਾ ਪੂਰਾ-ਪੂਰਾ ਲਾਹਾ ਪ੍ਰਾਪਤ ਹੁੰਦੈ।

ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਮੋਦੀ ਦੀ ਕ੍ਰਿਤ ਕਰ ਰਹੇ ਹਨ। ਅਜੇ ਆਪ ਨੇ ਸੰਸਾਰ ਦੇ ਉਧਾਰਨ ਦਾ ਕੰਮ ਸ਼ੁਰੂ ਨਹੀਂ ਕੀਤਾ ਤੇ ਆਪ ਜੀ ਦਾ ਜੋ ਰੋਜ਼ ਦਾ ਜੀਵਨ ਸੀ ਅੰਮ੍ਰਿਤ ਵੇਲੇ ਉਠ ਕੇ ਵੇਈਂ ਨਦੀ ਦੇ ਜਲ ਵਿਚ ਇਸ਼ਨਾਨ ਕਰਨਾ, ਉਸ ਤੋਂ ਬਾਅਦ ਵੇਈਂ ਨਦੀ ਦੇ ਕੰਢੇ ਤੇ ਹੀ ਬੈਠ ਕੇ ਆਪ ਨੇ ਸਮਾਧੀ ਸਥਿਤ ਹੋ ਜਾਣਾ, ਦਿਨ ਚੜ੍ਹੇ ਘਰ ਆਉਣਾ, ਕੁਛ ਥੋੜ੍ਹਾ ਬਹੁਤ ਛਕ ਕੇ ਕਾਰੋਬਾਰ ਤੇ ਚਲੇ ਜਾਣਾ ਤੇ ਉਸ ਤੋਂ ਬਾਅਦ ਉਥੇ ਡਿਊਟੀ ਦੇਣੀ ਤੇ ਸ਼ਾਮ ਨੂੰ ਆ ਕੇ ਬਹੁਤ ਸਾਰੇ ਸਾਧੂ, ਮਹਾਂਪੁਰਸ਼ ਬੰਦਗੀ ਕਰਨ ਵਾਲੇ ਜਗਿਆਸੂ ਦਰਸ਼ਨਾਂ ਨੂੰ ਆਏ ਹੁੰਦੇ; ਉਥੇ ਫਿਰ ਆਪ ਨੇ ਕੀਰਤਨ ਕਰਨਾ, ਉਸ ਤੋਂ ਬਾਅਦ ਵਿਚਾਰ ਕਰਨੀ। ਇਸੇ ਤਰ੍ਹਾਂ ਵੱਡੀ ਰਾਤ ਤਕ ਬਚਨ ਬਿਲਾਸ ਹੁੰਦੇ ਰਹਿਣੇ ਤੇ ਰੋਜ਼ ਦਾ ਹੀ ਪ੍ਰੋਗਰਾਮ ਇਸ ਤਰ੍ਹਾਂ ਸੀ ਤੇ ਨਾਲ ਦੀ ਨਾਲ ਜਿਹੜੀਆਂ ਵਿਛੜੀਆਂ ਹੋਈਆਂ ਰੂਹਾਂ ਸਨ ਉਨ੍ਹਾਂ ਨੂੰ ਪ੍ਰੇਰਨਾ ਕਰਕੇ ਆਪਣੇ ਕੋਲ ਬੁਲਾ ਲੈਂਦੇ ਸਨ ਤੇ ਜੇ ਲੋੜ ਹੁੰਦੀ ਆਪ ਵੀ ਚਲੇ ਜਾਂਦੇ ਸਨ।

ਅੱਜ ਆਪ ਅੰਮ੍ਰਿਤ ਵੇਲੇ ਉਠੇ ਤੇ ਇਕ ਬ੍ਰਿਹੋਂ ਭਰੀ, ਤਰਲੇ ਭਰੀ ਪ੍ਰਾਰਥਨਾ ਸੁਣੀ। ਕੋਈ ਰੂਹ ਵਿਲਕ ਰਹੀ ਹੈ, ਮੇਰਾ ਰਸਤਾ ਬੜਾ ਗਲਤ ਹੈ ਜੋ ਕੁਛ ਮੰਗਿਆ ਜਾ ਰਿਹਾ ਹੈ ਉਹ ਕੁਛ ਮਿਲ ਨਹੀਂ ਰਿਹਾ ਕਿਉਂਕਿ ਧੇਅ ਸਾਮ੍ਹਣੇ ਗਲਤ ਹੈ। ਜਿਹਦੇ ਕੋਲ ਟਾਰਚ ਨਾ ਹੋਵੇ, ਉਸ ਵੇਲੇ ਕੋਈ ਉਸ ਪਾਸੋਂ ਇਹ ਚੀਜ਼ ਮੰਗੀ ਜਾਵੇ, ਉਹ ਦੇ ਨਹੀਂ ਸਕਦਾ। ਸੋ ਮਹਾਰਾਜ ਨੇ ਦੇਖਿਆ ਕਿ ਇਕ ਜਗਿਆਸੂ ਪੂਰਾ ਹੈ ਪਰ ਰਸਤਾ ਨਹੀਂ ਮਿਲ ਰਿਹਾ, ਹਨ੍ਹੇਰੇ ਵਿਚ ਹਾਕਾਂ ਮਾਰ ਰਿਹਾ ਹੈ। ਉਸ ਵੇਲੇ ਆਪ ਕਾਰੋਬਾਰ ਤੋਂ ਵਿਹਲੇ ਹੋ ਕੇ ਦੂਸਰੇ ਦਿਨ 'ਮਲਸੀਹਾਂ' ਚਲੇ ਗਏ, ਨੇੜੇ ਹੀ ਸੀ। ਉਥੇ ਜਾ ਕੇ ਆਪ ਨੇ ਸਤਿਸੰਗ ਕਰਿਆ। ਉਸੇ ਇਲਾਕੇ ਦਾ ਇਕ ਚੌਧਰੀ ਸੀ ਜਿਸ ਦਾ ਨਾਉਂ ਭਗੀਰਥ ਸੀ, ਉਸ ਨੇ ਵੀ ਸੁਣਿਆ ਕਿ ਕੋਈ ਮਹਾਂਪੁਰਸ਼ ਆਏ ਨੇ ਤੇ ਉਨ੍ਹਾਂ ਦੇ ਬਚਨਾਂ ਵਿਚ ਤਾਸੀਰ ਹੈ। ਜੋ ਕੋਈ ਉਨ੍ਹਾਂ ਦੇ ਬਚਨ ਸੁਣਦੈ ਉਹ ਮਸਤ ਹੋ ਜਾਂਦੈ ਤੇ ਅੰਦਰ ਕੋਈ ਭਾਵ ਪ੍ਰਗਟ ਹੋ ਜਾਂਦੇ ਨੇ ਤੇ ਨਵਾਂ ਚਿਹਰਾ ਹੋ ਜਾਂਦੈ ਤੇ ਨਵੀਂ

ਉਹਦੀ ਗੱਲ ਬਾਤ ਹੋ ਜਾਂਦੀ ਹੈ। ਦਿਨ ਰਾਤ ਲੰਘ ਗਏ ਮੈਨੂੰ ਰੋਂਦੇ ਨੂੰ। ਮੇਰੀਆਂ ਪੁਕਾਰਾਂ ਸੁਣ ਕੇ ਰਾਤ ਸੁਪਨੇ ਵਿਚ ਦੇਵੀ ਮਾਤਾ ਨੇ ਗੁਰੂ ਨਾਨਕ ਜੀ ਦਾ ਪਤਾ ਦੱਸਿਆ ਕਿ ਜਿਸ ਚੀਜ਼ ਦਾ ਤੂੰ ਲੋੜਵੰਦ ਹੈਂ ਉਹ ਮੇਰੇ ਪਾਸ ਨਹੀਂ ਹੈ, ਉਹ ਗੁਰੂ ਨਾਨਕ ਜੀ ਪਾਸ ਹੈ ਜੋ ਸੁਲਤਾਨਪੁਰ ਵਿਚ ਅਜੇ ਗੁਪਤ ਰਹਿ ਕੇ ਮੋਦੀ ਦਾ ਕੰਮ ਕਰ ਰਹੇ ਹਨ। ਹੋਵੇ ਨਾ ਤਾਂ ਮੈਂ ਉਨ੍ਹਾਂ ਦੇ ਕੋਲ ਜਾ ਕੇ ਬੇਨਤੀ ਕਰਾਂ ਤੇ ਉਹ ਮੇਰੀ ਸਹਾਇਤਾ ਕਰਨ।

ਸ਼ਾਮ ਨੂੰ ਭਾਈ ਭਗੀਰਥ ਉਥੇ ਆ ਗਿਆ ਜਿਥੇ ਗੁਰੂ ਨਾਨਕ ਪਾਤਸ਼ਾਹ ਠਹਿਰੇ ਹੋਏ ਸਨ। ਉਥੇ ਇਸ ਨੇ ਬਚਨ ਸੁਣੇ, ਉਸ ਤੋਂ ਬਾਅਦ ਗਿਆਰ੍ਹਾਂ ਵਜੇ ਸਾਰੇ ਹੀ ਥੋੜ੍ਹੀ ਦੇਰ ਵਾਸਤੇ ਬਿਰਾਜੇ ਤੇ ਡੇਢ ਵਜੇ ਫੇਰ ਉਠ ਕੇ ਇਸ਼ਨਾਨ ਕੀਤਾ। ਸੋ ਚੌਧਰੀ ਭਗੀਰਥ ਵਾਸਤੇ ਇਹ ਨਵੀਂ ਕ੍ਰਿਆ ਸੀ। ਹੁਣ ਤਾਂ ਸਾਡੇ ਵਾਸਤੇ ਵੀ ਨਵੀਂ ਚੀਜ਼ ਹੈ ਕਿਉਂਕਿ ਅਸੀਂ ਅੰਮ੍ਰਿਤ ਵੇਲੇ ਨੂੰ ਸੰਭਾਲਣ ਤੋਂ ਹਟ ਗਏ। ਮਹਾਰਾਜ ਕਹਿੰਦੇ, "ਜਿਹੜਾ ਅੰਮ੍ਰਿਤ ਵੇਲਾ ਹੁੰਦੈ, ਜਿਥੇ ਵੀ ਹੋਵੇ, ਜਿਸ ਦੇਸ਼ ਵਿਚ ਵੀ ਹੋਵੇ ਉਹ ਐਸਾ ਟਾਇਮ ਹੁੰਦੈ ਕਿ ਉਹ ਵੇਲਾ ਬ੍ਰਹਮ ਮਹੂਰਤ ਅਖਵਾਉਂਦੈ ਤੇ ਬਹੁਤ ਸਾਰੇ ਮਹਾਤਮਾ ਇਹ ਕਹਿੰਦੇ ਨੇ ਕਿ ਰੂਹਾਨੀਅਤ ਦੀ ਬਖਸ਼ਿਸ਼ ਦਾ ਦਰਵਾਜ਼ਾ ਅੰਮ੍ਰਿਤ ਵੇਲੇ ਖੁਲ੍ਹਿਆ ਕਰਦੈ –

*ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥*
*ਪੰਨਾ – 1384*

ਜਿਹੜੇ ਜਾਗਦੇ ਨੇ ਉਹ ਦਾਤਾਂ ਲੈ ਲੈਂਦੇ ਨੇ। ਸੋ, ਉਨ੍ਹਾਂ ਦੇ ਮਨ ਵਿਚ ਚਾਅ ਹੁੰਦੈ –

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥*
*ਪੰਨਾ – 146*

ਉਨ੍ਹਾਂ ਦੇ ਅੰਦਰ ਖਿਆਲ ਪੈਦਾ ਹੁੰਦੈ ਕਿ ਇਹ ਮੰਜਾ ਚੰਗਾ ਨਹੀਂ ਲਗਦਾ ਕਿਉਂਕਿ ਚਾਓ ਹੁੰਦੈ ਕਿ ਛੇਤੀ-ਛੇਤੀ ਉਠ ਕੇ ਨਾਮ ਦਾ ਧਨ ਇਕੱਠਾ ਕਰੀਏ, ਪ੍ਰਭੂ ਪਿਆਰ ਦੇ ਵਿਚ ਜਾਈਏ। ਸੋ, ਉਸ ਵੇਲੇ ਉਨ੍ਹਾਂ ਦੇ ਮਨ ਵਿਚ ਚਾਓ ਉਠਦੈ –

*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥*
*ਪੰਨਾ – 146*

ਉਨ੍ਹਾਂ ਦਾ ਪਿਆਰ ਦਰਿਆਵਾਂ ਨਾਲ ਪੈਂਦੈ। ਦੋ ਕਿਸਮ ਦੇ ਦਰਿਆ ਹੁੰਦੇ ਨੇ – ਇਕ ਤਾਂ ਜਿਸ ਥਾਂ ਦੇ ਉਤੇ ਜਾ ਕੇ ਇਸ਼ਨਾਨ ਕੀਤਾ ਜਾਵੇ। ਦੂਸਰਾ ਦਰਿਆ ਹੁੰਦੈ ਜਿਵੇਂ ਤੁਸੀਂ ਬੈਠੇ ਹੋ, ਇਹ ਸਤਿਸੰਗ ਰੂਪੀ ਦਰਿਆ ਵਹਿ ਰਿਹੈ। ਇਹਦੇ ਵਿਚ ਮਨ ਦਾ ਇਸ਼ਨਾਨ ਹੁੰਦੈ। ਦੂਸਰੇ ਦਰਿਆ ਵਿਚ, ਪਾਣੀ ਦੇ ਵਿਚ ਸਰੀਰ ਦਾ ਇਸ਼ਨਾਨ ਹੁੰਦੈ। ਸੋ ਮਨ ਤੇ ਸਰੀਰ ਦੋਨਾਂ ਦਾ ਇਸ਼ਨਾਨ ਜ਼ਰੂਰੀ ਹੋਇਆ ਕਰਦੈ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ – 305*

ਅੰਮ੍ਰਿਤਸਰ ਦੇ ਅੰਦਰ, ਸਤਿਸੰਗ ਦੇ ਸਰੋਵਰ ਦੇ ਅੰਦਰ ਮਨ ਦਾ ਇਸ਼ਨਾਨ ਕਰਾਉਣੈ ਤੇ ਪਾਣੀ ਦੇ ਨਾਲ ਤਨ ਦਾ ਇਸ਼ਨਾਨ ਕਰਾਉਣੈ। ਸੋ, ਉਸ ਵੇਲੇ ਦੀ ਬਾਬਤ ਇਸ ਤਰ੍ਹਾਂ ਦੇ ਨਾਲ ਫੁਰਮਾਨ ਆਉਂਦੈ –

*ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ – 2, 2*
*ਕੋਈ ਜਾਗਦੇ ਨੇ ਰਾਮ ਪਿਆਰੇ – 2*
*ਅੰਮ੍ਰਿਤ ਵੇਲੇ ਓ..............।*

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ ਪੰਨਾ – 459*

ਤਾਰੇ ਚਮਕ ਰਹੇ ਨੇ, ਟਿਕਾਓ ਹੋਇਆ ਹੋਵੇ, ਸਾਰਾ ਵਾਤਾਵਰਨ ਸ਼ਾਂਤ ਹੋਇਆ ਹੋਵੇ, ਕੋਈ ਰੌਲਾ-ਗੌਲਾ ਨਹੀਂ, ਉਸ ਵੇਲੇ 'ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ' ਕੌਣ ਜਾਗਦੇ ਨੇ? ਜਿਨ੍ਹਾਂ ਦੇ ਹਿਰਦੇ ਪ੍ਰਭੂ ਦੇ ਪਿਆਰ ਨੇ ਵਿੰਨ੍ਹ ਦਿਤੇ ਹਨ, ਦੂਜੇ ਨਹੀਂ ਜਾਗਦੇ–

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਸੋ ਇਸ ਤਰ੍ਹਾਂ ਦੇ ਨਾਲ ਅੰਮ੍ਰਿਤ ਵੇਲੇ ਜਾਗ ਉਹਨੂੰ ਆਉਂਦੀ ਹੈ ਜਿਹਦੇ ਮਨ ਵਿਚ ਪ੍ਰਭੂ ਦਾ ਪਿਆਰ ਹੋਇਆ ਕਰਦੈ, ਖਿੱਚ ਹੋਇਆ ਕਰਦੀ ਹੈ, ਦੂਸਰੇ ਨੂੰ ਨਹੀਂ ਆਇਆ ਕਰਦੀ। ਸੋ, ਅੰਮ੍ਰਿਤ ਵੇਲੇ ਉਠੇ, ਹੋਰ ਵੀ ਜਿਹੜੇ ਪ੍ਰੇਮੀ ਗੁਰੂ ਮਹਾਰਾਜ ਕੋਲ ਜਾਇਆ ਕਰਦੇ ਸਨ, ਸਾਰੇ ਉਠੇ ਤੇ ਇਸ਼ਨਾਨ ਕਰਨ ਤੋਂ ਬਾਅਦ ਸਮਾਧੀ ਸਥਿਤ ਹੋ ਗਏ। ਦਿਨ ਚੜ੍ਹਿਆ ਤੇ ਉਸ ਵੇਲੇ ਮਹਾਰਾਜ ਜੀ ਨੇ ਬਚਨ ਕੀਤੇ ਕਿ ਸਾਧਸੰਗਤ ਜੀ! ਜੋ ਸਤਿਸੰਗ ਹੋਇਆ ਕਰਦੀ ਹੈ ਉਥੇ ਪ੍ਰਭੂ ਦੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਹੋਇਆ ਕਰਦੀ, ਝੁੰਝਲਾਹਟ ਦੀ ਬਾਤ ਨਹੀਂ ਹੋਇਆ ਕਰਦੀ, ਉਥੇ ਟਿਕਵੀਆਂ ਗੱਲਾਂ ਹੋਇਆ ਕਰਦੀਆਂ ਨੇ, ਟਿਕਾਅ ਦੀਆਂ ਬਾਤਾਂ ਹੁੰਦੀਆਂ ਨੇ, ਮਨ ਜਿਹੜਾ ਹੈ ਉਹ ਆਪਣੇ ਘਰ ਨੂੰ ਵਾਪਸ ਜਾਇਆ ਕਰਦੈ, ਬਾਹਰ ਨੱਠਣਾ ਭੱਜਣਾ ਛੱਡ ਕੇ ਅਨੰਦ ਦੇ ਘਰ ਵਿਚ ਲੀਨ ਹੋ ਜਾਇਆ ਕਰਦਾ ਹੈ। ਸੋ, ਐਸਾ ਫੁਰਮਾਨ ਹੈ ਕਿ ਉਥੇ ਸਭ ਤੋਂ ਉਤਮ ਚੀਜ਼ ਹੈ ਜਿਸ ਨੂੰ 'ਅੰਮ੍ਰਿਤ' ਕਹਿੰਦੇ ਨੇ, ਉਹ ਸਤਿਸੰਗ ਵਿਚ ਵੰਡਿਆ ਜਾਂਦੈ ਤੇ ਲੈਂਦੇ ਕੌਣ ਨੇ? ਕਹਿੰਦੇ, "ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਕ੍ਰਿਪਾ ਹੋਵੇ। ਉਹ ਆਉਂਦੇ ਨੇ ਉਠ ਕੇ ਤੇ ਆ ਕੇ ਸਤਿਸੰਗ ਕਰਦੇ ਨੇ, ਖੇਚਲਾਂ ਸਹਿ ਕੇ ਤੇ ਉਸ ਅੰਮ੍ਰਿਤ ਨੂੰ ਆਪਣੀ ਸ਼ਰਧਾ ਰੂਪੀ ਝੋਲੀ ਵਿਚ ਪੁਆ ਕੇ ਉਸ ਦਾ ਅਨੰਦ ਲੈਂਦੇ ਨੇ। ਇਸ ਤਰ੍ਹਾਂ ਫੁਰਮਾਨ ਹੈ ਪੜ੍ਹ ਲਓ –

*ਧਾਰਨਾ – ਸਤਿਸੰਗ ਵਿਚੋਂ ਓ, ਅੰਮ੍ਰਿਤ ਛਕਦੇ –2*
*ਹੁੰਦੇ ਭਾਗ ਜਿਨ੍ਹਾਂ ਦੇ ਪੂਰੇ – 2, 2.*
*ਸਤਿਸੰਗ ਵਿਚੋਂ ਓ........।*

*ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥*
*ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥*
*ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥*
*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥*

***ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥***

***ਪੰਨਾ - 146***

ਸਾਧਸੰਗਤ ਦੇ ਅੰਦਰ ਅੰਮ੍ਰਿਤ, ਨਾਮ ਰੂਪ ਅੰਮ੍ਰਿਤ, ਗਿਆਨ ਰੂਪ ਅੰਮ੍ਰਿਤ ਵੰਡਿਆ ਜਾਂਦੈ ਤੇ ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਨਦਰ ਹੋਵੇ ਉਹ ਇਸ ਅੰਮ੍ਰਿਤ ਨੂੰ ਆਪਣੇ ਹਿਰਦੇ ਵਿਚ ਗ੍ਰਹਿਣ ਕਰਦੇ ਨੇ।

ਉਥੇ ਜਿਹੜੀਆਂ ਸਰੀਰ ਦੀਆਂ ਆਪ-ਹੁਦਰੀਆਂ ਆਦਤਾਂ ਨੇ, ਮਨ ਦੀਆਂ ਆਪ ਹੁਦਰੀਆਂ ਆਦਤਾਂ ਨੇ ਉਨ੍ਹਾਂ ਨੂੰ ਕਸਿਆ ਜਾਂਦੈ ਜਿਵੇਂ ਆਹ ਢੋਲਕ ਨੂੰ ਕਸਦੇ ਨੇ ਜਦੋਂ ਢਿੱਲਾ ਬੋਲਦੈ। ਜੇ ਨਦਰ ਹੋ ਗਈ ਫੇਰ ਉਹ ਜੰਮਣ ਮਰਨ ਦੇ ਦੁਖ ਵਿਚ ਨਹੀਂ ਆਉਂਦਾ। ***'ਸਤੀ ਪਹਰੀ ਸਤੁ ਭਲਾ ਬਹੀਐ ਪੜਿਐ ਪਾਸਿ।'*** ਕਹਿੰਦੇ ਸੱਤ ਪਹਿਰਾਂ ਵਿਚ ਸਾਰਿਆਂ ਨਾਲੋਂ ਭਲੀ ਗੱਲ ਇਹ ਹੈ ਕਿ ਪੜ੍ਹਿਆਂ ਕੋਲ ਬੈਠੇ। ਕਹਿੰਦੇ, ਜੀ ਪੜ੍ਹੇ ਹੋਏ ਉਲਟੀਆਂ ਗੱਲਾਂ ਕਰਦੇ ਨੇ, Politics (ਰਾਜਨੀਤੀ) ਦੀਆਂ ਗੱਲਾਂ ਕਰਦੇ ਨੇ, ਗਲਤ ਗੱਲਾਂ ਕਰਦੇ ਨੇ, ਨਿੰਦਿਆ ਕਰਦੇ ਨੇ, ਚੁਗਲੀਆਂ ਕਰਦੇ ਨੇ। ਮਹਾਰਾਜ ਕਹਿੰਦੇ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***

***ਪੰਨਾ - 140***

ਉਨ੍ਹਾਂ ਬੰਦਿਆਂ ਕੋਲ ਨਹੀਂ ਬੈਠਣਾ ਜਿਨ੍ਹਾਂ ਦੇ ਅੰਦਰ ਕ੍ਰੋਧ ਹੈ, ਲੋਭ ਹੈ, ਅਹੰਕਾਰ ਹੈ, ਨਿੰਦਿਆ ਹੈ, ਚੁਗਲੀ ਹੈ, ਈਰਖਾ ਹੈ, ਬਖੀਲੀ ਹੈ। ਗਲਤ ਗੱਲਾਂ ਨੇ ਜਿਨ੍ਹਾਂ ਦੇ ਮਨ ਦੇ ਅੰਦਰ ਉਥੇ ਨਹੀਂ ਬੈਠਣਾ।

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***
***ਜਿਸੁ ਰਾਮ ਨਾਮੁ ਗਲਿ ਹਾਰੁ॥*** ***ਪੰਨਾ - 938***

ਜਿਹੜੇ ਸੁਆਸ-ਸੁਆਸ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਉਹ ਪੜ੍ਹੇ ਹੋਏ ਨੇ। ਕਹਿੰਦੇ, "ਮਹਾਰਾਜ! ਉਨ੍ਹਾਂ ਦਾ ਦਰਜਾ ਕੀ ਹੁੰਦੈ? ਜਿਵੇਂ ਇਥੇ ਦੁਨਿਆਵੀ ਪੜ੍ਹਾਈ ਪੜ੍ਹੇ ਹੋਏ ਪ੍ਰੋਫੈਸਰ ਲਗ ਜਾਂਦੇ ਨੇ, ਕੋਈ ਡਾਕਟਰ ਲਗ ਜਾਂਦੈ, ਇਸ ਪੜ੍ਹਾਈ ਦਾ ਪੜ੍ਹਿਆ ਹੋਇਆ ਕੀ ਹੁੰਦੈ?" ਮਹਾਰਾਜ ਕਹਿੰਦੇ -

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

***ਪੰਨਾ - 319***

ਕਹਿੰਦੇ, ਪੂਰੇ ਮਹਾਤਮਾ ਹੁੰਦੇ ਨੇ; ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ ਕਿਉਂਕਿ ਉਹ ਪੜ੍ਹੇ ਹੋਏ ਓਹੀ ਨੇ, ਬਾਕੀ ਸੰਸਾਰ ਤਾਂ ਅਨਪੜ੍ਹ ਤੁਰਿਆ ਫਿਰਦੈ ਕਿਉਂਕਿ ਇਹ ਪੜ੍ਹਾਈ ਕਿਸੇ ਕੰਮ ਦੀ ਨਹੀਂ ਹੁੰਦੀ -

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***

***ਪੰਨਾ - 467***

ਜਿਨ੍ਹਾਂ ਨੂੰ ਸੰਸਾਰ ਪੜ੍ਹਿਆ ਹੋਇਆ ਕਹਿੰਦਾ ਹੈ, ਇਹ ਹਉਮੈ ਦੇ ਝਖਣਾ ਝਾਖ ਦੇ ਵਿਚ ਪਏ ਹੋਏ ਨੇ। ਪੜ੍ਹੇ ਹੋਏ ਓਹੀ ਨੇ, ਚਾਹੇ ਉਨ੍ਹਾਂ ਨੂੰ ਇਕ ਅੱਖਰ ਨਹੀਂ ਆਉਂਦਾ, ਜਿਨ੍ਹਾਂ ਨੂੰ ਆਤਮਕ ਵਿਦਿਆ ਆ ਗਈ, ਆਪਣੇ ਸਰੂਪ ਦਾ ਗਿਆਨ ਹੋ ਗਿਆ, ਸਰੂਪ ਦੀ ਪ੍ਰਾਪਤੀ ਹੋ ਗਈ ਤੇ ਪ੍ਰਮੇਸ਼ਰ ਦੀ ਸੋਝੀ ਜਿਨ੍ਹਾਂ ਦੇ ਹਿਰਦੇ ਵਿਚ ਬੈਠ ਗਈ ਕਿ ਉਹ ਅੰਦਰ ਬਾਹਰ ਸਾਰੇ ਹੈ -

***ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਆਹ ਇਕੋ ਗੱਲ, ਜਿਹਨੇ ਪੜ੍ਹ ਲਈ ਉਹ ਨੇ ਸਭ ਕੁਛ ਪੜ੍ਹ ਲਿਆ।

ਮਹਾਰਾਜ ਕਹਿੰਦੇ ਨੇ, "ਉਹਦੀ ਸੰਗਤ ਵਿਚ ਬੈਠੋ।"

"ਕੀ ਹੋਏਗਾ ਮਹਾਰਾਜ ਉਨ੍ਹਾਂ ਤੋਂ?"

ਕਹਿੰਦੇ, "ਉਥੇ ਮਾੜੀਆਂ ਗੱਲਾਂ ਛੁਡਾ ਦਿਤੀਆਂ ਜਾਣਗੀਆਂ, ਪਾਪ ਪੁੰਨ ਦਾ ਨਿਰਣਾ ਹੋ ਜਾਏਗਾ।"

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***

***ਪੰਨਾ - 1414***

ਦੱਸ ਦੇਣਗੇ ਕਿ ਇਹ ਪਾਪ ਦੀ ਬੇੜੀ ਹੈ ਇਹ ਪੁੰਨ ਦੀ ਬੇੜੀ ਹੈ, ਨਿਸ਼ਕਾਮ ਧਰਮ ਕਰ। ਉਹਦੇ ਨਾਲ ਤੇਰੇ ਅੰਤਸ਼ਕਰਣ ਦੀ ਮੈਲ ਦੂਰ ਹੋ ਜਾਏਗੀ, ਪਾਪ ਦਾ ਰਸ ਅੰਦਰੋਂ ਘਟਣਾ ਸ਼ੁਰੂ ਹੋ ਜਾਏਗਾ। ਝੂਠ ਦੀ ਰਾਸਿ ਹਿਰਦੇ ਵਿਚੋਂ ਘਟ ਜਾਵੇਗੀ, ਮਲੀਨ ਅੰਤਸ਼ਕਰਨ ਪਵਿੱਤਰ ਹੋ ਜਾਏਗਾ, ਮੈਲ ਲਹਿ ਜਾਏਗੀ। ਜਦ ਪਵਿੱਤਰ ਹੋ ਗਿਆ, ਉਹਦੇ ਵਿਚੋਂ ਝਾਕੇਂਗਾ ਤੈਨੂੰ ਆਪਣਾ ਆਪ ਨਜ਼ਰ ਆ ਜਾਏਗਾ, ਤੇਰੇ ਅੰਦਰੋਂ ਪ੍ਰਮੇਸ਼ਰ ਨਜ਼ਰ ਆ ਜਾਏਗਾ, ਲੇਕਿਨ ਜਿਹੜੇ ਖੋਟੇ ਨੇ, ਉਹ ਨਹੀਂ ਉਥੇ ਪਹੁੰਚ ਸਕਦੇ, ਉਹ ਸੁੱਟ ਦਿਤੇ ਜਾਂਦੇ ਨੇ -

***ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥***

***ਪੰਨਾ - 146***

ਜਿਹੜੇ ਖਰੇ ਨੇ ਉਨ੍ਹਾਂ ਨੂੰ ਸ਼ਾਬਾਸ ਮਿਲਦੀ ਹੈ। ਪਾਖੰਡ ਕਰਨ ਵਾਲੇ, ਕਪਟ ਕਰਨ ਵਾਲੇ, ਧੋਖਾ ਕਰਨ ਵਾਲੇ, ਦੂਜੇ ਦਾ ਮਾਲ ਦਬਾਉਣ ਵਾਲੇ ਤੇ ਪਾਖੰਡ ਕਰਕੇ ਧਰਮੀ ਕਹਾਉਣ ਵਾਲੇ; ਕਹਿੰਦੇ ਉਹ ਇਥੇ ਧਰਮੀ ਕਹਾ ਸਕਦੇ ਨੇ ਭੇਖ ਦੀ ਆੜ ਲੈ ਕੇ, ਲੇਕਿਨ ਦਰਗਾਹ ਵਿਚ ਉਨ੍ਹਾਂ ਨੂੰ ਵਗਾਹ ਕੇ ਬਾਹਰ ਸੁਟਿਆ ਜਾਂਦੈ -

***ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥***

***ਪੰਨਾ - 146***

ਵਾਹਿਗੁਰੂ ਆਪ ਹੀ ਜਾਣਦੈ। ਜੇ ਦੁਖ ਆ ਗਿਆ, ਸੁਖ ਆ ਗਿਆ, ਮਨੁੱਖਾਂ ਦੀ ਓਟ ਲੈਂਦੈ, ਵਾਹਿਗੁਰੂ ਕੋਲ ਅਰਦਾਸ ਕਰ, ਤੇਰਾ ਰਾਖਾ ਸਾਰੇ ਦੁਖਾਂ ਦਾ ਖਾਤਮਾ ਕਰ ਦੇਵੇਗਾ। ਸੋ ਇਸ ਤਰ੍ਹਾਂ ਦੇ ਨਾਲ, ਗੁਰੂ ਨਾਨਕ ਮਹਾਰਾਜ ਦੀ ਹੋਵੇ ਸੰਗਤਿ ਸਾਧਸੰਗਤ ਜੀ, ਆਪ ਹੀ ਅੰਦਾਜ਼ਾ ਲਾਓ ਕਿਵੇਂ ਅੰਮ੍ਰਿਤ ਦੀਆਂ ਨਦੀਆਂ ਵਹਿੰਦੀਆਂ ਹੋਣਗੀਆਂ ਓਥੇ। 33 ਕਰੋੜ ਦੇਵਤਾ ਗੁਰੂ ਨਾਨਕ ਦੀ ਸੰਗਤ ਵਿਚ ਆ ਕੇ ਬਿਰਾਜਮਾਨ ਹੋਇਆ ਕਰਦੈ। ਹੋਰ ਵੀ ਬੇਅੰਤ ਮੁਕਤ ਆਤਮਾਵਾਂ, ਖੰਡਾਂ ਬ੍ਰਹਿਮੰਡਾਂ ਵਿਚੋਂ ਸੱਚਖੰਡ ਦੀਆਂ, ਕਰਮਖੰਡ ਦੀਆਂ, ਸਰਮਖੰਡ ਦੀਆਂ, ਗਿਆਨਖੰਡ ਦੀਆਂ, ਧਰਮ ਖੰਡ ਦੀਆਂ, ਆਤਮਾਵਾਂ

ਸਾਰੀਆਂ ਗੁਰੂ ਦੀ ਸੰਗਤ ਨੂੰ ਲੋਚਦੀਆਂ ਨੇ। ਕਿਉਂਕਿ ਉਨ੍ਹਾਂ ਦੇ ਕੋਲ ਇਹ ਚੀਜ਼ ਹੈ ਨਹੀਂ। ਸਤਿਸੰਗ ਜੋ ਹੈ ਉਹ ਇਥੇ ਹੀ ਹੈ, ਅੱਗੇ ਜਾ ਕੇ ਨਹੀਂ ਮਿਲਦੀ; ਅੱਗੇ ਤਾਂ ਭੋਗ ਦੁਨੀਆ ਹੈ। ਪਦਾਰਥ ਬੇਅੰਤ ਹੋਣਗੇ, ਸੁਖ ਬੇਅੰਤ ਹੋਏਗਾ ਪਰ ਆਤਮ ਰਸ ਓਥੇ ਨਹੀਂ ਹੈ। ਆਤਮ ਰਸ ਤਾਂ ਜੇ ਕਿਸੇ ਨੇ ਇਕੱਠਾ ਕਰਨੈ, ਇਥੇ ਹੀ ਹੈ ਹੋਰ ਨਹੀਂ ਕਿਤੇ ਵੀ। ਸੋ ਸਾਰੇ ਦੇਵਤੇ ਉਸ ਥਾਂ ਦੇ ਉਤੇ ਬਿਰਾਜਦੇ ਸੀ। ਬਿਰਾਜਦੇ ਹੀ ਨਹੀਂ ਸੀਗੇ, ਆਪ ਸੇਵਾ ਕਰਿਆ ਕਰਦੇ ਸੀ। ਪੂਰੇ ਮਹਾਂਪੁਰਸ਼ਾਂ ਦੀ ਸੇਵਾ ਕਰਨ ਦੇ ਨਾਲ, ਉਥੇ ਤਾਂ ਵਾਹਿਗੁਰੂ ਆਪ ਆਉਂਦੈ -

***ਸੰਤਾ ਕੇ ਕਾਰਜਿ ਆਪਿ ਖਲੋਇਆ***
***ਹਰਿ ਕੰਮੁ ਕਰਾਵਣਿ ਆਇਆ ਰਾਮ॥ ਪੰਨਾ - 783***

ਵਾਹਿਗੁਰੂ ਜੀ ਆਪ ਆਉਂਦੇ ਨੇ ਕੰਮ ਕਰਾਉਣ ਵਾਸਤੇ। ਜਿਥੇ ਪ੍ਰਮੇਸ਼ਰ ਆਏਗਾ ਸਭ ਤੋਂ ਵੱਡਾ ਉਥੇ ਫੇਰ ਇਨ੍ਹਾਂ ਛੋਟੇ ਦੇਵੀ ਦੇਵਤਿਆਂ ਦਾ ਆਉਣਾ ਤਾਂ ਇਕ ਸੁਭਾਵਿਕ ਗੱਲ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਦਾ ਦੀਵਾਨ ਲੱਗਿਆ ਹੋਇਆ ਹੈ, ਆਹੀ ਬਚਨ ਚਲ ਰਹੇ ਨੇ। ਇਕ ਸਿੰਘ ਖੜ੍ਹਾ ਹੋ ਗਿਆ ਅਤੇ ਬੇਨਤੀ ਕਰਨ ਲੱਗਿਆ, "ਪਾਤਸ਼ਾਹ! ਅਸੀਂ ਬੜੀ ਵਾਰ ਸੁਣਦੇ ਹਾਂ ਕਿ ਦੇਵਤੇ ਹੁੰਦੇ ਨੇ, ਸਤਿਸੰਗ ਵਿਚ ਆਉਂਦੇ ਨੇ। ਗੁਰੂ ਮਹਾਰਾਜ ਨੇ ਕਿਹਾ, "ਹਾਂ ਭਾਈ।" ਬਾਣੀ ਵਿਚ ਤਾਂ ਇਸ ਤਰ੍ਹਾਂ ਹੀ ਫੁਰਮਾਨ ਆਉਂਦੈ -

***ਕਹੁ ਕਬੀਰ ਇਹ ਕਹੀਐ ਕਾਹਿ॥***
***ਸਾਧਸੰਗਤਿ ਬੈਕੁੰਠੈ ਆਹਿ॥ ਪੰਨਾ - 325***

ਜਿਥੇ ਸਾਧੂ ਦੀ ਸੰਗਤ ਹੁੰਦੀ ਹੋਏਗੀ, ਪੂਰਨ ਮਹਾਂਪੁਰਸ਼ਾਂ ਦੀ ਸੰਗਤ ਹੋਏਗੀ ਉਹ ਬੈਕੁੰਠ ਧਾਮ ਹੁੰਦੈ ਤੇ ਉਥੇ ਵਾਹਿਗੁਰੂ ਜੀ ਆਪ ਆ ਜਾਂਦੇ ਨੇ। ਐਸੀ ਹੀ ਇਕ ਸਾਖੀ ਆਉਂਦੀ ਹੈ।

ਨਾਰਦਮੁਨੀ ਨੇ ਇਕ ਵਾਰੀ ਵਰਤ ਰੱਖਿਆ। ਉਹਦੇ ਮਨ 'ਚ ਫੁਰਨਾ ਆਇਆ ਕਿ ਮੈਂ ਬੈਕੁੰਠ ਧਾਮ ਵਿਚ ਵਿਸ਼ਨੂੰ ਜੀ ਪਾਸ ਜਾ ਕੇ ਜਲ ਪਾਨ ਕਰਾਂ ਯਾਨਿ ਕੁਛ ਜਲ ਛਕਾਂਗਾ, ਚੁਲੀ ਲੈ ਕੇ ਵਰਤ ਤੋੜਾਂਗਾ। ਇਹ ਜੋ ਰਿਸ਼ੀ ਹੈ ਇਹਦੇ ਬਾਰੇ ਇਸ ਤਰ੍ਹਾਂ ਦੱਸਿਆ ਜਾਂਦੈ ਕਿ ਇਹ ਜਿਥੇ ਫੁਰਨਾ ਕਰੇ, ਇਹਦੇ ਮੂਹਰੇ ਕੋਈ ਸਫਰ ਨਹੀਂ ਹੈ, ਜਿਥੇ ਦਾ ਫੁਰਨਾ ਕਰਿਆ ਉਥੇ ਪਹੁੰਚ ਜਾਂਦੈ।

ਸੋ ਨਾਰਦਮੁਨੀ ਬੈਕੁੰਠ ਧਾਮ ਵਿਚ ਪਹੁੰਚ ਗਿਆ। ਇਰਾਦਾ ਕਰਿਆ ਸੀ, ਭਗਵਾਨ ਨੂੰ ਜਾ ਕੇ ਨਮਸਕਾਰ ਕਰੀ। ਅੱਗੇ ਦੇਖਿਆ, ਪਤਾ ਲੱਗਿਆ ਕਿ ਭਗਵਾਨ ਤਾਂ ਇਥੇ ਹੈ ਨਹੀਂ। ਲੱਛਮੀ ਜੀ ਨੂੰ ਪੁਛਿਆ ਕਿ ਕਿਥੇ ਗਏ ਨੇ ਭਗਵਾਨ? ਤਾਂ ਉਸ ਨੇ ਕਿਹਾ ਕਿ ਦੱਸ ਕੇ ਨਹੀਂ ਗਏ। ਕਿਸੇ ਭਗਤ ਦੇ ਪਾਸ ਗਏ ਹੋਣੇ ਨੇ ਕਿਉਂਕਿ ਭਗਤ ਉਨ੍ਹਾਂ ਨੂੰ ਇਥੇ ਸਿੰਘਾਸਣ ਤੇ ਟਿਕਣ ਹੀ ਨਹੀਂ ਦਿੰਦੇ, ਖਿੱਚਦੇ ਹੀ ਰਹਿੰਦੇ ਨੇ, ਖਿਚਦੇ ਹੀ ਰਹਿੰਦੇ ਨੇ ਤੇ ਉਨ੍ਹਾਂ ਨੂੰ ਫੇਰ ਜਾਣਾ ਪੈਂਦੈ।

***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਪੰਨਾ - 403***

ਲੱਛਮੀ ਜੀ ਨੇ ਨਾਰਦਮੁਨੀ ਨੂੰ ਕਿਹਾ ਕਿ ਤੁਸੀਂ ਤਾਂ ਸਮਰੱਥ ਪੁਰਸ਼ ਹੋ, ਦੇਖ ਲਓ ਸਾਰੇ। ਉਸ ਵੇਲੇ ਨਾਰਦ ਨੇ ਧਿਆਨ ਮਾਰਿਆ ਪਹਿਲਾਂ ਵੱਡੇ-ਵੱਡੇ ਮੰਦਰਾਂ ਵਿਚ ਦੇਖਿਆ, ਭਗਵਾਨ ਉਥੇ ਨਜ਼ਰ ਨਾ ਆਏ। ਪਹਾੜਾਂ ਵਿਚ ਦੇਖਿਆ, ਰਿਸ਼ੀਆਂ ਦੇ ਹਿਰਦਿਆਂ ਵਿਚ ਦੇਖਿਆ, ਸਮੁੰਦਰ ਵਿਚ ਦੇਖਿਆ, ਹੋਰ ਅਨੇਕਾਂ ਥਾਵਾਂ ਤੇ ਜਿਥੇ ਦੇਖ ਸਕਦੇ ਸੀ ਦੇਖਿਆ ਪਰ ਕਿਤੇ ਭਗਵਾਨ ਨਜ਼ਰ ਨਾ ਆਏ। ਉਸ ਵੇਲੇ ਅਰਦਾਸ ਕਰੀ, "ਹੇ ਭਗਵਨ! ਕ੍ਰਿਪਾ ਕਰਕੇ ਤੁਸੀਂ ਹੀ ਮੈਨੂੰ ਦੱਸੋ ਤੁਸੀਂ ਕਿਥੇ ਹੋ ਕਿਉਂਕਿ ਮੇਰੀ ਨਿਗ੍ਹਾ ਉਥੇ ਪਹੁੰਚਦੀ ਨਹੀਂ ਜਿਥੇ ਤੁਸੀਂ ਚਲੇ ਗਏ।" ਉਸ ਵੇਲੇ ਆਵਾਜ਼ ਆਈ, "ਨਾਰਦ! ਫਲਾਣੀ ਥਾਂ ਦੇ ਉਤੇ ਸਾਧੂਆਂ ਦੀ ਸੰਗਤ ਹੋ ਰਹੀ ਹੈ ਉਥੇ ਆ ਜਾ।" ਫੁਰਨਾ ਕਰਨਾ ਸੀ ਓਥੇ ਪਹੁੰਚ ਗਿਆ। ਕੀ ਦੇਖਦੈ, ਭਗਵਾਨ ਸਾਰਿਆਂ ਨਾਲੋਂ ਪਿਛੇ ਬੈਠੇ ਨੇ। ਆਲੇ ਦੁਆਲੇ ਕੌਣ ਬੈਠੇ ਨੇ - ਗਰੀਬ ਜਨਤਾ ਬੈਠੀ ਹੈ, ਪੈਸਿਆਂ ਵਾਲੇ ਨਹੀਂ ਬੈਠੇ। ਕਿਉਂਕਿ ਪੈਸੇ ਵਾਲਾ ਜਿਹੜਾ ਹੁੰਦੈ ਉਹਦੇ ਵਿਚ ਅਭਿਮਾਨ ਹੋਣ ਕਰਕੇ ਅੰਦਰ ਮੈਲ ਹੁੰਦੀ ਹੈ, ਉਸ ਦਾ ਮਨ ਨੀਵਾਂ ਨਹੀਂ ਹੁੰਦਾ। ਪੈਸੇ ਵਾਲਾ ਤਾਂ ਕੋਈ ਵਿਰਲਾ ਪੁਰਸ਼ ਹੈ ਜਿਸ ਤੇ ਵਾਹਿਗੁਰੂ ਦੀ ਕ੍ਰਿਪਾ ਹੋਵੇ ਤੇ ਸਤਿਸੰਗ ਵਿਚ ਆ ਜਾਏ। ਨਹੀਂ ਤਾਂ ਪੈਸੇ ਵਾਲਾ ਨਹੀਂ ਕਦੇ ਵੀ ਆਇਆ ਕਰਦਾ। ਇਹ ਗਰੀਬਾਂ ਦੀ ਥਾਂ ਹੈ। ਈਸਾ ਜੀ ਕਹਿੰਦੇ ਨੇ ਕਿ ਹਾਥੀ ਨੂੰ ਜੇ ਸੂਈ ਦੇ ਨੱਕੇ ਵਿਚੀਂ ਲੰਘਾ ਦੇਈਏ ਤਾਂ ਹੋ ਸਕਦਾ ਹੈ ਕਿ ਕਿਸੇ ਤਰੀਕੇ ਨਾਲ ਲੰਘ ਜਾਵੇ, ਪਰ ਜਿਹੜਾ ਅਭਿਮਾਨੀ ਪੁਰਸ਼ ਹੈ, ਧਨੀ ਪੁਰਸ਼ ਹੈ ਜੇ ਉਹ ਕਹੇ ਕਿ ਇਹ ਖੁਦਾ ਦੇ ਦਰ ਤੇ ਜਾ ਪਹੁੰਚੇਗਾ ਬਿਲਕੁਲ ਨਾਮੁਮਕਿਨ ਹੈ, ਇਹ ਪਹੁੰਚ ਹੀ ਨਹੀਂ ਸਕਦਾ। ਕਹਿੰਦੇ ਇਹਦਾ ਅਭਿਮਾਨ ਜਿਹੜਾ ਹੈ ਉਹ ਛੋਟਾ ਨਹੀਂ ਹੈ, ਉਹ ਤਾਂ ਆਕਾਸ਼ਾਂ ਤੋਂ ਵੀ ਵੱਡਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦੇਖਿਆ ਕਿ ਗਰੀਬ ਆਦਮੀ ਬੈਠੇ ਨੇ। ਥੱਲੇ ਵਾਲੇ ਤੱਪੜ ਭੀ ਜਿਹੜੇ ਨੇ ਉਹ ਗੰਢ-ਤੁੱਪ ਕੇ ਜੋੜੇ-ਜੁੜਾਏ ਨੇ, ਕੋਈ ਬਹੁਤੇ ਸੋਹਣੇ ਕਪੜਿਆਂ ਵਾਲੇ ਨਹੀਂ ਬੈਠੇ, ਕੋਈ ਦੇਖ-ਦਿਖਾਵਾ ਨਹੀਂ ਹੈ, ਕੋਈ ਛੜਕਾਓ ਸੁਗੰਧੀਆਂ ਦੀਆਂ ਨਹੀਂ ਹੋ ਰਹੀਆਂ, ਖੁਸ਼ਬੂਆਂ ਦੀਆਂ, ਕੋਈ ਸੋਨੇ ਦਾ ਮੰਦਰ ਨਹੀਂ ਹੈ ਜਿਥੇ ਬੈਠੇ ਨੇ; ਸਾਧਾਰਣ ਸਤਿਸੰਗ ਸਾਧੂ ਕਰ ਰਹੇ ਨੇ, ਮਹਾਂਪੁਰਸ਼ਾਂ ਦੇ ਬਚਨ ਆ ਰਹੇ ਨੇ ਤੇ ਆਪ ਬੈਠੇ ਸੁਣ ਰਹੇ ਨੇ ਤੇ ਪਿਛੇ ਬੈਠੇ ਨੇ। ਨਾਰਦਮੁਨੀ ਨੇ ਜਾ ਕੇ ਕਿਹਾ, "ਭਗਵਨ! ਤੁਸੀਂ ਇਥੇ?" ਕਹਿੰਦੇ, "ਹਾਂ, ਨਾਰਦ ਜੀ! ਇਹ ਮੇਰਾ ਘਰ ਹੈ। ਮੈਨੂੰ ਲੋਕੀ ਲਾਮੁਕਾਮ ਕਹਿੰਦੇ ਹਨ, ਘਰ ਨਹੀਂ ਹੈ ਰੱਬ ਦਾ। ਕਹਿੰਦੇ ਰੱਬ ਦਾ ਕੋਈ ਪੁੱਤਰ ਨਹੀਂ ਹੈ, ਕੋਈ ਮਾਂ ਨਹੀਂ ਹੈ, ਕੋਈ ਪਿਓ ਨਹੀਂ ਹੈ। ਸਾਰੇ ਸੰਸਾਰ ਨੂੰ ਪਤਾ ਨਹੀਂ ਹੈ ਕਿ ਮੇਰਾ ਘਰ, ਮੇਰੇ ਸਨਬੰਧੀ ਮੇਰੇ ਪਿਆਰੇ ਇਹ ਤਾਂ ਸਤਿਸੰਗ ਵਿਚ ਹੋਇਆ ਕਰਦੇ ਨੇ।

ਸੋ ਗੁਰੂ ਮਹਾਰਾਜ ਕਹਿਣ ਲੱਗੇ, "ਪ੍ਰੇਮੀਆ! ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਲਿਖਿਐ। ਕਹਿੰਦੇ, "ਸੱਚੇ ਪਾਤਸ਼ਾਹ! ਲਿਖਿਆ ਤਾਂ ਜ਼ਰੂਰ ਹੈ ਪਰ ਤੁਸੀਂ ਸਮਰੱਥ ਹੋ ਤੇ ਇਕ ਵਾਰੀ ਜੇ ਨਜ਼ਾਰਾ ਹੀ ਦਿਖਾ ਦਓ ਤਾਂ ਠੀਕ ਹੈ।" ਉਸ ਵੇਲੇ ਮਹਾਰਾਜ ਨੇ ਕ੍ਰਿਪਾ ਕੀਤੀ, ਦ੍ਰਿਸ਼ਟੀ ਖੋਲ ਦਿਤੀ।

***ਸਰਬ ਭੂਤ ਆਪਿ ਵਰਤਾਰਾ॥***
***ਸਰਬ ਨੈਨ ਆਪਿ ਪੇਖਨਹਾਰਾ॥ ਪੰਨਾ - 294***

ਐਨਾ ਕਹਿਣ ਦੀ ਦੇਰ ਹੈ ਸਾਰਿਆਂ ਦੇ ਅਨੁਭਵ ਖੋਲ੍ਹ ਦਿਤੇ। ਕੀ ਦੇਖਿਆ ਜਗਮਗ-ਜਗਮਗ ਹੋ ਰਹੀ ਹੈ, ਬੜੇ ਹੀ ਪ੍ਰਸੰਨ ਹੋਏ ਸਾਰੇ ਕਿ ਹੈਂ ਇਹ ਤਾਂ ਸਾਰੇ ਹੀ ਦੇਵੀ ਦੇਵਤੇ ਇਥੇ ਆ ਕੇ ਨਿਵਾਸ ਕਰਦੇ ਨੇ ਜਿਥੇ ਹਰੀ ਦੀ ਕਥਾ ਹੁੰਦੀ ਹੈ।

***ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਭੀ ਚਲ ਆਵਤ ਤਹਾਂ।***

ਅਠਾਹਠ ਤੀਰਥਾਂ ਦੇ ਅਭਿਮਾਨੀ ਦੇਵਤਾ ਵੀ ਉਥੇ ਆ ਕੇ, ਜਿਵੇਂ ਬਜ਼ਾਰ ਲਗਦੇ ਨੇ, ਦੁਕਾਨ ਲਾ ਕੇ ਬੈਠ ਜਾਂਦੇ ਨੇ ਕਿ ਮੰਗੋ ਕੋਈ ਚੀਜ਼ ਸਾਡੇ ਤੋਂ, ਅਸੀਂ ਦੇਈਏ। ਮੰਗਣਾ ਕੀ ਹੈ -

***ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈਂ, ਕਹਿਤ ਕਬੀਰ ਵੀਚਾਰ।***

ਜੇ ਗੁਰੂ ਮਿਲ ਜਾਵੇ ਫਲਾਂ ਦੀ ਕੋਈ ਗਿਣਤੀ ਹੀ ਨਹੀਂ ਰਹਿੰਦੀ। ਫੇਰ ਗੁਰੂ ਤੋਂ ਹੀ ਮੰਗੋ, ਉਨ੍ਹਾਂ ਤੋਂ ਕਾਹਨੂੰ ਮੰਗਣੇ ਨੇ। ਸੋ, ਇਸ ਤਰ੍ਹਾਂ ਨਾਲ ਸਾਰੇ ਵੱਡੇ-ਵੱਡੇ ਦੇਵਤੇ ਜਿਹੜੇ ਨੇ ਉਹ ਸਾਰੇ ਆਉਂਦੇ ਨੇ, ਸੰਤਾਂ ਦੇ ਦਰਸ਼ਨ ਕਰਨ ਵਾਸਤੇ। ਇਸ ਤਰ੍ਹਾਂ ਬਾਣੀ ਦੇ ਅੰਦਰ ਫੁਰਮਾਨ ਆਉਂਦੈ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ - 2***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰੁ॥ ਪੰਨਾ - 273***

ਉਸ ਨੂੰ ਵਾਹਿਗੁਰੂ ਦੇ ਦਰਸ਼ਨ ਬ੍ਰਹਮਗਿਆਨੀ ਰਾਹੀਂ ਹੀ ਹੋ ਜਾਂਦੇ ਨੇ। ਵੈਸੇ ਨਹੀਂ ਹੁੰਦੇ। ਇਨ੍ਹਾਂ ਨੂੰ ਵਾਹਿਗੁਰੂ ਦੇ ਦਰਸ਼ਨ ਨਹੀਂ ਹੁੰਦੇ ਕਿਉਂਕਿ ਐਸਾ ਮਹਾਰਾਜ ਜੀ ਦਾ ਫੁਰਮਾਨ ਹੈ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***
***ਪੰਨਾ - 7***

ਵਾਹਿਗੁਰੂ ਤਾਂ ਦੇਖ ਰਿਹੈ ਸਾਰਿਆਂ ਦੇਵਤਿਆਂ ਨੂੰ ਪਰ ਵਾਹਿਗੁਰੂ ਜੀ ਇਨ੍ਹਾਂ ਨੂੰ ਨਜ਼ਰ ਨਹੀਂ ਆ ਰਹੇ, ਨਜ਼ਰ ਕਿਥੇ ਆਉਂਦੇ ਨੇ? ਉਹਦੇ ਪਿਆਰਿਆਂ 'ਚੋਂ ਨਜ਼ਰ ਆਉਂਦੇ ਨੇ ਕਿਉਂਕਿ ਪਿਆਰਿਆਂ ਦਾ ਤੇ ਪ੍ਰਮੇਸ਼ਰ ਦਾ ਫਰਕ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ - 2, 2.***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ - 2***
***ਸਾਂਈ ਹੀ ਵਰਗੇ ਨੇ,............।***

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਪੰਨਾ - 397***

ਸੁਆਲ ਆਉਂਦੈ, ਜਿਨ੍ਹਾਂ ਨੂੰ ਸਾਸ ਗਿਰਾਸ ਨਾਮ ਨਹੀਂ ਵਿਸਰਦਾ, ਹਰ ਵਕਤ ਪ੍ਰਮੇਸ਼ਰ ਦੇ ਵਿਚ ਅਭੇਦ ਅਵਸਥਾ ਵਿਚ ਲੀਨ ਰਹਿੰਦੇ ਨੇ ਉਹ ਕਿਹੋ ਜਿਹੇ ਨੇ? ਮਹਾਰਾਜ ਫੁਰਮਾਨ ਕਰਦੇ ਨੇ -

***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

ਉਹ ਤਾਂ ਵਾਹਿਗੁਰੂ ਵਰਗੇ ਹੀ ਨੇ -

***ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486***

ਸੰਤ ਦੇ ਵਿਚ ਤੇ ਵਾਹਿਗੁਰੂ ਦੇ ਵਿਚ ਕੋਈ ਫਰਕ ਨਹੀਂ ਹੈ।

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

ਜਿਸ ਨੇ ਆਤਮਾ ਦੇ ਰਸ ਨੂੰ ਅਨੁਭਵ ਕਰ ਲਿਆ, ਗੁਰੂ ਦਸ਼ਮੇਸ਼ ਪਿਤਾ ਜੀ ਕਹਿੰਦੇ ਨੇ ਕਿ ਮੇਰੇ, ਵਿਚ, ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ, ਇਕ ਰੂਪ ਹੋ ਜਾਂਦੇ ਨੇ। ਇਹ ਗੱਲ ਗਿਆਨ ਦੀ ਹੈ। ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ ਉਨ੍ਹਾਂ ਨੂੰ ਪਤਾ ਲਗਦੈ ਕਿ ਇਹ ਗੱਲ ਠੀਕ ਹੈ।

ਸੋ ਇਸ ਤਰ੍ਹਾਂ ਇਕ ਵਾਰੀ ਦੀ ਗੱਲ ਹੈ ਕਿ ਸ਼ਿਵ ਜੀ ਮਹਾਰਾਜ ਤੇ ਪਾਰਬਤੀ ਸੰਸਾਰ ਤੇ ਏਸ ਧਰਤੀ ਦਾ ਭ੍ਰਮਣ ਕਰਦੇ ਐਸੀ ਥਾਂ ਤੇ ਚਲੇ ਗਏ ਜਿਥੇ ਜਾ ਕੇ ਉਚੀ ਜਿਹੀ ਥਾਂ ਹੈ, ਝਾੜੀਆਂ ਖੜ੍ਹੀਆਂ ਨੇ; ਸ਼ਿਵ ਜੀ ਮਹਾਰਾਜ ਨੇ ਉਸ ਥਾਂ ਤੇ ਨਮਸਕਾਰ ਕਰੀ, ਮੱਥਾ ਟੇਕਿਆ। ਪਾਰਬਤੀ ਕਹਿਣ ਲੱਗੀ ਕਿ ਇਥੇ ਤਾਂ ਕੁਛ ਨਜ਼ਰ ਨਹੀਂ ਆਉਂਦਾ, ਨਾ ਕੋਈ ਦੇਹੁਰਾ ਹੈ, ਨਾ ਕੋਈ ਮਹਾਤਮਾ ਹੈ; ਇਥੇ ਮੱਥਾ ਟੇਕਣ ਦਾ ਕੀ ਕੰਮ? ਉਸ ਨੇ ਸ਼ਿਵ ਜੀ ਮਹਾਰਾਜ ਨੂੰ ਪੁਛਿਆ ਕਿ ਮੈਨੂੰ ਗੱਲ ਸਮਝ ਵਿਚ ਨਹੀਂ ਆਈ ਕਿ ਆਪ ਨੇ ਕਿਸ ਚੀਜ਼ ਨੂੰ ਮਸਤਕ ਨਿਵਾਇਐ? ਕਹਿਣ ਲੱਗੇ, "ਪਾਰਬਤੀ! ਇਹ ਜਿਹੜੀ ਢੇਰੀ ਹੈ, ਇਹ ਜਿਹੜੀ ਉਚੀ ਥਾਂ ਹੈ ਕਿਸੇ ਸਮੇਂ ਇਥੇ ਇਕ ਮਹਾਤਮਾ ਰਿਹਾ ਕਰਦੇ ਸੀ। ਉਸ ਮਹਾਤਮਾ ਨੇ ਆਪਣਾ ਜੀਵਨ ਪ੍ਰਭੂ ਵਿਚ ਲੀਨ ਹੋ ਕੇ, ਇਕ ਰੂਪ ਹੋ ਕੇ ਇਥੇ ਗੁਜ਼ਾਰਿਆ ਸੀ ਤੇ ਉਨ੍ਹਾਂ ਦੀ ਜੋ ਛੋਹ ਸੀ ਇਸ ਧਰਤੀ ਦੇ ਕਣ-ਕਣ ਵਿਚ ਸਮਾਅ ਗਈ ਤੇ ਅੱਜ ਤਕ ਆਤਮਿਕ ਸੁਗੰਧੀ ਦੇ ਰਹੀ ਹੈ, ਹਜ਼ਾਰਾਂ ਸਾਲਾਂ ਤੋਂ ਬਾਅਦ ਵੀ। ਪਾਰਬਤੀ ਕਹਿਣ ਲੱਗੀ, ''ਇਹ ਵੀ ਹੋਇਆ ਕਰਦੈ ਮਹਾਰਾਜ?" ਆਪ ਨੇ ਕਿਹਾ, "ਹਾਂ। ਜਿਵੇਂ ਘਿਓ ਵਾਲਾ ਘੜਾ ਜਿਸ ਥਾਂ ਉਹ ਟੁੱਟ ਜਾਵੇ ਤੇ ਟੁਕੜੀਆਂ, ਸੈਂਕੜੇ ਸਾਲ ਦੀਆਂ ਹੋ ਜਾਣ ਤੋਂ ਬਾਅਦ ਵੀ ਜੇ ਸੂਰਜ ਦੀ ਗਰਮੀ ਉਨ੍ਹਾਂ ਤੇ ਪੈਂਦੀ ਹੋਵੇ, ਤਾਂ ਉਨ੍ਹਾਂ ਟੁਕੜੀਆਂ ਦੇ ਵਿਚੋਂ ਥਿੰਦਿਆਈ ਨਿਕਲ ਕੇ ਸੂਰਜ ਦੀ ਚਮਕ ਉਹਦੇ ਵਿਚੋਂ ਪਲਟਦੀ ਨਜ਼ਰ ਆਉਂਦੀ ਹੈ, ਸੂਰਜ ਨਜ਼ਰ ਆਉਂਦੈ ਉਨ੍ਹਾਂ ਵਿਚੋਂ। ਇਵੇਂ ਜਿਵੇਂ ਜਿਹੜਾ ਪ੍ਰਮੇਸ਼ਰ ਦਾ ਪਿਆਰਾ ਹੁੰਦੈ, ਜਿਸ ਥਾਂ ਉਹ ਭਜਨ ਕਰਦੈ ਉਸ ਥਾਂ ਦੇ ਉਤੇ ਪਵਿੱਤਰਤਾ ਫੈਲ ਜਾਂਦੀ ਹੈ ਤੇ ਉਸ ਦੀ ਸੁਗੰਧੀ ਜਿਵੇਂ ਕੋਈ ਅਤਰ ਵਾਲਾ ਭਾਂਡਾ ਟੁੱਟ ਵੀ ਜਾਵੇ, ਦੇਰ ਹੋ ਜਾਵੇ ਲੇਕਿਨ ਉਹਦੇ ਵਿਚੋਂ ਸੁਗੰਧੀ ਨਹੀਂ ਜਾਇਆ ਕਰਦੀ। ਇਸੇ ਤਰ੍ਹਾਂ ਪ੍ਰਭੂ ਪਿਆਰਿਆਂ ਦੀ ਚਰਨ ਛੋਹ ਪ੍ਰਾਪਤ ਕੀਤੀ ਹੋਈ ਧਰਤੀ ਸੁਹਾਵੀ ਰਹਿੰਦੀ ਹੈ, ਉਥੇ ਭਜਨ ਕਰਨ ਨੂੰ ਜੀਅ ਕਰਦੈ ਕਿਉਂਕਿ ਉਹ ਮਹਾਂਪਵਿੱਤਰ ਧਰਤੀ ਹੁੰਦੀ ਹੈ -

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਪੰਨਾ - 319***

ਉਹ ਸੋਹਣਾ ਥਾਨ ਹੋ ਜਾਂਦੈ।

ਸੋ ਮਹਾਰਾਜ ਕਹਿਣ ਲੱਗੇ ਕਿ ਇਸ ਤਰ੍ਹਾਂ ਭਾਈ ਗੁਰਮੁਖਾ! ਜਿਥੇ ਪ੍ਰਮੇਸ਼ਰ ਦਾ ਸਤਿਸੰਗ ਹੁੰਦਾ ਹੋਵੇ ਓਥੇ ਤਾਂ ਦੇਵਤੇ ਚਲ ਕੇ ਆ ਜਾਂਦੇ ਨੇ ਤੇ ਜਿਥੇ ਗੁਰੂ ਨਾਨਕ ਪਾਤਸ਼ਾਹ ਆਪ ਸਤਿਸੰਗ ਕਰਦੇ ਹੋਣ ਓਥੇ ਕੀ ਹੋਊ? ਕਿਉਂਕਿ ਆਪ ਨਿਰੰਕਾਰ ਦਾ ਸਾਕਾਰ ਰੂਪ ਸਨ। ਨਿਰੰਕਾਰ ਪ੍ਰਮੇਸ਼ਰ ਰੂਪ, ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ। ਕਰੋੜਾਂ ਸ਼ਕਤੀਆਂ ਨੇ ਪ੍ਰਮੇਸ਼ਰ ਵਿਚ, ਅਰਬਾਂ ਖਰਬਾਂ ਕਹਿਣਾ ਹੀ ਗਲਤ ਐ, ਨਾਉਂ ਲੈਣਾ ਹੀ ਗਲਤ ਐ, ਬੇਅੰਤ ਬੇਅੰਤ ਕਹਿ ਦੇਈਏ ਤਾਂ ਠੀਕ ਹੈ ਤੇ ਉਨ੍ਹਾਂ ਦੇ ਵਿਚੋਂ ਜੋ supreme (ਸਰਵੋਤਮ) ਸ਼ਕਤੀ ਹੈ ਉਸ ਦਾ ਰੂਪ ਗੁਰੂ-ਰੂਪ, ਗੁਰੂ ਜੋਤੀ ਜਿਸ ਨੂੰ ਆਖਦੇ ਨੇ, ਉਹ ਪ੍ਰਮੇਸ਼ਰ ਆਪ ਹੀ ਹੋਇਆ ਕਰਦੈ ਕਿਉਂਕਿ ਭੇਦ ਨਹੀਂ ਹੋਇਆ ਕਰਦਾ-

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥ ਪੰਨਾ - 442***

ਕਹਿੰਦੇ, "ਸਮੁੰਦਰ ਨੂੰ ਜਿਵੇਂ ਰਿੜਕਿਆ ਜਾਂਦੈ, ਐਂ ਅਸੀਂ ਇਸ ਸਰੀਰ ਦੇ ਵਿਚ ਦੇਖਿਆ, ਉਪਮਾ ਤੋਂ ਰਹਿਤ ਇਸ ਦੇ ਅੰਦਰ ਇਕ ਚੀਜ਼ ਦੇਖੀ ਹੈ ਤੇ ਉਹਦੇ ਨਾਲ ਸਾਡੇ ਤਾਂ ਭਰਮ ਦੂਰ ਹੋ ਗਏ। ਕਹਿੰਦੇ ਕੀ?

***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਗੁਰੂ ਤੇ ਗੋਬਿੰਦ ਵਿਚ ਕੋਈ ਭੇਦ ਨਹੀਂ ਕਿਉਂਕਿ ਉਹ ਅਕਾਲਪੁਰਖ ਦਾ ਰੂਪ ਹੈ, ਉਹ ਸਭ ਤੋਂ ਵੱਡਾ ਹੋਇਆ ਕਰਦੈ।

ਭਾਈ ਭਗੀਰਥ ਬੈਠਾ ਹੈ ਗੁਰੂ ਨਾਨਕ ਪਾਤਸ਼ਾਹ ਦੇ ਦਰ ਉਤੇ ਤੇ ਅਜੇ ਪੁਰਾਣੇ ਸੰਸਕਾਰਾਂ ਦੇ ਨਾਲ ਹੋਣ ਕਰਕੇ ਦੇਵੀ ਦਾ ਧਿਆਨ ਕਰਦਾ ਸੀ। ਕਿਸੇ ਸਾਕਤ ਨੇ ਪ੍ਰਭੂ ਪ੍ਰੇਮ ਲਾਉਣ ਦੀ ਥਾਂ ਦੇ ਉਤੇ, ਸ਼ਕਤੀ ਦੀ ਪੂਜਾ ਵਿਚ ਲਗਾ ਦਿਤਾ। ਸੋ ਮਹਾਰਾਜ ਕਹਿੰਦੇ ਨੇ, "ਇਕ ਵਾਹਿਗੁਰੂ ਦੀ ਪੂਜਾ ਹੁੰਦੀ ਹੈ ਅਤੇ ਇਕ ਵਾਹਿਗੁਰੂ ਦੇ ਬਣਾਇਆਂ ਹੋਇਆਂ ਦੇਵੀ ਦੇਵਤਿਆਂ ਦੀ ਪੂਜਾ ਹੁੰਦੀ ਹੈ। ਇਹ ਮੁਕਤੀ ਨਹੀਂ ਦੇ ਸਕਦੇ -

***ਤੂ ਕਹੀਅਤ ਹੀ ਆਦਿ ਭਵਾਨੀ॥***
***ਮੁਕਤਿ ਕੀ ਬਰੀਆ ਕਹਾ ਛਪਾਨੀ॥ ਪੰਨਾ - 874***

ਨਾਮਦੇਵ ਜੀ ਨੇ ਪੁਛਿਆ ਕਹਿੰਦੇ, "ਤੈਨੂੰ ਸਾਰੇ ਆਦਿ ਭਵਾਨੀ ਕਹਿੰਦੇ ਨੇ, ਜਦੋਂ ਤੇਰੇ ਤੋਂ ਮੁਕਤੀ ਮੰਗਦੇ ਨੇ ਫੇਰ ਤੂੰ ਛੁਪ ਜਾਨੀ ਐਂ?"

ਕਹਿੰਦੀ, "ਭਗਤ ਜੀ! ਮੇਰੇ ਕੋਲ ਮੁਕਤੀ ਨਹੀਂ ਹੈ, ਮੇਰੇ ਜਿਹੜੇ ਸੇਵਕ ਨੇ ਉਹ ਗਲਤ ਨੇ, ਮੇਰੇ ਕੋਲ ਬਿਭੂਤੀਆਂ ਹੈਗੀਆਂ, ਮਾਇਆ ਹੈਗੀ। ਉਹ ਮਾਇਆ ਹੀ ਮੰਗਦੇ ਨੇ, ਮੁਕਤੀ ਤਾਂ ਮੇਰੇ ਤੋਂ ਕੋਈ ਮੰਗਦਾ ਹੀ ਨਹੀਂ, ਨਾ ਮੈਂ ਮੁਕਤੀ ਦੇਣ ਨੂੰ ਸਮਰੱਥ ਹਾਂ, ਨਾ ਮੈਂ ਆਪ ਹੀ ਮੁਕਤ ਹਾਂ, ਕਿਉਂਕਿ ਸਾਡੇ ਅਨੇਕ ਭਰਮ ਨੇ, ਭਰਮ ਹਟਦੇ ਨਹੀਂ। ਐਸਾ ਫੁਰਮਾਨ ਹੈ ਸਤਿਗੁਰੂ ਦਾ -

***ਧਾਰਨਾ - ਮਾਇਆ ਵਿਚ ਭਰਮਦੇ,***
***ਸੁਰ ਨਰ ਸਭ ਦੇਵੀ ਦੇਵਾ - 2***
***ਸੁਰ ਨਰ ਸਭ ਦੇਵੀ ਦੇਵਾ - 2***
***ਮਾਇਆ ਵਿਚ ਭਰਮਦੇ,.........।***

ਸਾਰੇ ਹੀ ਜਿੰਨੇ ਹਨ ਦੇਵੀ ਦੇਵਤੇ, ਇਹ ਸਾਰੇ ਮਾਇਆ ਵਿਚੋਂ ਪੈਦਾ ਹੋਏ ਨੇ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਪੰਨਾ - 7***

ਮੁਖ ਦੇਵਤੇ ਜਿਹੜੇ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਇਹ ਮਾਇਆ ਦੇ ਹੀ ਪੁੱਤਰ ਨੇ। ਸੋ ਇਹ ਭਰਮ ਦੇ ਵਿਚ ਪਏ ਹੋਏ ਨੇ -

***ਭਰਮੇ ਸੁਰਿ ਨਰ ਦੇਵੀ ਦੇਵਾ॥***
***ਭਰਮੇ ਸਿਧ ਸਾਧਿਕ ਬ੍ਰਹਮੇਵਾ॥ ਪੰਨਾ - 258***

ਭਰਮ ਨਹੀਂ ਟੁੱਟਦਾ, ਵਾਹਿਗੁਰੂ ਦੀ ਪਛਾਣ ਨਹੀਂ ਆਉਂਦੀ।

***ਭਰਮਿ ਭਰਮਿ ਮਾਨੁਖ ਡਹਕਾਏ॥***
***ਦੁਤਰ ਮਹਾ ਬਿਖਮ ਇਹ ਮਾਏ॥ ਪੰਨਾ - 258***

ਇਹ ਮਾਇਆ ਤਰਨੀ ਐਨੀ ਔਖੀ ਹੈ ਕਿ ਮਨੁੱਖ ਤਾਂ ਭਰਮਦਾ ਹੀ ਹੈ, ਦੇਵੀ ਦੇਵਤਾ ਵੀ ਇਹਦੇ ਵਿਚ ਭਰਮ ਜਾਂਦੇ ਨੇ, ਉਹ ਵੀ ਨਹੀਂ ਲੰਘ ਸਕਦੇ। ਸੋ ਸੰਸਾਰ ਦੀ ਕਲਿਆਣ ਕਰਾਉਣ ਵਾਸਤੇ ਈਸ਼ਵਰ ਰੂਪ ਵਿਚ ਗੁਰੂ ਹੁੰਦੇ ਨੇ, ਦੇਵਤੇ ਤਾਂ ਗੁਰੂ ਦੇ ਦਰ ਤੇ ਆ ਕੇ ਜਿਵੇਂ ਅਸੀਂ ਸੇਵਾ ਕਰਨ ਜਾਂਦੇ ਹਾਂ, ਐਂ ਸੇਵਾ ਕਰਦੇ ਨੇ।

ਭਗੀਰਥ ਦੇ ਅੰਦਰ ਬਾਰ-ਬਾਰ ਆਪਣੇ ਧੇਅ ਦਾ ਧਿਆਨ ਆਉਂਦੈ, ਦੇਵੀ ਦਾ ਬਾਰ-ਬਾਰ ਧਿਆਨ ਆਉਂਦੈ ਤੇ ਨੇਤਰ ਖੋਲ੍ਹ ਕੇ ਦੇਖਦੈ ਕਿ ਇਕ ਸੁੰਦਰ ਬੀਬੀ ਐ, ਲੇਕਿਨ ਆਹ ਬੀਬੀਆਂ ਵਰਗੀ ਨਹੀਂ ਹੈ, ਅਸ਼ਟਬਾਹੂ ਐ, ਅੱਠ ਬਾਹਾਂ ਵਾਲੀ ਤੇ ਹੱਥ ਵਿਚ ਝਾੜੂ ਹੈ, ਝਾੜੂ ਦੇ ਰਹੀ ਹੈ।

ਭਗੀਰਥ ਨੇ ਪੁਛਿਆ ਕਿ ਮਾਤਾ! ਤੂੰ ਕੌਣ ਹੈਂ? ਕਹਿਣ ਲੱਗੀ, "ਮੈਂ ਉਹ ਹੀ ਹਾਂ ਜਿਹਦਾ ਤੂੰ ਭਜਨ ਕਰਦੈਂ।"

ਕਹਿਣ ਲੱਗਿਆ, "ਹੈਂ, ਤੂੰ ਇਥੇ ਝਾੜੂ ਦੇ ਰਹੀ ਹੈਂ।"

ਉਹ ਕਹਿਣ ਲੱਗੀ, "ਇਹ ਨਿਰੰਕਾਰ ਬ੍ਰਹਮ ਰੂਪ ਨੇ, ਆਪ ਪ੍ਰਮੇਸ਼ਰ ਦਾ ਸਰੂਪ ਨੇ ਤੇ ਅਸੀਂ ਸਾਰੀਆਂ ਸ਼ਕਤੀਆਂ ਪ੍ਰਭੂ ਤੋਂ ਲੈਂਦੇ ਹਾਂ।"

ਕਹਿਣ ਲੱਗਿਆ, "ਫੇਰ ਮੈਂ ਤਾਂ ਤੁਹਾਨੂੰ ਹੀ ਮੰਨਦਾ ਹਾਂ।"

ਉਸ ਨੇ ਕਿਹਾ, "ਬੇਟਾ! ਤੂੰ ਭੀ ਇਨ੍ਹਾਂ ਨੂੰ ਹੀ ਮੰਨ, ਅਸੀਂ ਇਨ੍ਹਾਂ ਕੋਲੋਂ ਹੀ ਸ਼ਕਤੀ ਲੈਨੇ ਹਾਂ। ਮੇਰੇ ਕੋਲ ਬਿਭੂਤੀਆਂ ਨੇ, ਰਿੱਧੀਆਂ ਨੇ ਸਿੱਧੀਆਂ ਨੇ, ਪੈਸਾ ਹੈ, ਇਹ ਮੈਂ ਦੇ ਸਕਦੀ ਹਾਂ ਲੇਕਿਨ ਜਿਹੜੀ ਅਸਲੀ ਚੀਜ਼ ਹੈ ਪਰਮਪਦ, ਓਥੇ ਤਕ ਅਸੀਂ ਵੀ ਨਹੀਂ ਪਹੁੰਚੇ ਹੋਏ। ਉਹ ਤਾਂ ਗੁਰੂ ਨਾਨਕ ਦੇ ਕੋਲ ਹੈ।

ਐਨੀ ਕਹਿਣ ਦੀ ਦੇਰ ਸੀ, ਫੜੱਕ ਦੇਣੇ ਅੱਖਾਂ ਖੁਲ੍ਹ ਗਈਆਂ, ਕਿ ਹੈਂ ਮੇਰੀ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਨਾਲ ਲੰਘ ਗਈ, ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ। ਦੇਵੀ ਕਹਿਣ ਲੱਗੀ,

"ਉਹ ਪੂਰੇ ਨੇ, ਆਪ ਨਿਰੰਕਾਰ ਆਕਾਰ ਧਾਰ ਕੇ ਦਰਗਾਹ ਵਿਚੋਂ, ਗੁਰੂ ਰੂਪ ਵਿਚ ਪ੍ਰਗਟ ਹੋਏ ਨੇ ਤੇ 'ਨਾਨਕ' ਨਾਮ ਰਖਾਇਐ, ਚਰਨ ਸ਼ਰਨ ਪ੍ਰਾਪਤ ਕਰ ਬੇਟਾ, ਇਥੋਂ ਹੀ ਤੈਨੂੰ ਸਭ ਕੁਛ ਪ੍ਰਾਪਤ ਹੋਣੈ।"

ਸਾਰੀ ਜ਼ਿੰਦਗੀ ਦੀ ਮਿਹਨਤ ਤੋਂ ਬਾਅਦ ਜੇ ਉਹਦਾ ਧੇਅ ਹੀ ਗਲਤ ਹੈ ਫੇਰ ਤਾਂ ਬਹੁਤ ਵੱਡੀ ਗੱਲ ਹੈ। ਉਸ ਵੇਲੇ ਗੁਰੂ ਨਾਨਕ ਨਾਲ ਸੌਦਾ ਕਰ ਲਿਆ। ਤਨ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਧਨ ਵੀ ਦੇ ਦਿਤਾ, ਸਭ ਕੁਛ ਦੇ ਦਿਤਾ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਸੰਸਾਰ ਤੇ ਜਿੰਨੇ ਵੀ ਦੇਵੀ ਦੇਵਤੇ ਨੇ ਇਹ ਵੀ ਜਿਵੇਂ ਆਪਾਂ ਸਾਰੇ ਪ੍ਰਭੂ ਦਾ ਜਸ ਗਾਉਂਦੇ ਹਾਂ, ਇਹ ਵੀ ਸਾਰੇ ਪ੍ਰਭੂ ਦਾ ਜਸ ਕਰ ਰਹੇ ਨੇ –

***ਧਾਰਨਾ – ਈਸਰ ਬ੍ਰਹਮਾ ਦੇ ਸਮੇਤ ਦੇਵੀ ਦੇਵਤੇ,***
***ਤੇਰਾ ਜਸ ਗਾਉਣ ਮਾਲਕਾ – 2***
***ਤੇਰਾ ਜਸ ਓ ਗਾਉਣ ਮਾਲਕਾ – 2***
***ਈਸਰ ਬ੍ਰਹਮਾ ਦੇ ਸਮੇਤ ਦੇਵੀ ਦੇਵਤੇ,.....।***

***ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥***
***ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥***
***ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ।।***
***ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥***
***ਪੰਨਾ – 6***

ਜਿੰਨੇ ਵੀ ਵੱਡੇ-ਵੱਡੇ ਨੇ ਸਾਰੇ ਹੀ ਸਿਫਤ ਕਰਦੇ ਨੇ ਪ੍ਰਮੇਸ਼ਰ ਦੀ। ਸੋ ਸਾਧਸੰਗਤ ਜੀ! ਜਦੋਂ ਭਗੀਰਥ ਨੇ ਇਹ ਦ੍ਰਿਸ਼ਟਾਂਤ ਦੇਖਿਆ ਉਸੇ ਵੇਲੇ ਗੁਰੂ ਦਾ ਹੋ ਗਿਆ। ਮਾੜਾ ਮੋਟਾ ਨਹੀਂ ਹੋਇਆ, ਆਪਣਾ ਆਪ, ਤਨ ਵੇਚ ਦਿਤਾ, ਮਨ ਵੇਚ ਦਿਤਾ, ਧਨ ਦੇ ਦਿਤਾ, ਸਭ ਕੁਛ ਗੁਰੂ ਨੂੰ ਅਰਪਣ ਕਰ ਦਿਤਾ। ਜਦੋਂ ਮਹਾਰਾਜ ਜੀ ਨੇ ਸਤਿਸੰਗ ਦੀ ਸਮਾਪਤੀ ਕੀਤੀ ਤਾਂ ਉਸ ਵੇਲੇ ਇਹਨੇ ਬੇਨਤੀ ਕੀਤੀ ਕਿ ਪਾਤਸ਼ਾਹ! ਮੈਂ ਤਾਂ ਆਪਣਾ ਜਨਮ ਤਾਂਤ੍ਰਿਕ ਸਾਧਨਾ ਦੇ ਵਿਚ ਗੁਆ ਚੁਕਿਆ ਹਾਂ, ਮੈਨੂੰ ਸਮਝ ਨਹੀਂ ਸੀ ਕਿ ਆਤਮ ਪ੍ਰਾਪਤੀ ਹੋਰ ਚੀਜ਼ ਹੁੰਦੀ ਐ; ਮੈਂ ਸਮਝਦਾ ਸੀ ਕਿ ਇਥੋਂ ਹੀ ਪ੍ਰਾਪਤ ਹੋ ਜਾਏਗੀ, ਇਥੋਂ ਹੀ ਮੇਰੇ ਸਰੂਪ ਦਾ ਗਿਆਨ ਹੋ ਜਾਏਗਾ, ਇਥੋਂ ਹੀ ਮੈਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਏਗੀ। ਇਹਦੇ ਵਾਸਤੇ ਮੈਂ ਬੜੇ ਕਰੜੇ ਸਾਧਨ ਕੀਤੇ, ਬਿਖੜੇ ਸਾਧਨ ਕੀਤੇ, ਬੜੇ-ਬੜੇ ਵਰਤ ਰੱਖੇ। ਪਾਤਸ਼ਾਹ! ਹੁਣ ਮੈਂ ਦੋ ਦਿਨ ਤੋਂ ਲਗਾਤਾਰ ਰੋ ਰਿਹਾ ਹਾਂ, ਨਾ ਮੈਂ ਪ੍ਰਸ਼ਾਦਾ ਪਾਣੀ ਛਕਿਐ। ਇਸ ਕਰਕੇ ਕਿ ਮੈਂ ਇਰਾਦਾ ਕਰ ਲਿਆ ਕਿ ਜਦ ਤਕ ਮੈਨੂੰ ਦੇਵੀ ਜੀ ਦੇ ਦਰਸ਼ਨ ਨਹੀਂ ਹੁੰਦੇ, ਉਸ ਵੇਲੇ ਤਾਂਈ ਕੁਛ ਨਹੀਂ ਖਾਣਾ ਪੀਣਾ। ਕਿਉਂਕਿ ਮੈਂ ਸੰਤਾਂ ਦੀ ਸੰਗਤ ਕਰਕੇ ਸੁਣ ਲਿਆ ਸੀ ਕਿ ਸਭ ਤੋਂ ਵੱਡੀ ਜੋ ਚੀਜ਼ ਹੈ ਉਹ 'ਅਬਿਨਾਸ਼ੀ ਪਦ' ਹੈ –

***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਪੰਨਾ – 714***

ਪਾਤਸ਼ਾਹ! ਮੈਂ ਕੌਤਕ ਦੇਖਿਐ, ਸਾਰਾ ਕੌਤਕ ਵਰਨਣ ਕੀਤਾ। ਤਾਂ ਉਸ ਵੇਲੇ ਕਹਿਣ ਲੱਗਿਆ, "ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਨੂੰ ਰਸਤਾ ਦਸ ਕਿਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਮੇਲ ਹੋਵੇ, ਕ੍ਰਿਪਾ ਕਰੋ।" ਸੋ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਪ੍ਰੇਮੀਆ! ਦੇਖ ਇਕ ਗੱਡਾ ਚਲਦੈ, ਉਹਦੇ ਦੋ ਪਹੀਏ ਨੇ; ਜਾਨਵਰ ਉਡਦੇ ਨੇ ਉਨ੍ਹਾਂ ਦੇ ਦੋ ਫੰਘ ਹੋਇਆ ਕਰਦੇ ਨੇ। ਸੋ ਦੋ ਚੀਜ਼ਾਂ ਪਹਿਲਾਂ ਤੂੰ ਦਿਲ ਵਿਚ ਧਾਰਨ ਕਰ, ਇਕ ਤਾਂ ਇਹ ਧਾਰਨ ਕਰ ਕਿ ਵਾਹਿਗੁਰੂ ਸਾਰੇ ਹੀ ਪਰੀਪੂਰਨ ਹੈ, ਉਹ ਸਭ ਕੁਛ ਅੰਦਰ ਬਾਹਰ ਦੀ ਗੱਲ ਜਾਣਦੈ ਤੇ ਉਹਦੇ ਭੈ ਵਿਚ ਰਹਿ। ਹਰ ਵਕਤ ਯਾਦ ਰੱਖ ਕਿ ਉਹ ਮੈਨੂੰ ਹਰ ਥਾਂ ਦੇਖ ਰਿਹੈ। ਦੂਸਰੀ ਚੀਜ਼ ਉਹ ਹੈ ਕਿ ਉਹ ਐਨਾ ਚੰਗਾ ਹੈ ਕਿ ਬਿਨਾਂ ਮੰਗਿਆਂ ਸੰਸਾਰ ਨੂੰ ਦਿੰਦਾ ਰਹਿੰਦੈ –

***ਦੇਦਾ ਦੇ ਲੈਦੇ ਥਕਿ ਪਾਹਿ।।***
***ਜੁਗਾ ਜੁਗੰਤਰਿ ਖਾਹੀ ਖਾਹਿ॥ ਪੰਨਾ – 2***

ਜਿਵੇਂ ਮਾਂ ਬਾਪ ਬੱਚੇ ਨੂੰ ਪਾਲਦੇ ਨੇ, ਉਹ ਐਂ ਪਾਲਦੈ। ਸਾਡੇ ਸਰੀਰ ਦੀ ਬਣਤਰ ਉਹਨੇ ਬਣਾਈ ਐ, ਖਾਣ ਪੀਣ ਦਾ ਇੰਤਜ਼ਾਮ ਉਹ ਸਾਡਾ ਕਰ ਰਿਹੈ। ਅਸੀਂ ਤਾਂ ਕੁਛ ਵੀ ਨਹੀਂ ਕਰਿਆ। ਧਰਤੀ 'ਚੋਂ ਚੀਜ਼ਾਂ ਪੈਦਾ ਕਰ ਦਿਤੀਆਂ ਜਿਨ੍ਹਾਂ ਨੂੰ ਖਾ ਕੇ ਅਸੀਂ ਜਿਉਂਦੇ ਰਹਿ ਸਕਦੇ ਹਾਂ ਤੇ ਜ਼ਿੰਦਗੀ ਦਾ ਸਫਰ ਅਸੀਂ ਕੱਟ ਸਕਦੇ ਹਾਂ। ਫੇਰ ਉਹ ਦਿਆਲੂ ਹੈ, ਕ੍ਰਿਪਾਲੂ ਹੈ, ਬਖਸ਼ਿੰਦ ਐ, ਪਤਿਤਾਂ ਦਾ ਉਧਾਰ ਕਰਨ ਵਾਲਾ ਹੈ, ਮਹਾਂ ਪਾਪੀਆਂ ਨੂੰ ਤਾਰਨ ਵਾਲਾ ਹੈ। ਉਹ ਸਭ ਕੁਛ ਐ, ਉਹ ਕਦੇ ਸਾਥ ਨਹੀਂ ਛੱਡਦਾ, ਦੁਨੀਆਂ ਛੱਡ ਦਿੰਦੀ ਐ। ਜਿਨ੍ਹਾਂ ਨਾਲ ਤੇਰਾ ਮੇਲ ਹੈ, ਇਹ ਸਾਰੇ ਹੀ ਸਾਥ ਛੱਡ ਦਿੰਦੇ ਨੇ। ਜੇ ਕੋਈ ਨਿਭਦੈ ਤਾਂ ਉਹ ਪ੍ਰਭੂ ਹੀ ਨਾਲ ਨਿਭਦੈ। ਇਥੇ ਵੀ ਜਨਮ ਵਿਚ ਨਾਲ ਰਹਿੰਦੈ ਤੇ ਜਿਥੇ ਜਾਵਾਂਗੇ ਓਥੇ ਵੀ ਨਾਲ ਹੀ ਰਹੇਗਾ –

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ – 677***

ਉਹ ਦੂਰ ਨਹੀਂ ਕਦੇ ਵੀ ਹੁੰਦਾ ਤੇ ਐਸੇ ਦਿਆਲੂ, ਕ੍ਰਿਪਾਲੂ ਪਿਤਾ ਦੇ ਨਾਲ ਤੂੰ ਹਿਰਦੇ ਵਿਚ ਪਿਆਰ ਪੈਦਾ ਕਰ। ਸੋ ਜਦੋਂ ਦੋ ਚੀਜ਼ਾਂ ਹੋ ਜਾਣਗੀਆਂ, ਇਨ੍ਹਾਂ ਦਾ ਆਪਣੇ ਮਨ ਅੰਦਰ ਜਦੋਂ ਸ਼ਿੰਗਾਰ ਕਰ ਲਵੇਂਗਾ, ਉਸ ਵੇਲੇ ਪ੍ਰਮੇਸ਼ਰ ਦੀ ਨਿਗ੍ਹਾ ਤੇਰੇ ਤੇ ਹੋ ਜਾਵੇਗੀ। ਜੇ ਇਹ ਸ਼ਿੰਗਾਰ ਨਹੀਂ ਕਰਦਾ, ਤਾਂ ਭੇਖ ਭਾਵੇਂ ਸਾਰੇ ਹੀ ਕਰ ਲੈ, ਕਿੰਨੇ ਹੀ ਕਰਮ ਕਰ ਲੈ ਕਿਉਂਕਿ –

***ਇਹ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥***
***ਪੰਨਾ – 721***

ਅੱਗੇ ਮਹਾਰਾਜ ਲਿਖਦੇ ਨੇ –

***ਇਆਨੜੀਏ ਮਾਨੜਾ ਕਾਇ ਕਰੇਹਿ॥***
***ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥***
***ਸਹੁ ਨੇੜੈ ਧਨ ਕਮਲੀਏ ਬਾਹਰੁ ਕਿਆ ਢੂਢੇਹਿ॥***

***ਭੈ ਕੀਆ ਦੇਹਿ ਸਲਾਈਆ ਨੈਨੀ ਭਾਵ ਕਾ ਕਰਿ ਸੀਗਾਰੋ॥***
***ਪੰਨਾ - 722***

ਭੈ ਦਾ ਸੁਰਮਾ ਨੇਤਰਾਂ ਦੇ ਵਿਚ ਪਾ, ਇਹ ਜਿਹੜੇ ਵਸਤਰ ਪਹਿਨਦੈਂ, ਸੋਨੇ ਦਾ ਸ਼ਿੰਗਾਰ ਕਰਦੈਂ, ਚੰਗੇ ਚੰਗੇ ਵਸਤਰਾਂ ਦਾ ਕਰਦੈਂ, ਇਨ੍ਹਾਂ ਦੀ ਥਾਂ ਤੂੰ ਪ੍ਰਭੂ ਪਿਆਰ ਦਾ ਸ਼ਿੰਗਾਰ ਕਰ। ਜਦੋਂ ਪਿਆਰ ਦਾ ਸ਼ਿੰਗਾਰ ਕਰੇਂਗਾ, ਉਸ ਵੇਲੇ ਇਹੀ ਸਰੀਰ, ਇਹ ਜਿਹੜੀ ਜੀਵ ਆਤਮਾ ਹੈ, ਇਹ ਪ੍ਰਮੇਸ਼ਰ ਨੂੰ ਭਾਅ ਜਾਇਆ ਕਰਦੈ। ਸੋ ਫੁਰਮਾਨ ਕਰਦੇ ਨੇ -

***ਧਾਰਨਾ - ਭੈ ਤੇ ਪ੍ਰੇਮ ਦਾ ਸ਼ਿੰਗਾਰ ਅੰਦਰ ਕਰ ਲੈ,***
***ਫੇਰ ਉਹਨੂੰ ਭਾਅ ਜਾਵੇਂਗਾ -2, 4***
***ਫੇਰ ਉਹਨੂੰ ਜੀ ਭਾਅ ਜਾਵੇਂਗਾ,.........।***
***ਭੈ ਤੇ ਪ੍ਰੇਮ ਦਾ ਸ਼ਿੰਗਾਰ ਅੰਦਰ ਕਰ ਲੈ,....।***

***ਪੇਵਕੜੈ ਧਨ ਖਰੀ ਇਆਣੀ॥ ਪੰਨਾ - 357***

ਜਦੋਂ ਇਸ ਸੰਸਾਰ ਤੇ ਆਪਾਂ ਹੁੰਦੇ ਆਂ ਮਹਾਰਾਜ ਕਹਿੰਦੇ ਬਿਲਕੁਲ ਅਣਜਾਣ ਹੁੰਦੇ ਆਂ ਕਿਉਂਕਿ ਵਾਹਿਗੁਰੂ ਜੀ ਦੀ ਸਾਰ ਨਾ ਜਾਣੀ -

***ਤਿਸੁ ਸਹ ਕੀ ਮੈ ਸਾਰ ਨ ਜਾਣੀ॥***
***ਸਹੁ ਮੇਰਾ ਏਕੁ ਦੂਜਾ ਨਹੀ ਕੋਈ।।***
***ਨਦਰਿ ਕਰੇ ਮੇਲਾਵਾ ਹੋਈ॥ ਪੰਨਾ - 357***

ਜਦ ਇਥੋਂ ਗਏ ਫੇਰ ਪਤਾ ਲੱਗਿਆ ਸੱਚ ਦੀ ਪਛਾਣ ਦਾ।

***ਸਾਹੁਰੜੈ ਧਨ ਸਾਚੁ ਪਛਾਣਿਆ॥***
***ਸਹਜਿ ਸੁਭਾਇ ਆਪਣਾ ਪਿਰੁ ਜਾਣਿਆ॥ ਪੰਨਾ - 357***

ਗੁਰੂ ਦੀ ਕ੍ਰਿਪਾ ਨਾਲ ਇਹੋ ਜਿਹੀ ਮੱਤ ਆਈ -

***ਗੁਰ ਪਰਸਾਦੀ ਐਸੀ ਮਤਿ ਆਵੈ॥ ਪੰਨਾ - 357***
***ਤਾਂ ਕਾਮਣਿ ਕੰਤੈ ਮਨਿ ਭਾਵੈ॥ ਪੰਨਾ - 357***

ਤਾਂ ਇਹ ਕਾਮਣ ਸਰੀਰ ਜਿਹੜਾ ਸੀ, ਵਾਹਿਗੁਰੂ ਨੂੰ ਭਾਅ ਗਿਆ।

***ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ॥***
***ਸਦ ਹੀ ਸੇਜੈ ਰਵੈ ਭਤਾਰੁ॥ ਪੰਨਾ - 357***

ਜੇ ਸ਼ਿੰਗਾਰ ਕਰਨੈ, ਭੈ ਤੇ ਭਾਉ ਦਾ ਕਰ।

ਫੇਰ ਵਿਛੋੜਾ ਨਹੀਂ ਹੁੰਦਾ ਉਸ ਦਾ।

ਮਹਾਰਾਜ ਕਹਿੰਦੇ, "ਦੇਖ ਪ੍ਰੇਮੀਆ! ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਨਣਾ, ਕਦੇ ਵੀ ਨਹੀਂ ਕਹਿਣਾ ਕਿ ਉਹ ਹੈ ਨਹੀਂ। ਜਦੋਂ ਉਹਨੂੰ ਹਾਜ਼ਰ ਨਾਜ਼ਰ ਜਾਣੇਗਾ ਉਹ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈਂ ਤੂੰ ਉਹਦੀ ਹਜ਼ੂਰੀ ਵਿਚ ਚਲਿਆ ਜਾਏਂਗਾ, ਫੇਰ ਓਥੋਂ ਭੈ ਦਾ ਸ਼ਿੰਗਾਰ ਕਰੀਂ। ਉਹ ਨਿਰਮਲ ਭੈ ਹੁੰਦੈ, ਐਹੋ ਜਿਹਾ ਭੈ ਨਹੀਂ ਜਿਵੇਂ ਸੱਪ ਦਾ ਡਰ ਹੁੰਦੈ। ਪਿਆਰ ਵਾਲਾ ਭੈ, ਕਿ ਕਦੇ ਗਲਤ ਕੰਮ ਨਾ ਮੇਰੇ ਤੋਂ ਹੋ ਜਾਵੇ। ਸੋ ਭੈ ਤੇ ਪਿਆਰ ਦਾ ਸ਼ਿੰਗਾਰ ਕਰੀਂ। ਅਦਬ ਅਤੇ ਪਿਆਰ ਵਿਚ ਰਹਿ ਉਹਦੇ ਨਾਲ ਤੇਰੀ ਨਾਮ ਵਾਲੀ ਬਿਰਤੀ ਉਚੀ ਹੁੰਦੀ ਜਾਏਗੀ।

ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀ ਦਾਤ ਦੇ ਦਿਤੀ, ਖੀਵਾ ਹੋ ਗਿਆ ਉਸ ਵੇਲੇ, ਨਾਮ ਦਾ ਰਸ ਆ ਗਿਆ, ਤਾਂਤ੍ਰਿਕ ਮੈਲ ਹਟ ਗਈ, ਗੁਰਮਤਿ ਦ੍ਰਿੜ੍ਹ ਹੋ ਗਈ, ਨਾਮ ਵਿਚ ਮਨ ਟਿਕ ਗਿਆ, ਮਨ ਧਾਵਣ ਤੋਂ ਰੁਕ ਗਿਆ। ਪਹਿਲਾਂ ਜਿਹੜੀ ਰੁਚੀ ਸੀ, ਉਸ ਵਿਚੋਂ ਇਕਾਗਰਤਾ ਤਾਂ ਆ ਗਈ ਸੀ ਤ੍ਰਾਟਕ ਦੇ ਵਿਚ ਪਰ ਰਸ ਨਹੀਂ ਸੀ ਆਉਂਦਾ, frustration (ਉਦਾਸੀਨਤਾ) ਸੀ, ਕ੍ਰੋਧ ਆਉਂਦਾ ਸੀ। ਜਿਹੜਾ ਨਾਮ ਦਾ ਪਿਆਰ ਹੈ, ਇਹ ਰਸ ਨਾਲ ਭਰਿਆ ਪਿਐ।

ਪ੍ਰਭੂ ਪ੍ਰੇਮ ਤੋਂ ਬਿਨਾਂ ਭੋਗ ਰੁਚੀਆਂ ਨਹੀਂ ਹਟਦੀਆਂ ਤੇ ਭੋਗਾਂ ਦੀ ਜਿਹੜੀ ਰੁਚੀ ਹੈ ਇਹ ਆਦਮੀ ਦੇ ਮਨ ਨੂੰ ਕਮਜ਼ੋਰ ਕਰ ਦਿੰਦੀ ਹੈ ਤੇ ਜਦੋਂ ਮਨ ਤੇ ਤਨ ਦੀ ਸ਼ਕਤੀ ਖਰਚ ਹੋ ਗਈ ਤਾਂ ਮਹਾਰਾਜ ਕਹਿੰਦੇ-

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256***

ਜਦੋਂ ਵਾਹਿਗੁਰੂ ਨੂੰ ਅਸੀਂ ਭੁੱਲ ਗਏ, ਭੋਗਾਂ ਦੇ ਵਿਚ ਪ੍ਰਵਿਰਤ ਹੋ ਗਏ; ਭੋਗ ਅਜ ਤਕ ਕਿਸੇ ਨੇ ਨਹੀਂ ਭੋਗਿਆ, ਭੋਗਾਂ ਨੇ ਆਦਮੀ ਨੂੰ ਭੋਗਿਆ ਹੈ। ਸ਼ਰਾਬ ਨਹੀਂ ਮੁਕਦੀ, ਸ਼ਰਾਬ ਆਦਮੀ ਨੂੰ ਭੋਗ ਜਾਂਦੀ ਹੈ, ਫੇਫੜੇ ਕਮਜ਼ੋਰ, ਦਿਲ ਕਮਜ਼ੋਰ, ਦਿਮਾਗ ਵਿਚੋਂ ਸੋਚਣ ਸ਼ਕਤੀ ਖਤਮ, ਕਮਜ਼ੋਰੀ ਹੀ ਕਮਜ਼ੋਰੀ ਕਰ ਦਿੰਦੀ ਹੈ। ਸ਼ਰਾਬ ਭੋਗ ਗਈ ਇਹਨੂੰ, ਇਹ ਨੇ ਸ਼ਰਾਬ ਤਾਂ ਨਾ ਭੋਗੀ। ਕੋਈ ਵੀ ਵਿਸ਼ਾ ਲੈ ਲਓ ਸੰਸਾਰ ਦਾ, ਉਹ ਆਦਮੀ ਨੂੰ ਭੋਗ ਜਾਂਦੈ। ਭਰਥਰੀ ਹਰੀ ਜੀ ਕਹਿ ਗਏ ਕਿ ਹੈਰਾਨੀ ਦੀ ਗੱਲ ਹੈ, ਸਾਨੂੰ ਇਹ ਲਗਦੈ ਕਿ ਅਸੀਂ ਭੋਗਾਂ ਨੂੰ ਭੋਗ ਰਹੇ ਹਾਂ, ਸੋਹਣੇ ਖਾਣੇ ਖਾ ਰਹੇ ਹਾਂ ਪਰ ਖਾਣੇ ਸਾਨੂੰ ਖਾ ਰਹੇ ਨੇ, ਫੁਰਮਾਨ ਹੈ -

***ਬਹੁ ਸਾਦਹੁ ਉਪਜੈ ਰੋਗ॥ ਪੰਨਾ -***

ਮਹਾਰਾਜ ਕਹਿੰਦੇ ਜਿੰਨੇ ਸੁਆਦ ਖਾਣੇ ਖਾਏਂਗਾ ਉਹ ਤੈਨੂੰ ਭੋਗ ਜਾਣਗੇ ਤੇ ਫਿਰ ਇਹ ਸਰੀਰ ਰੋਗੀ ਹੋ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਸਰੀਰ ਦੀ ਸ਼ਕਤੀ ਖਤਮ ਹੋ ਜਾਂਦੀ ਹੈ, ਜਿਵੇਂ ਆਤਸ਼ਬਾਜੀ ਚਲਦੀ ਹੈ, ਇਸ ਤਰ੍ਹਾਂ ਦੇ ਨਾਲ ਸਰੀਰ ਦੀ ਜਿਹੜੀ energy (ਤਾਕਤ) ਹੈ, ਖਤਮ ਹੋ ਜਾਂਦੀ ਹੈ ਤੇ ਫਿਰ ਭੋਗ ਦੇ ਸੰਸਕਾਰ ਮਨ ਨੂੰ ਮੈਲਾ ਕਰ ਦਿੰਦੇ ਨੇ, ਮਨ ਨਾਮ ਵਿਚ ਨਹੀਂ ਟਿਕਦਾ। ਆਦਮੀ ਜਿੰਨੇ ਭੋਗ ਭੋਗਦਾ ਹੈ, ਕਦੇ ਮਨ ਦੀ ਭੁੱਖ ਨਹੀਂ ਜਾਂਦੀ, ਹੋਰ ਵਧੇਰੇ ਵਧਦੀ ਜਾਂਦੀ ਹੈ। ਕਦੇ ਭੋਗੇ ਹੋਏ ਭੋਗ ਆਦਮੀ ਨੂੰ ਰਜਾਉਂਦੇ ਨਹੀਂ -

***ਧਾਰਨਾ - ਬਹੁ ਰੰਗ ਤਮਾਸੇ ਜੀ - 2***
***ਅੱਖੀਂ ਦੇਖ ਨ ਰੱਜੀਆਂ - 2, 2.***

***ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।***
***ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।***
***ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।***
***ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।***
***ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ॥***
***ਭਾਈ ਗੁਰਦਾਸ ਜੀ ਵਾਰ 27/9***

***'ਚਲਦਾ'***

L L L L L L L

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ ਪੰਨਾ - 62)*

5. ਅਤੇ ਇਹ ਯੋਗ ਅਰੂੜਤਾ ਕਲਿਆਣ ਹੇਤੂ ਕਹੀ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਦੁਆਰਾ ਆਪ ਹੀ ਸੰਸਾਰ ਸਮੁੰਦਰ ਤੋਂ ਉਧਾਰ ਕਰੇ ਅਤੇ ਆਪਣੇ ਜੀਵ ਆਤਮਾ ਨੂੰ ਅਧੋਗਤੀ ਵਿਚ ਨ ਪਹੁੰਚਾਵੇ ਕਿਉਂਕਿ ਇਹ ਜੀਵ ਆਤਮਾ ਆਪ ਹੀ ਤਾਂ ਅਪਨਾ ਮਿਤ੍ਰ ਹੈ ਅਤੇ ਆਪ ਹੀ ਅਪਨਾ ਸ਼ਤਰੂ ਹੈ ਅਰਥਾਤ ਹੋਰ ਕੋਈ ਦੂਜਾ ਸ਼ਤਰੂ ਜਾਂ ਮਿਤ੍ਰ ਨਹੀਂ ਹੈ।

6. ਓਸ ਜੀਵ-ਆਤਮਾ ਦਾ ਤਾਂ ਉਹ ਆਪ ਹੀ ਮਿਤ੍ਰ ਹੈ ਜਿਸ ਜੀਵ-ਆਤਮਾ ਦੁਆਰਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਜਿੱਤ ਚੁਕਿਆ ਹੈਂ ਅਤੇ ਜਿਸਦੇ ਦੁਆਰਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਨਹੀਂ ਜਿਤਿਆ ਗਿਆ ਹੈ, ਉਸ ਦਾ ਓਹ ਆਪ ਹੀ ਸ਼ਤਰੂ ਵਾਂਗੂ ਸ਼ਤ੍ਰਤਾ ਵਿਚ ਵਰਤਦਾ ਹੈ।

ਜਦੋਂ ਜਗਿਆਸੂ ਇਹ ਜਾਣਦਾ ਹੈ ਕਿ ਉਹ ਇਸ ਯੋਗ ਹੈ ਅਤੇ ਸੂਝ ਬੂਝ ਵਾਲਾ ਹੈ ਉਹ ਪੂਰੇ ਵਿਸ਼ਵਾਸ਼ ਨਾਲ ਅੰਦਰ ਦੇ ਰਸਤੇ ਤੇ ਤੁਰਨਾ ਸ਼ੁਰੂ ਕਰਦਾ ਹੈ। ਬਾਹਰ ਦੇ ਸਾਧਨਾਂ ਤੇ ਨਿਰਭਰ ਰਹਿ ਕੇ ਉਸ ਲਈ ਅੰਤਰਮੁਖੀ ਹੋਣਾ ਔਖਾ ਹੈ। ਚਿਰਾਂ ਤੋਂ ਮਨੁੱਖ ਬਾਹਰ ਦੇ ਸਾਧਨਾਂ ਤੇ ਨਿਰਭਰ ਹੈ। ਇਹੋ ਹੀ ਕਾਰਨ ਹੈ ਕਿ ਉਸ ਲਈ ਅੰਦਰ ਜਾਣਾ ਬਹੁਤ ਹੀ ਔਖਾ ਹੈ। ਉਹ ਸੋਚਦਾ ਹੈ ਕਿ ਇਕ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਮੰਦਰ ਜਾਣਾ ਸਹਾਇਕ ਹੋਵੇਗਾ, ਇਕ ਤੋਂ ਦੂਸਰੇ ਗੁਰੂ, ਦੂਸਰੇ ਤੋਂ ਤੀਸਰੇ ਗੁਰੂ ਕੋਲ ਜਾਣ ਨਾਲ ਉਹ ਕੁਝ ਪ੍ਰਾਪਤ ਕਰ ਸਕੇਗਾ ਪਰ ਉਸਦੇ ਦੇ ਅੰਦਰ ਦੀ ਪਿਆਸ ਨਹੀਂ ਬੁਝਦੀ, ਉਹ ਉਸੇ ਤਰ੍ਹਾਂ ਹੀ ਰਹਿੰਦੀ ਹੈ। ਜਦੋਂ ਤਕ ਮਨੁੱਖ ਬਾਹਰ ਦੇ ਪਦਾਰਥਾਂ ਤੋਂ ਪ੍ਰਸੰਨਤਾ ਪ੍ਰਾਪਤ ਕਰਨ ਦੀ ਸੋਚਦਾ ਰਹਿੰਦਾ ਹੈ, ਉਦੋਂ ਤਕ ਉਸ ਨੂੰ ਸੱਚੀ ਪ੍ਰਸੰਨਤਾ ਪ੍ਰਾਪਤ ਹੀ ਨਹੀਂ ਹੁੰਦੀ। ਸੋ ਸਭ ਤੋਂ ਪਹਿਲਾਂ ਤਾਂ ਜਗਿਆਸੂ ਨੂੰ ਮਹਿਸੂਸ ਕਰਵਾਉਣਾ ਹੈ ਕਿ ਉਹ ਇਸ ਮਾਰਗ ਤੇ ਚੱਲਣ ਦੀ ਸਮਰੱਥਾ ਰਖਦਾ ਹੈ, ਦੂਸਰਾ ਕਿ ਬਾਹਰ ਦੇ ਪਦਾਰਥ ਉਸ ਦੀ ਪ੍ਰਸੰਨਤਾ ਦਾ ਕਾਰਣ ਨਹੀਂ ਬਣ ਸਕਦੇ, ਬਾਹਰ ਟੋਲਣਾ ਬੇਅਰਥ ਹੈ, ਅੰਦਰ ਟੋਲਣਾ ਹੀ ਕੇਵਲ ਮਾਤਰ ਇਕੋ ਇਕ ਸਾਧਨ ਹੈ। ਦ੍ਰਿੜ੍ਹ ਵਿਸ਼ਵਾਸ਼ ਨਾਲ, ਇੱਛਾ ਸ਼ਕਤੀ ਨਾਲ ਸਾਰੇ ਸਾਧਨ ਇਕੱਠੇ ਕਰਕੇ ਉਹ ਇਸ ਮਾਰਗ ਤੇ ਜੁਟ ਜਾਏ। ਭਾਵੇਂ ਕਿੰਨੀ ਵੀ ਤੀਬਰ ਇੱਛਾ ਕਿਉਂ ਨਾ ਹੋਵੇ ਗਿਆਨ ਪ੍ਰਾਪਤ ਕਰਨ ਦੀ, ਜਦੋਂ ਤਕ ਠੀਕ ਰਸਤਾ ਨਾ ਮਿਲੇ, ਵਿਸ਼ਵਾਸ਼ ਨਾ ਹੋਵੇ, ਸਾਧਨਾ ਦਾ ਠੀਕ ਤਰੀਕਾ ਨਾ ਹੋਵੇ ਉਦੋਂ ਤਕ ਸਮਾਂ ਤੇ ਸ਼ਕਤੀ ਖੇਰੂੰ ਕਰਨ ਵਾਲੀ ਗੱਲ ਹੈ, ਅੱਗੇ ਚਲ ਕੇ ਇਨ੍ਹਾਂ ਕਾਰਨਾਂ ਕਰਕੇ ਨਿਰਾਸਤਾ ਵੀ ਹੋ ਸਕਦੀ ਹੈ, ਉਹ ਨਿਰਾਸਤਾ ਉਸ ਦਾ ਉਤਸ਼ਾਹ ਵੀ ਖਤਮ ਕਰ ਸਕਦੀ ਹੈ। ਜਦੋਂ ਤੁਸੀਂ ਅੰਤਰਮੁਖੀ ਹੁੰਦੇ ਹੋ, ਬਹੁਤ ਛੇਤੀ ਹੀ ਇਹ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਜੋ ਕੁਝ ਤੁਸੀਂ ਬਾਹਰ ਢੂੰਡ ਰਹੇ ਸੀ ਉਹ ਵਾਸਤਵ ਵਿਚ ਅੰਦਰ ਹੀ ਹੈ, ਤੁਸੀਂ ਜਾਣ ਜਾਂਦੇ ਹੋ ਕਿ ਤੁਹਾਡੇ ਕੋਲ ਸਾਰੇ ਉਹ ਸਾਧਨ ਹਨ ਜਿਸ ਨਾਲ ਤੁਸੀਂ ਉਸ ਤੱਤ ਤਕ ਪਹੁੰਚ ਸਕਦੇ ਹੋ, ਉਸਦੀ ਹੋਂਦ ਜਾਣ ਸਕਦੇ ਹੋ, ਉਦੋਂ ਤੁਸੀਂ ਅੰਦਰ ਦੇ ਚਾਨਣ ਰਾਹੀਂ ਜਾਨਣ ਦੇ ਮਾਰਗ ਤੇ ਪਹੁੰਚ ਜਾਂਦੇ ਹੋ ਅਤੇ ਜਾਣ ਜਾਂਦੇ ਹੋ ਕਿ ਆਪਾ ਜਾਨਣ ਲਈ ਆਪਾ ਹੀ ਸਾਧਣਾ ਪੈਂਦਾ ਹੈ ਭਾਵ ਆਪਾਂ ਚੀਨਣ ਤੋਂ ਬਿਨਾਂ ਆਪੇ ਦੀ ਪ੍ਰਾਪਤੀ, ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਆਪਾ ਹੀ ਆਤਮਾ ਤਕ ਪਹੁੰਚਾਉਂਦਾ ਹੈ, ਆਪਣੇ ਹੀ ਸਾਧਨ ਤੁਹਾਨੂੰ ਪ੍ਰਾਪਤੀ ਤਕ ਲੈ ਜਾਂਦੇ ਹਨ, ਅੰਦਰ ਦੇ ਚਾਨਣ ਮਾਰਗ ਤੇ ਤੁਰਨਾ ਇਕ ਬਹੁਤ ਵੱਡਾ ਤਜਰਬਾ ਹੈ ਜਿਹੜਾ ਹਰ ਮਨੁੱਖ ਕਰ ਸਕਦਾ ਹੈ।

ਜਦੋਂ ਸੂਰਜ ਛੁਪ ਜਾਂਦਾ ਹੈ, ਹਨ੍ਹੇਰਾ ਛਾ ਜਾਂਦਾ ਹੈ, ਪਰ ਜੇ ਕੋਈ ਸਦਾ ਲਈ ਸੂਰਜ ਦੀ ਪ੍ਰਾਪਤੀ ਕਰ ਲਵੇ, ਉਸ ਨੂੰ ਕਦੇ ਹਨ੍ਹੇਰਾ ਦੇਖਣਾ ਹੀ ਨਹੀਂ ਪਵੇਗਾ, ਅੰਦਰ ਦੇ ਸੰਸਾਰ ਵਿਚ ਪੱਥ ਪਦਰਸ਼ਕ ਸਦਾ ਹੀ ਹੈ, ਤੁਸੀਂ ਕਦੀ ਵੀ ਇਕੱਲੇ ਨਹੀਂ ਹੁੰਦੇ, ਪਰ ਬਾਹਰੀ ਸੰਸਾਰ ਵਿਚ ਤੁਹਾਨੂੰ ਬਹੁਤ ਵਾਰੀ ਉਨ੍ਹਾਂ ਚੀਜ਼ਾਂ ਤੇ ਨਿਰਭਰ ਹੋਣਾ ਪੈਂਦਾ ਹੈ ਜਿਹੜੀਆਂ ਹਰ ਸਮੇਂ ਉਪਲਬਧ ਨਹੀਂ ਹੁੰਦੀਆਂ ਅਤੇ ਸਭ ਤੋਂ ਵੱਧ ਲੋੜ ਹੁੰਦੀ ਹੈ, ਗੁਰੂ ਦੀ ਸਿਖਿਆ ਦੀ, ਗ੍ਰੰਥਾਂ ਦੇ ਗਿਆਨ ਦੀ। ਜਦੋਂ ਬਾਹਰ ਦੇ ਸਾਧਨ ਦੀ ਸੀਮਾ ਤੁਸੀਂ ਜਾਣ ਲੈਂਦੇ ਹੋ ਫੇਰ ਤੁਸੀਂ ਅੰਤਰਮੁਖੀ ਹੁੰਦੇ ਹੋ, ਉਹ ਦਿਨ ਜੀਵਨ ਦਾ ਸਭ ਤੋਂ ਸੁਨਿਹਰਾ ਦਿਨ ਹੁੰਦਾ ਹੈ, ਹੈ ਉਹ ਹੁਣ ਵੀ ਜਗਿਆਸੂ ਹੈ ਪਰ ਹੁਣ ਉਸ ਦੀ ਜਗਿਆਸਾ ਅੰਤਰਮੁਖੀ ਹੋ ਗਈ ਹੈ।

ਤੁਹਾਨੂੰ ਅੰਦਰ ਬਹੁਤ ਸਾਰੀਆਂ ਕ੍ਰਮਿਤ ਘਟਨਾਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਤੁਸੀਂ ਥੋੜ੍ਹੀ ਦੇਰ ਲਈ ਭਾਵੇਂ ਹੈਰਾਨ ਹੀ ਹੋ ਜਾਓ, ਭਾਵੇਂ ਗਦ ਗਦ ਹੋ ਜਾਓ, ਆਪਣੇ ਆਪ ਨੂੰ ਤੁਛ ਮਹਿਸੂਸ ਕਰੋ ਭਾਵੇਂ ਥੋੜ੍ਹੀ ਦੇਰ ਲਈ ਆਪਣੇ ਆਪ ਨੂੰ ਸੂਖਸ਼ਮ ਅਨੁਭਵਾਂ ਨਾਲ ਇਕਮਿਕ ਵੀ ਨਾ ਕਰ ਸਕੋ, ਪਰ ਜਦੋਂ ਤੁਸੀਂ ਸਾਧਨਾ ਕਰਨ ਲਗ ਪੈਂਦੇ ਹੋ, ਤੁਸੀਂ ਦੋ ਪ੍ਰਕਾਰ ਦੇ ਅਨੁਭਵਾਂ ਨੂੰ ਨਿਖੇੜਨ ਲਗ ਪੈਂਦੇ ਹੋ, ਕੁਝ ਨਿਖੇਦੀ ਵਾਲੇ ਹੁੰਦੇ ਹਨ, ਕੁਝ ਪ੍ਰਤੱਖਵਾਦੀ, ਕੁਝ ਅਨੁਭਵ ਲਾਭਦਾਇਕ ਹੁੰਦੇ ਹਨ, ਕੁਝ ਹਾਨੀਕਾਰਕ ਹੁੰਦੇ ਹਨ, ਕੁਝ ਗੁਮਰਾਹ ਕਰਨ ਵਾਲੇ ਹੁੰਦੇ ਹਨ, ਕੁਝ ਸਹਾਇਕ ਹੁੰਦੇ ਹਨ, ਹੌਲੀ-ਹੌਲੀ ਤੁਸੀਂ ਹਾਨੀਕਾਰਕ ਅਨੁਭਵਾਂ ਨੂੰ ਛੱਡਣਾ ਸਿੱਖ ਜਾਂਦੇ ਹੋ ਅਤੇ ਲਾਭਦਾਇਕ ਅਨੁਭਵਾਂ ਨੂੰ ਰੱਖਣਾ ਸਿੱਖ ਲੈਂਦੇ ਹੋ, ਤਾਂ ਜੋ ਤੁਸੀਂ ਸਾਧਨਾ ਵਿਚ ਡੂੰਘੇ ਜਾ ਸਕੋ। ਜੇ ਤੁਸੀਂ ਧੀਰਜ ਵਾਲੇ ਹੋ, ਸ਼ਾਂਤ ਸੁਭਾਅ ਹੋ, ਆਪਣੀ ਅੰਦਰ

ਦੀ ਸ਼ਕਤੀ ਤੇ ਭਰੋਸਾ ਰਖਦੇ ਹੋ ਤਾਂ ਤੁਸੀਂ ਦ੍ਰਿੜ੍ਹ ਹੋ ਕੇ ਸਾਧਨ ਵਿਚ ਲੱਗੇ ਰਹੋਗੇ ਅਤੇ ਚੰਗੇ ਬੁਰੇ ਦਾ ਨਿਰਣਾ ਲੈ ਸਕੋਗੇ ਤੇ ਬੁਰੇ ਨੂੰ ਛੱਡ ਕੇ ਚੰਗੇ ਨੂੰ ਅਪਨਾਅ ਸਕੋਗੇ। ਜਦੋਂ ਤੁਸੀਂ ਅੰਦਰ ਜਾਨਣ ਲਗਦੇ ਹੋ, ਆਪਾ ਚੀਨਣ ਲਗਦੇ ਹੋ ਵਧੇਰੇ ਘਬਰਾਹਟ ਪੈਦਾ ਹੋ ਸਕਦੀ ਹੈ, ਪਰ ਸਾਧਨਾ ਦੀ ਸਹਾਇਤਾ ਨਾਲ ਤੇ ਅੰਦਰ ਦੇ ਚਾਨਣ ਨਾਲ ਤੁਹਾਨੂੰ ਚਾਨਣਾ ਮਹਿਸੂਸ ਹੋਵੇਗਾ, ਤੁਹਾਡਾ ਮਨ ਨਿਰਮਲ ਹੁੰਦਾ ਜਾਵੇਗਾ ਅਤੇ ਤੁਸੀਂ ਸਾਰੀਆਂ ਔਕੜਾਂ ਨੂੰ ਪਾਰ ਕਰ ਲਵੋਂਗੇ, ਫੇਰ ਤੁਸੀਂ ਅੰਦਰ ਦੇ ਚਾਨਣ ਦੇ ਨਾਲ-ਨਾਲ ਤੁਰਦੇ ਆਤਮਾ ਤਕ, ਪਹੁੰਚ ਜਾਂਦੇ ਹੋ ਤੁਸੀਂ ਆਪ ਜਗਿਆਸੂ ਰੂਪ ਵਿਚ, ਚਾਨਣ ਅਤੇ ਸਾਧਨ ਸਾਰੇ ਹੀ ਮਿਲ ਕੇ ਪਰਮ ਅਨੰਦ ਤਕ ਆਤਮਾ ਤਕ ਪਹੁੰਚਾ ਦਿੰਦੇ ਹਨ, ਇਸ ਤਰ੍ਹਾਂ ਜਗਿਆਸੂ ਆਪ ਹੀ ਆਪਣੇ ਹੱਥੀਂ ਆਪਣਾ ਕਾਰਜ ਸਵਾਰ ਲੈਂਦਾ ਹੈ।

ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਕਦੀ ਵੀ ਪੁਰਾਣੀਆਂ ਆਦਤਾਂ ਵਿਚ ਮੁੜ ਕੇ ਨਾ ਪੈਣ ਦੇਵੇ, ਆਤਮਾ ਹੀ ਤੁਹਾਡਾ ਸੱਚਾ ਮਿਤਰ ਹੈ, ਪਰ ਜੇ ਜਗਿਆਸੂ ਆਪਣੇ ਸਾਧਨਾ ਦੀ ਵਰਤੋਂ ਨਾ ਕਰੇ, ਉਹ ਸਾਧਨ ਜਿਹੜੇ ਉਸ ਦੇ ਅੰਦਰ ਹਨ, ਉਸ ਦੇ ਉਲਟ ਉਹ ਬਾਹਰ ਦੇ ਸਾਧਨਾ ਤੇ ਨਿਰਭਰ ਰਹੇ, ਉਹ ਆਪ ਹੀ ਆਪਣਾ ਵੈਰੀ ਬਣ ਜਾਂਦਾ ਹੈ, ਤੁਸੀਂ ਆਪ ਹੀ ਆਪਣੇ ਮਿਤਰ ਹੋ, ਆਪ ਹੀ ਆਪਣੇ ਵੈਰੀ ਹੋ। ਜਿਸ ਨੇ ਆਪਣਾ ਆਪਾ ਅੰਦਰ ਦੇ ਚਾਨਣ ਰਾਹੀਂ ਕਾਬੂ ਕਰ ਲਿਆ ਹੈ ਉਹ ਆਪਣਾ ਮਿਤ੍ਰ ਬਣ ਗਿਆ ਹੈ, ਪਰ ਜਿਸ ਨੇ ਆਪਣਾ ਆਪ ਕਾਬੂ ਨਹੀਂ ਕੀਤਾ, ਸੰਜਮ ਵਿਚ ਨਹੀਂ ਆਇਆ ਉਹ ਆਪਣਾ ਵੈਰੀ ਹੈ। ਆਪਾ ਕਾਬੂ ਕਰਨ ਲਈ ਸੰਜਮ ਬਹੁਤ ਹੀ ਜ਼ਰੂਰੀ ਹੈ। ਸੰਜਮ ਇਕ ਬਹੁਤ ਵੱਡਾ ਮਿਤ੍ਰ ਹੈ। ਇਸ ਤੋਂ ਬਿਨਾਂ ਮਨ ਦੀਆਂ ਸ਼ਕਤੀਆਂ ਰੁਕਾਵਟ ਪੈਦਾ ਕਰਦੀਆਂ ਹਨ, ਸੰਜਮ ਸਾਡਾ ਮਿਤਰ ਹੈ, ਬਿਨਾਂ ਸੰਜਮ ਤੁਸੀਂ ਆਪਣੇ ਵੈਰੀ ਹੋ।

ਜਗਿਆਸੂ ਜਾਂ ਆਮ ਵਿਦਿਆਰਥੀ ਆਪਣੀਆਂ ਕਮਜ਼ੋਰੀਆਂ ਨੂੰ ਦੂਸਰਿਆਂ ਦੀਆਂ ਬਣਾ ਕੇ ਦਸਦੇ ਹਨ, ਇਸ ਤਰ੍ਹਾਂ ਨਾਲ ਉਹ ਆਪਣੇ ਆਪ ਤੋਂ ਸੌਖਾ ਹੀ ਛੁਟਕਾਰਾ ਪਾ ਲੈਂਦੇ ਹਨ, ਕਦੀ ਵੀ ਕੋਈ ਆਪਣੀਆਂ ਕਮਜ਼ੋਰੀਆਂ ਦੀ ਜ਼ਿੰਮੇਵਾਰੀ ਨਹੀਂ ਲੈਣੀ ਚਾਹੁੰਦਾ, ਆਪਣੀਆਂ ਗਲਤੀਆਂ ਨਹੀਂ ਮੰਨਣਾ ਚਾਹੁੰਦਾ ਪਰ ਜਦੋਂ ਵਿਦਿਆਰਥੀ ਇਸ ਗੱਲ ਤੋਂ ਜਾਣੂੰ ਹੋ ਜਾਏ ਕਿ ਉਹ ਆਪਣਾ ਮਿਤ੍ਰ ਹੈ ਅਤੇ ਆਪ ਹੀ ਆਪਣਾ ਵੈਰੀ ਹੈ, ਫੇਰ ਉਹ ਵਿਵੇਕੀ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਉਹ ਆਤਮ ਮਾਰਗ ਦੀ ਇਕ ਪੌੜੀ ਹੋਰ ਉਤੇ ਚੜ੍ਹ ਜਾਂਦਾ ਹੈ।

ਜਿਸ ਜਗਿਆਸੂ ਨੂੰ ਗ੍ਰੰਥਾਂ ਦਾ ਗਿਆਨ ਨਹੀਂ ਅਤੇ ਉਸ ਨੂੰ ਕਿਸੇ ਗੁਰੂ ਨੇ ਸਿਖਿਆ ਵੀ ਨਹੀਂ ਦਿਤੀ, ਉਹ ਵਿਵੇਕੀ ਨਹੀਂ ਬਣ ਸਕਦਾ ਅਤੇ ਆਤਮਾ ਅਤੇ ਮੈਂ ਭਾਵ ਵਿਚ ਫਰਕ ਨਹੀਂ ਦੇਖ ਸਕਦਾ। ਮੈਂ ਭਾਵ ਪ੍ਰਕ੍ਰਿਤੀ ਹੈ, ਹਉਮੈ ਹੈ, ਕੇਵਲ ਸਰੀਰ, ਇੰਦ੍ਰੀਆਂ ਸੁਆਸ ਚੇਤਨ ਮਨ ਅਚੇਤ ਮਨ ਹੈ, ਇਹ ਸਦਾ ਬਦਲਦਾ ਰਹਿੰਦਾ ਹੈ, ਇਸੇ ਕਰਕੇ ਹੀ ਇਸਨੂੰ ਕੇਵਲ ਆਪਾ ਹੀ ਕਿਹਾ ਗਿਆ ਹੈ ਜਾਂ ਜੀਵ ਆਤਮਾ ਕਿਹਾ ਗਿਆ ਹੈ, ਇਸ ਆਪੇ ਦੇ ਪਿਛੇ, ਇਸ ਜੀਵ ਆਤਮਾ ਦੇ ਪਿਛੇ ਇਕ ਸਥਾਈ ਚਾਨਣ ਹੈ, ਆਤਮਾ ਨਾ ਮਰਦੀ ਹੈ, ਨਾ ਜੰਮਦੀ ਹੈ, ਇਹ ਅਜਰ ਹੈ, ਅਮਰ ਹੈ ਇਹ ਕਦੀ ਬਦਲਦੀ ਵੀ ਨਹੀਂ। ਸਿਖਣ ਦੀ ਲੋੜ ਹੈ ਹੰਗਤਾ ਤੇ ਮਮਤਾ ਤੋਂ ਉਪਰ ਉਠ ਕੇ ਆਤਮਾ ਨੂੰ ਪਛਾਨਣ ਦੀ, ਉਸ ਦੀ ਪਛਾਣ ਕਰਕੇ ਹੀ ਤੁਸੀਂ ਆਤਮਾ ਵਿਚ ਲੀਨ ਹੋ ਸਕਦੇ ਹੋ।

7. ਜਿਸ ਨੇ ਆਪਾ ਕਾਬੂ ਕਰ ਲਿਆ ਹੈ, ਜਿਸ ਲਈ ਸਭ ਕੁਝ ਸਮਾਨ ਹੈ, ਸਰਦੀ ਗਰਮੀ ਸੁੱਖ, ਦੁਖ, ਮਾਨ, ਅਪਮਾਨ ਉਹ ਸ਼ਾਂਤ ਹੈ ਉਹ ਪ੍ਰਮਾਤਮਾ ਨਾਲ ਇਕ ਹੋ ਗਿਆ ਹੈ।

8. ਜਿਸ ਦੀ ਆਤਮਾ ਗਿਆਨ ਨਾਲ ਤ੍ਰਿਪਤ ਹੋ ਚੁੱਕੀ ਜੋ ਵਿਗਿਆਨ ਨਾਲ ਭਰਪੂਰ ਹੈ ਜਿਸ ਦਾ ਮਨ ਸਥਿਰ ਹੈ ਜਿਸ ਨੇ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ, ਜਿਸ ਨੂੰ ਸੋਨਾ ਪੱਥਰ ਤੇ ਮਿੱਟੀ ਇਕੋ ਸਮਾਨ ਹਨ, ਉਹ ਯੋਗੀ ਆਤਮਲੀਨ ਹੈ।

9. ਜਿਹੜਾ ਸੁਹਰਿਦ ਹੈ ਮਿਤ੍ਰ ਵੈਰੀ, ਉਦਾਸੀਨ, ਮਸਤ, ਦ੍ਵੈਸ਼ੀ, ਸਬੰਧੀ ਸਾਧੂਆਂ ਅਤੇ ਪਾਪੀਆਂ ਨੂੰ ਇਕ ਸਮਾਨ ਦੇਖਦਾ ਹੈ, ਇਕ ਹੀ ਨਜ਼ਰ ਨਾਲ ਦੇਖਦਾ ਹੈ, ਉਹ ਯੋਗੀਆਂ ਵਿਚੋਂ ਸ੍ਰੇਸ਼ਟ ਹੈ।

ਜਿਸ ਨੇ ਆਪਣਾ ਆਪ ਸੰਸਾਰ ਵਿਚ ਵਿਚਰਨ ਵਾਲਾ ਆਪਾ ਹੰਗਤਾ ਤੇ ਮਮਤਾ ਨੂੰ ਜਿੱਤ ਲਿਆ ਹੈ, ਸਾਰੀਆਂ ਇੰਦ੍ਰੀਆਂ ਜਿੱਤ ਲਈਆਂ ਹਨ, ਤ੍ਰਿਸ਼ਨਾ ਤੇ ਕਾਬੂ ਪਾ ਲਿਆ ਹੈ, ਉਸ ਨੇ ਪਰਮ ਅਨੰਦ ਪ੍ਰਾਪਤ ਕਰ ਲਿਆ ਹੈ, ਉਹ ਹਰ ਤਰ੍ਹਾਂ ਦੇ ਵਿਪਰੀਤ ਤੋਂ ਉਪਰ ਹੋ ਗਿਆ ਹੈ ਭਾਵ ਉਸ ਲਈ ਸੁਖ, ਦੁਖ, ਠੰਢ, ਗਰਮੀ, ਸੋਨਾ, ਮਿੱਟੀ, ਸਮਾਨ ਹੋ ਗਿਆ ਹੈ, ਇਹੋ ਜਿਹਾ ਮਨੁੱਖ ਗਿਆਨ ਪ੍ਰਾਪਤ ਕਰਕੇ ਸਾਧਨ ਰਾਹੀਂ ਪਰਮ ਅਨੰਦ ਵਿਚ ਸਥਿਤ ਹੋ ਗਿਆ ਹੈ, ਸਦਾ ਆਤਮਾ ਵਿਚ ਲੀਨ ਰਹਿੰਦਾ ਹੈ, ਉਸ ਨੇ ਸੰਸਾਰ ਦੇ ਸੀਮਤ ਭੋਗਾਂ ਨੂੰ ਜਾਣ ਲਿਆ ਹੈ, ਉਸ ਨੂੰ ਵਿਪਰੀਤ ਵੀ ਪ੍ਰਭਾਵਿਤ ਨਹੀਂ ਕਰ ਸਕਦੇ, ਉਸ ਲਈ ਮਿੱਟੀ ਅਤੇ ਸੋਨੇ ਦਾ ਢੇਲਾ ਬਰਾਬਰ ਹਨ ਭਾਵ ਇਕੋ ਹੀ ਮਹੱਤਵ ਰਖਦੇ ਹਨ ਇਹੋ ਜਿਹੇ ਪਹੁੰਚੇ ਹੋਏ ਨੂੰ ਸ੍ਰੇਸ਼ਟ ਯੋਗੀ ਕਹਿੰਦੇ ਹਨ।

ਜਿਸ ਨੇ ਇੰਦ੍ਰੀਆਂ ਨੂੰ ਜਿੱਤ ਲਿਆ ਹੈ, ਆਪਣੇ ਆਪ ਤੇ ਕਾਬੂ ਪਾ ਲਿਆ ਹੈ ਉਸ ਨੂੰ ਆਤਮ-ਜੀਤਾ ਕਹਿੰਦੇ ਹਨ। ਇਹੋ ਜਿਹਾ ਯੋਗੀ ਸੰਸਾਰ ਦੇ ਲੋਭ ਮੋਹ ਤੋਂ ਮੁਕਤ ਹੁੰਦਾ ਹੈ ਕੇਵਲ ਆਤਮਕ ਅਨੰਦ ਵਿਚ ਹੀ ਰਹਿੰਦਾ ਹੈ, ਆਤਮਕ ਅਨੰਦ ਜਿਹੜਾ ਅੰਦਰ ਹੈ ਉਹ ਸਥਾਈ ਹੈ, ਸੰਸਾਰ ਦੇ ਸੁਖ, ਭੋਗ ਕੇਵਲ ਛਿਨਭੰਗਰ ਹੀ ਹੁੰਦੇ ਹਨ, ਸੰਸਾਰ ਦੇ ਸੁਖ ਛੇਤੀ ਹੀ ਦੁਖ ਵਿਚ ਬਦਲ ਜਾਂਦੇ ਹਨ, ਸੰਸਾਰ ਵਿਚ ਰਹਿੰਦਿਆਂ ਜਾਂ ਤੁਸੀਂ ਸੁਖੀ ਮਹਿਸੂਸ ਕਰਦੇ ਹੋ ਜਾਂ ਦੁਖੀ, ਇਹ ਗੱਲ ਯੋਗੀ ਤੇ ਲਾਗੂ ਨਹੀਂ ਹੁੰਦੀ, ਉਹ ਸਦਾ ਪਰਮ ਅਨੰਦ ਅਵਸਥਾ ਵਿਚ ਰਹਿੰਦਾ ਹੈ, ਇਹੋ ਜਿਹੇ ਯੋਗੀ ਦੀ ਪਛਾਣ ਕੋਈ ਸੌਖੀ ਨਹੀਂ, ਆਮ ਮਨੁੱਖ ਆਪਣੇ ਆਪੇ ਨੂੰ ਸਮੇਟ ਸਮੇਟ ਕੇ ਰਖਦਾ ਰਹਿੰਦਾ ਹੈ, ਉਸ ਵਿਚ ਹੀ ਵੱਡਾਪਨ ਸਮਝਦੇ ਹਨ। ਸ਼ੋਹਰਤ ਤੇ ਆਪਣਾ ਨਾਮ ਉਚਾ ਕਰਨ ਲਈ ਉਹ ਆਪਣੇ ਝੂਠੇ ਪਾਸੇ ਨਾਲ ਜੁੜ ਜਾਂਦਾ ਹੈ, ਉਹ ਹਉਮੈ ਦਾ ਹੀ ਪ੍ਰਤੀਕ ਹੁੰਦਾ ਹੈ।

ਜਿਹੜੇ ਮਹਾਂਪੁਰਖ ਯੋਗੀ ਅੰਦਰ ਦੇ ਮਾਰਗ, ਆਤਮ ਮਾਰਗ ਤੇ ਚਲਦੇ ਹਨ ਉਹ ਸੰਸਾਰਕ ਸ਼ੋਹਰਤ ਤੇ ਮਾਨ ਤੋਂ, ਅਪਮਾਨ ਤੋਂ ਉਚੇ ਉਠ ਕੇ ਅਨੰਦ ਵਿਚ ਰਹਿੰਦੇ ਹਨ। ਜਿਹੜੇ ਆਪਾ ਚੀਨ ਲੈਂਦੇ ਹਨ, ਆਤਮਾ ਨੂੰ ਜਾਣ ਜਾਂਦੇ ਹਨ ਉਹ ਇਸ ਧਰਤੀ ਉਤੇ ਵੀ ਅਨੰਦ ਹੀ ਬਿਖਰਾਂਦੇ ਹਨ। ਉਨ੍ਹਾਂ ਨੂੰ ਮਾਨ ਅਪਮਾਨ ਨਾਲ ਕੋਈ ਵਾਸਤਾ ਨਹੀਂ ਹੁੰਦਾ, ਉਹ ਦੁਖ ਸੁਖ ਤੋਂ ਉਪਰ ਹੁੰਦੇ ਹਨ। ਸੰਸਾਰ ਭਾਵੇਂ ਉਨ੍ਹਾਂ ਲਈ ਕੁਝ ਸੋਚੇ ਉਹ ਸਦਾ ਹੀ ਆਪਣੇ ਆਪ ਨੂੰ ਸੰਸਾਰ ਵਿਚ ਇਕ ਮੁਸਾਫਿਰ ਦੀ ਤਰ੍ਹਾਂ ਹੀ ਵਿਚਰਦੇ ਹਨ, ਸੰਸਾਰ ਇਕ ਵਿਸ਼ਰਾਮ ਗ੍ਰਹਿ ਦੀ ਤਰ੍ਹਾਂ ਹੈ, ਉਹ ਕਦੀ ਵੀ ਇਸ ਨੂੰ ਆਪਣਾ ਘਰ ਨਹੀਂ ਸਮਝਦੇ, ਆਮ ਮਨੁੱਖ ਉਨ੍ਹਾਂ ਨੂੰ ਪਛਾਣ ਹੀ ਨਹੀਂ ਸਕਦੇ, ਬਹੁਤ ਥੋੜ੍ਹੇ ਹੁੰਦੇ ਹਨ ਸੰਸਾਰ ਤੇ ਜਿਹੜੇ ਉਨ੍ਹਾਂ ਨੂੰ ਪਛਾਣਦੇ ਹਨ; ਕੇਵਲ ਦੂਸਰੇ ਸੰਤ ਹੀ, ਬ੍ਰਹਮਗਿਆਨੀ ਹੀ ਉਨ੍ਹਾਂ ਨੂੰ ਪਛਾਣ ਸਕਦੇ ਹਨ ਜਿਹੜੇ ਆਪ ਪਹੁੰਚੇ ਹਨ।

ਪਹਿਲਾ ਕ੍ਰਿਸ਼ਨ ਜੀ ਅਰਜਨ ਨੂੰ ਆਪਣੀ ਸ਼ੋਹਰਤ ਮਾਣ ਬਾਰੇ ਚੇਤਨ ਕਰਾਉਂਦੇ ਹਨ, ਹੁਣ ਜੋ ਸਿਖਿਆ ਦਿਤੀ ਜਾ ਰਹੀ ਹੈ ਉਹ ਪਹਿਲੀ ਸਿਖਿਆ ਤੋਂ ਵਿਪਰੀਤ ਨਹੀਂ ਹੈ। ਕ੍ਰਿਸ਼ਨ ਜੀ ਅਰਜਨ ਨੂੰ ਆਪਣੀਆਂ ਡੀਊਟੀਆਂ ਬਾਰੇ ਦਸ ਰਹੇ ਸਨ, ਉਸ ਨੂੰ ਯਾਦ ਕਰਾ ਰਹੇ ਸਨ ਕਿ ਉਹ ਇਕ ਆਗੂ ਹੈ, ਯੋਧਾ ਹੈ, ਉਹ ਇਕ ਬੁਜ਼ਦਿਲ ਕਾਇਰ ਕਮਜ਼ੋਰ ਨਹੀਂ, ਨਾ ਹੀ ਉਹ ਕੋਈ ਆਮ ਮਨੁੱਖ ਹੈ, ਸ੍ਵੈਮਾਨ, ਸ੍ਵੈਸਨਮਾਨ, ਆਪਣੀਆਂ ਡੀਊਟੀਆਂ ਨੂੰ ਯਾਦ ਕਰਾਉਂਦਾ ਹੈ, ਉਨ੍ਹਾਂ ਕੰਮਾਂ ਦਾ ਯਾਦ ਕਰਾਉਂਦੇ ਹਨ ਜਿਹੜੇ ਉਸ ਨੂੰ ਪੂਰੇ ਕਰਨੇ ਚਾਹੀਦੇ ਹਨ, ਇਹੋ ਜਿਹੇ ਸਨਮਾਨ, ਝੂਠੇ ਭਰੋਸੇ ਨਹੀਂ ਦਿਵਾਉਂਦੇ, ਜਿਹੜੇ ਭਰਮਾਂ ਵਿਚ ਰਹਿੰਦੇ ਹਨ, ਮਾਇਆ ਵਿਚ ਉਲਝੇ ਰਹਿੰਦੇ ਹਨ, ਜਿਨ੍ਹਾਂ ਨੂੰ ਆਪਣੇ ਆਪ ਉਤੇ ਭਰੋਸਾ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀਆਂ ਡੀਊਟੀਆਂ ਦਾ ਵੀ ਗਿਆਨ ਨਹੀਂ ਹੁੰਦਾ। ਉਹ ਸੁਆਰਥੀ ਹੁੰਦੇ ਹਨ, ਹਉਮੈ ਦੇ ਭਰੇ ਹੁੰਦੇ ਹਨ ਕੇਵਲ ਆਪਣੀ ਤ੍ਰਿਸ਼ਨਾ ਲਈ ਹੀ ਕੰਮ ਕਰਦੇ ਹਨ, ਇਨ੍ਹਾਂ ਦਾ ਕੋਈ ਸ੍ਵੈਮਾਨ ਨਹੀਂ ਹੁੰਦਾ ਕਿਉਂਕਿ ਇਹ ਜਾਣਦੇ ਹਨ ਕਿ ਅੰਦਰੋਂ ਇਹ ਉਹ ਨਹੀਂ ਹਨ ਜੋ ਸੰਸਾਰ ਨੂੰ ਬਣ ਕੇ ਦਿਖਾ ਰਹੇ ਹਨ, ਉਹ ਲਾਚਾਰ ਬਣੇ ਰਹਿੰਦੇ ਹਨ ਕਿਉਂਕਿ ਉਹ ਵਿਸ਼ੇ ਭੋਗਾਂ ਦੇ ਨਸ਼ੇ ਵਿਚ ਡੁੱਬੇ ਰਹਿੰਦੇ ਹਨ ਅਤੇ ਆਪਣੇ ਬਚਾਅ ਲਈ ਆਲੇ ਦੁਆਲੇ ਕੰਧਾਂ ਉਸਾਰ ਲੈਂਦੇ ਹਨ, ਆਪਣੇ ਅੰਦਰ ਦੇ ਭੈ ਤੋਂ ਬਚਣ ਲਈ। ਇਹ ਦੋ ਤਰ੍ਹਾਂ ਦੇ ਮਨੁੱਖਾਂ ਵਿਚ ਬਹੁਤ ਫਰਕ ਹੁੰਦੇ ਹਨ, ਇਕਨਾਂ ਦਾ ਸੱਚਾ ਸ੍ਵੈਮਾਨ ਹੁੰਦਾ ਹੈ ਦੂਸਰੇ ਕੇਵਲ ਦੇਖਣ ਵਿਚ ਸ੍ਵੈਮਾਨੀ ਲਗਦੇ ਹਨ।

ਗੁਰੂ ਅਤੇ ਅਧਿਆਪਕ ਆਪਣੇ ਸ਼ਿਸ਼ਾਂ ਅਤੇ ਚੇਲਿਆਂ ਨੂੰ ਚੰਗੀ ਤਰ੍ਹਾਂ ਦੇਖਦਾ ਹੈ, ਉਨ੍ਹਾਂ ਦਾ ਆਚਾਰ ਵਿਹਾਰ ਦੇਖਦਾ ਹੈ, ਉਹ ਦੇਖ ਲੈਂਦਾ ਹੈ ਕਿਸੇ ਸ਼ਿਸ਼ ਵਿਚ ਸ੍ਵੈਮਾਨ ਨਹੀਂ ਹੁੰਦਾ, ਇਸਦੇ ਉਲਟ ਉਹ ਆਪਣੇ ਆਪ ਨੂੰ ਨਿਖੇਦਦੇ ਹਨ ਅਤੇ ਇਸ ਤਰ੍ਹਾਂ ਕਰਕੇ ਉਹ ਆਪਣਾ ਕਮਜ਼ੋਰ ਤੇ ਬੁਰਾ ਹਿੱਸਾ ਲੁਕਾ ਲੈਂਦੇ ਹਨ ਤੇ ਆਪਣੇ ਆਪ ਤੇ ਮਖੌਟਾ ਪਾ ਲੈਂਦੇ ਹਨ, ਜਿਹੜੀ ਰੂਪ ਰੇਖਾ ਉਹ ਦੂਸਰਿਆਂ ਅੱਗੇ ਰਖਦੇ ਹਨ ਇਹ ਉਨ੍ਹਾਂ ਦੇ ਸ੍ਵੈ ਤੇ ਬਿਲਕੁਲ ਭਰੋਸਾ ਨਹੀਂ ਦਰਸਾਉਂਦੀ, ਇਹ ਬੱਚਿਆਂ ਲਈ ਹਾਨੀਕਾਰਕ ਹੋ ਕੇ ਉਨ੍ਹਾਂ ਦੀ ਤਰੱਕੀ ਵਿਚ ਰੁਕਾਵਟ ਬਣਦੀ ਹੈ। ਇਕ ਅੱਛਾ ਸ਼ਿਸ਼ ਆਪਾਂ ਚੰਗੀ ਤਰ੍ਹਾਂ ਜਾਣਦਾ ਹੈ, ਆਪਣੇ ਗੁਣ ਅਵਗੁਣ ਬਹੁਤ ਅੱਛੀ ਤਰ੍ਹਾਂ ਜਾਣਦਾ ਹੈ ਉਹ ਆਪਣੇ ਚੇਤਨ ਵਿਚ ਸਾਰੇ ਗੁਣ ਅਵਗੁਣ ਰਖਦਾ ਹੈ, ਇਹ ਹੀ ਸੱਚਾ ਸ੍ਵੈਮਾਨ ਹੈ, ਜੇ ਸਵੈਮਾਨ ਖਤਮ ਹੋ ਜਾਵੇ ਤਾਂ ਮਨੁੱਖ ਅੰਦਰੋਂ ਖੋਖਲਾ ਹੋ ਜਾਂਦਾ ਹੈ।

ਸੰਤਾਂ ਨੂੰ ਕੋਈ ਫਰਕ ਨਹੀਂ ਪੈਂਦਾ, ਉਨ੍ਹਾਂ ਨੂੰ ਕੋਈ ਜਾਣੇ ਚਾਹੇ ਨਾ ਜਾਣੇ, ਜਿਹੜੇ ਉਥੇ ਤਕ ਪਹੁੰਚ ਗਏ ਹਨ, ਉਹ ਹੀ ਉਨ੍ਹਾਂ ਨੂੰ ਪਛਾਣ ਸਕਦੇ ਹਨ, ਉਨ੍ਹਾਂ ਤੋਂ ਕੁਝ ਪ੍ਰਾਪਤ ਕਰ ਸਕਦੇ ਹਨ, ਅਰਜਨ ਤਾਂ ਇਕ ਆਗੂ ਹੈ, ਯੋਧਾ ਹੈ ਉਸ ਨੂੰ ਲੱਖਾਂ ਲੋਕ ਮੰਨਦੇ ਹਨ। ਜੇ ਉਸ ਨੂੰ ਹੀ ਧਰਮ ਦਾ ਗਿਆਨ ਨਹੀਂ ਹੋਵੇਗਾ, ਉਹ ਹੀ ਆਪਣੀ ਡੀਊਟੀ ਨਹੀਂ ਕਰੇਗਾ ਉਸ ਨੂੰ ਕੋਈ ਸਤਿਕਾਰੇਗਾ ਨਹੀਂ, ਕੋਈ ਵੀ ਉਸ ਨੂੰ ਸਲਾਹੇਗਾ ਨਹੀਂ, ਉਸ ਦੀ ਸਥਿਤੀ ਸੰਤਾਂ ਨਾਲੋਂ ਵਖਰੀ ਹੈ, ਉਸ ਨੂੰ ਧਰਮ ਨਿਭਾਉਣ ਦੀ ਲੋੜ ਹੈ, ਆਪਣੀ ਡੀਊਟੀ ਸੁਚੱਜੀ ਤਰ੍ਹਾਂ ਕਰਨ ਦੀ ਲੋੜ ਹੈ, ਨਿਸੁਆਰਥ ਹੋ ਕੇ ਕਰਨ ਦੀ ਲੋੜ ਹੈ, ਪਿਆਰ ਨਾਲ ਕਰਨ ਦੀ ਲੋੜ ਹੈ, ਆਗੂਆਂ ਦਾ ਆਚਾਰ ਵਿਹਾਰ ਆਮ ਮਨੁੱਖ ਲਈ ਇਕ ਮਿਸਾਲ ਵਜੋਂ ਹੁੰਦਾ ਹੈ, ਇਸ ਕਰਕੇ ਉਨ੍ਹਾਂ ਨੂੰ ਸਤ੍ਰਕ ਰਹਿਣਾ ਚਾਹੀਦਾ ਹੈ, ਆਪਣੀਆਂ ਡੀਊਟੀਆਂ ਲਈ ਚੇਤਨ ਰਹਿਣਾ ਚਾਹੀਦਾ ਹੈ, ਤਾਂ ਜੋ ਕੋਈ ਕਿਸੇ ਕਿਸਮ ਦਾ ਭਰਮ ਨਾ ਰਹੇ। ਆਮ ਲੋਕੀ ਆਮ ਤੌਰ ਤੇ ਆਪਣੇ ਆਗੂਆਂ ਨੂੰ ਸਤਿਕਾਰਦੇ ਹਨ ਪਰ ਸੱਚੇ ਆਗੂ ਇਨ੍ਹਾਂ ਗੱਲਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ, ਕਿਸੇ ਕਿਸਮ ਦਾ ਸਤਿਕਾਰ ਉਨ੍ਹਾਂ ਨੂੰ ਛੋਂਹਦਾ ਨਹੀਂ।

ਮਾਨਵਤਾ ਦੇ ਵੱਡੇ ਵੱਡੇ ਆਗੂ ਤੇ ਪੱਥ ਪਰਦਰਸ਼ਕ ਆਪਣੀਆਂ ਰੁਚੀਆਂ ਬਦਲਿਆ ਨਹੀਂ ਕਰਦੇ, ਨਾ ਹੀ ਕਦੀ ਆਪਣੀ ਸ਼ਾਂਤੀ ਨੂੰ ਭੰਗ ਹੋਣ ਦਿੰਦੇ ਹਨ, ਨਾ ਹੀ ਆਪਣੀ ਸੰਤੁਲਤਾ ਗਵਾਉਂਦੇ ਹਨ, ਉਹ ਸਦਾ ਹੀ ਅਣਛੋਹ ਰਹਿੰਦੇ ਹਨ, ਭਾਵੇਂ ਕੋਈ ਉਨ੍ਹਾਂ ਦਾ ਸਤਿਕਾਰ ਕਰੇ ਨਾ ਕਰੇ, ਕੋਈ ਉਨ੍ਹਾਂ ਨੂੰ ਠੀਕ ਸਮਝੇ ਜਾਂ ਨਾ ਸਮਝੇ, ਉਹ ਤਾਂ ਆਪਣਾ ਧਰਮ ਨਿਭਾਅ ਰਹੇ ਹੁੰਦੇ ਹਨ, ਆਪਣੀ ਡੀਊਟੀ ਕਰ ਰਹੇ ਹੁੰਦੇ ਹਨ, ਇਹੋ ਜਿਹੇ ਆਗੂ ਸਭ ਨੂੰ ਇਕੋ ਤਰ੍ਹਾਂ ਦੇਖਦੇ ਹਨ ਉਹ ਪਾਪੀ ਤੇ ਸੰਤਾਂ ਨੂੰ ਇਕੋ ਹੀ ਤਰ੍ਹਾਂ ਦੇਖਦੇ ਹਨ। ਇਹ ਦੂਸਰਿਆਂ ਦਾ ਨਿਰਣਾ ਨਹੀਂ ਕਰਦੇ, ਉਹ ਤਾਂ ਹਰ ਇਕ ਨੂੰ ਸਵੀਕਾਰ ਕਰਦੇ ਹਨ, ਉਹ ਆਮ ਤੌਰ ਤੇ ਨਾ ਕਿਸੇ ਦੀ ਸ਼ਲਾਘਾ ਕਰਦੇ ਹਨ, ਨਾ ਕਿਸੇ ਦੀ ਨਿੰਦਿਆ ਕਰਦੇ ਹਨ, ਇਕ ਸੰਤ ਦੀ ਰੁਚੀ ਰਵਯਾ ਦੂਸਰੇ ਸੰਤ ਵਲ ਅਤੇ ਇਕ ਬੁਰਾਈ ਕਰਨ ਵਾਲੇ ਵਲ ਇਕੋ ਜਿਹਾ ਹੁੰਦਾ ਹੈ, ਉਨ੍ਹਾਂ ਦੀ ਨਿਰਣਾ ਸ਼ਕਤੀ ਸਦਾ ਸਮ ਰਹਿੰਦੀ ਹੈ, ਉਨ੍ਹਾਂ ਨੇ ਸਮਤਾ ਪ੍ਰਾਪਤ ਕਰ ਲਈ ਹੈ, ਉਹ ਨਾ ਤਾਂ ਸੰਤਾਂ ਦੀ ਤਰਫਦਾਰੀ ਕਰਦੇ ਹਨ, ਨਾ ਹੀ ਬੁਰਾ ਕਰਨ ਵਾਲਿਆਂ ਨਾਲ ਕਰੂਰ ਹੁੰਦੇ ਹਨ, ਉਨ੍ਹਾਂ ਨੇ ਸ਼ਾਂਤੀ, ਸਮਾਨਤਾ, ਸਮਾਚਿਤਤਾ ਪ੍ਰਾਪਤ ਕਰ ਲਈ ਹੈ, ਉਹ ਇਸ ਪੱਧਰ ਤੇ ਪਹੁੰਚ ਚੁੱਕੇ ਹਨ ਜਿਥੇ ਕੁਝ ਵੀ ਉਨ੍ਹਾਂ ਤੇ ਪ੍ਰਭਾਵ ਨਹੀਂ ਪਾ ਸਕਦਾ, ਯੋਗ ਅਨੁਸਾਰ ਇਸ

ਸਥਿਤੀ ਨੂੰ ਇਕ ਸਾਖੀ (ਦੇਖਣ ਵਾਲੇ) ਦੀ ਸਥਿਤੀ ਕਿਹਾ ਜਾਂਦਾ ਹੈ, ਜਿਥੇ ਤੁਸੀਂ ਸਾਖੀ ਹੋ ਕੇ ਸਭ ਕੁਝ ਦੇਖ ਰਹੇ ਹੋ ਪਰ ਉਸ ਵਿਚ ਆਪਣੇ ਆਪ ਨੂੰ ਉਸ ਦਾ ਹਿੱਸਾ ਨਹੀਂ ਬਣਾਉਂਦੇ।

10. ਯੋਗੀ ਮਨ ਤੇ ਸਰੀਰ ਨੂੰ ਕਾਬੂ ਵਿਚ ਰੱਖ ਕੇ ਆਸਾ ਰਹਿਤ ਹੋ ਕੇ, ਅਪਰਿਗ੍ਰਹੀ (ਅਤਿਅਵਸ਼ਕ ਚੀਜ਼ਾਂ ਰੱਖ ਕੇ) ਹੋ ਕੇ ਇਕਾਂਤ ਵਿਚ ਰਹਿ ਕੇ ਆਪਣੇ ਮਨ ਚਿਤ ਨੂੰ ਇਕਾਗਰ ਕਰਕੇ ਨਿਰੰਤਰ ਜੋੜੇ।

11. ਸਮ ਧਰਤੀ ਜੋ ਨਾ ਬਹੁਤ ਉਚੀ ਹੋਵੇ, ਨਾ ਨੀਵੀਂ, ਇਕ ਪਵਿੱਤਰ ਸਥਾਨ ਤੇ ਕੁਸ਼ਾ ਵਿਛਾ ਕੇ ਉਸ ਉਤੇ ਕਾਲੀ ਮ੍ਰਿਗਸ਼ਾਲਾ ਵਿਛਾ ਕੇ, ਕਪੜਾ ਵਿਛਾ ਕੇ ਆਸਨ ਲਗਾਓ।

12. ਉਸ ਆਸਨ ਤੇ ਬੈਠ ਕੇ ਮਨ ਚਿਤ ਇਕਾਗਰ ਕਰਕੇ ਇੰਦ੍ਰੀਆਂ ਨੂੰ ਬਾਹਰ ਜਾਣ ਤੋਂ ਰੋਕ ਕੇ, ਆਤਮ ਸੁਧੀ ਲਈ ਯੋਗ ਵਿਚ ਜੁੜੇ।

13. ਧੜ, ਸਿਰ ਅਤੇ ਗਰਦਨ ਨੂੰ ਸਿੱਧਾ ਰੱਖਕੇ ਹਿਲਾਵੇ ਨਾ, ਦ੍ਰਿਸ਼ਟੀ ਨੂੰ ਹਿਲਾਏ ਬਿਨਾ ਇਕ ਟਕ ਨੱਕ ਦੀ ਨੋਕ ਤੇ ਟਿਕਾਵੇ, ਹੋਰ ਕਿਸੇ ਪਾਸੇ ਨਾ ਦੇਖੇ।

14. ਸ਼ਾਂਤ ਚਿੱਤ ਹੋ ਕੇ ਜਤੀ, ਨਿਰਭੈ, ਯੁਕਤੀ (ਯੋਗੀ) ਹੋ ਕੇ, ਮਨ ਕਾਬੂ ਕਰਕੇ ਮੇਰੇ ਵਲ ਲੱਗੇ, ਮੇਰੇ ਪਰਾਇਣ ਹੋ ਕੇ ਅਭਿਆਸ ਕਰੇ।

15. ਇਹੋ ਜਿਹਾ ਯੋਗੀ ਮਨ ਵਸ ਕਰਕੇ ਸਦਾ ਆਤਮਾ ਨਾਲ ਜੁੜਿਆ ਹੋਇਆ, ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ ਉਹ ਸ਼ਾਂਤੀ ਨਿਰਵਾਨ ਵਿਚ ਜਾ ਮਿਲਾਉਂਦੀ ਹੈ ਜੋ ਵਾਸਤਵ ਵਿਚ ਮੈਂ ਹੀ ਹਾਂ।

ਦਸਵੇਂ ਸ਼ਲੋਕ ਤੋਂ ਪ੍ਰੈਕਟੀਕਲ ਸਿਖਿਆ ਦਿਤੀ ਜਾ ਰਹੀ ਹੈ ਜਿਹੜੀ ਸੰਸਾਰ ਵਿਚ ਰਹਿਣ ਵਾਲਿਆਂ ਨੂੰ ਅਤੇ ਸਾਧੂਆਂ ਨੂੰ ਬਹੁਤ ਲਾਭਦਾਇਕ ਹੈ, ਬਾਹਰੀ ਗਿਆਨ ਸਾਧਕ ਲਈ ਪ੍ਰੇਰਕ ਹੋ ਸਕਦਾ ਹੈ, ਸਾਧਕ ਨੂੰ ਰਾਹੇ ਪਾ ਸਕਦਾ ਹੈ ਪਰ ਪ੍ਰਤੱਖ ਗਿਆਨ ਤੋਂ ਬਿਨਾਂ, ਅਨੁਭਵ ਤੋਂ ਬਿਨਾਂ ਗਿਆਨ ਦੀ ਜਾਨਣ ਦੀ ਭੁੱਖ ਨਹੀਂ ਬੁਝਿਆ ਕਰਦੀ, ਜਦੋਂ ਸਾਧਕ ਗਿਆਨ ਦੀ ਜੋਤੀ ਜਗਾਉਣੀ ਸਿੱਖ ਲੈਂਦਾ ਹੈ ਉਹ ਆਤਮ ਮਾਰਗ ਤੇ ਟੁਰਨਾ ਸਿੱਖ ਲੈਂਦਾ ਹੈ। ਉਹ ਇਹੋ ਜਿਹੀ ਸਥਿਤੀ ਤੇ ਪਹੁੰਚ ਜਾਂਦਾ ਹੈ ਜਿਥੇ ਸਾਰੇ ਸੰਸਕਾਰ ਭਸਮ ਕਰ ਦਿਤੇ ਜਾਂਦੇ ਹਨ, ਉਹ ਸ਼ੁਧ ਹੋ ਜਾਂਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਹਰ ਇਕ ਨੂੰ ਸ਼ੁਧ ਹੋਣ, ਸੋਧੇ ਜਾਣ ਦੀ ਲੋੜ ਹੈ, ਇਸ ਤੋਂ ਭਾਵ ਹੈ ਕਿ ਮਨ ਇਕ ਗੁਲਾਮ ਦੀ ਤਰ੍ਹਾਂ ਸੰਸਕਾਰਾਂ ਅਨੁਸਾਰ ਜਾਂ ਆਦਤਾਂ ਅਨੁਸਾਰ ਕੰਮ ਕਰਦਾ ਹੈ, ਸੋਧਿਆ ਹੋਇਆ ਬਾਹਰ ਨਹੀਂ ਦੌੜਦਾ, ਮਨ ਨੂੰ ਕਾਬੂ ਕਰਨਾ ਉਸ ਦੀਆਂ ਕ੍ਰਿਆਵਾਂ ਨੂੰ ਸੋਧਣਾ ਅਵਸ਼ਕ ਹੈ, ਮਨ ਨੂੰ ਸੋਧਣਾ ਤੇ ਸੋਧਣ ਲਈ ਦ੍ਰਿੜਤਾ ਅਤੇ ਪ੍ਰੈਕਟੀਕਲ ਤਰੀਕਿਆਂ ਦੀ ਲੋੜ ਹੈ, ਜਦੋਂ ਸੱਚ ਨੂੰ ਜਾਨਣ ਦੀ ਇੱਛਾ ਹੁੰਦੀ ਹੈ ਅਤੇ ਉਹ ਆਪਣੇ ਤੁਛ ਹੋਣ ਦਾ ਅਹਿਸਾਸ ਕਰਦਾ ਹੈ, ਫੇਰ ਸਾਧਨਾ ਹੀ ਇਕ ਰਸਤਾ ਰਹਿ ਜਾਂਦਾ ਹੈ, ਅੰਦਰ ਦੇ ਅਭਿਆਸ ਕਰਨ ਦਾ ਰਸਤਾ, ਰੌਸ਼ਨੀ ਦਾ ਮਾਰਗ।

ਯੋਗੀ ਦੇ ਜੀਵਨ ਦਾ ਮਨੋਰਥ ਆਪਣੇ ਆਪ ਨੂੰ ਸੱਚੇ ਨਾਲ ਜੋੜਨਾ, ਪਰਮਾਤਮਾ ਨਾਲ ਜੋੜਨਾ ਹੈ, ਯੋਗੀ ਸ਼ਬਦ ਉਨ੍ਹਾਂ ਲਈ ਵਰਤਿਆ ਜਾਂਦਾ ਹੈ ਜਿਹੜਾ ਪ੍ਰਮਾਤਮਾ ਨਾਲ ਜੁੜਨ ਲਈ ਸੱਚੀ ਕੋਸ਼ਿਸ਼ ਕਰ ਰਿਹਾ ਹੈ, ਅਭਿਆਸ ਕਰ ਰਿਹਾ ਹੈ, ਸਮਾਧੀ ਵਿਚ ਜੁੜਨ ਦਾ ਅਭਿਆਸ ਕਰਦਾ ਹੈ। ਜਿਹੜੇ ਮਾਰਗ ਤੇ ਯੋਗੀ ਚਲਦੇ ਹਨ, ਉਸ ਨੂੰ ਯੋਗ ਸਾਧਨਾ ਕਹਿੰਦੇ ਹਨ, ਜੇ ਤੁਹਾਡੇ ਅੰਦਰ ਅਭਿਆਸ ਦੀ ਇੱਛਾ ਹੈ ਤੁਸੀਂ ਸਾਧਨਾ ਦਾ ਮਾਰਗ ਜ਼ਰੂਰ ਪਕੜੋਗੇ, ਸਾਧਨਾ ਲਈ ਗੀਤਾ ਵਿਚ ਇਕ ਸੰਪੂਰਨ ਤੇ ਪ੍ਰੈਕਟੀਕਲ ਤਰੀਕਾ ਦੱਸਿਆ ਗਿਆ ਹੈ। ਸਾਧਨਾ ਲਈ ਚੁੱਪ ਵਿਚ ਰਹਿਣਾ ਇਕੱਲ ਵਿਚ ਰਹਿਣ ਦਾ ਫੈਸਲਾ ਹੀ ਜੀਵਨ ਦੀ ਜੋਤ ਜਗਾਉਣਾ ਹੈ, ਕੋਈ ਸਮਾਂ, ਕੋਈ ਥਾਂ ਅਤਿ ਅਵਸ਼ਕ ਹੁੰਦੀ ਜਿਥੇ ਤੁਸੀਂ ਬਿਨਾਂ ਕਿਸੇ ਵਿਘਨ ਦੇ ਬੈਠ ਕੇ ਸਾਧਨਾ ਕਰ ਸਕੋ, ਜਿਹੜਾ ਵੀ ਸਥਾਨ ਤੁਸੀਂ ਰੱਖੋ ਉਥੇ ਨਾ ਬਹੁਤੀ ਠੰਢ ਹੋਵੇ, ਨਾ ਗਰਮੀ, ਨਾ ਸਲਾਭਾ, ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਦਾ ਸਮਾਂ ਬਹੁਤ ਹੀ ਠੀਕ ਰਹਿੰਦਾ ਹੈ। ਉਸ ਸਮੇਂ ਧਿਆਨ ਠੀਕ ਜੋੜਿਆ ਜਾ ਸਕਦਾ ਹੈ, ਯੋਗਾ ਆਸਣ (exercises) ਕਿਸੇ ਸਮੇਂ ਵੀ ਕੀਤੇ ਜਾ ਸਕਦੇ ਹਨ, ਪ੍ਰਾਣਾਯਾਮ ਤੇ ਆਸਨ ਦੋਨਾਂ ਦਾ ਹੀ ਅਭਿਆਸ ਕਰਨਾ ਚਾਹੀਦਾ ਹੈ, ਵਰਜਿਸ਼ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ, ਪ੍ਰਾਣਾਯਾਮ ਸਾਹ ਨੂੰ ਇਕਸਾਰ ਕਰਨ ਵਿਚ ਸਹਾਇਤਾ ਕਰਦਾ ਹੈ, ਸਰੀਰ ਦੀ ਤੰਦਰੁਸਤੀ ਤੋਂ ਬਿਨਾਂ ਸਾਹ ਦੀ ਇਕਸਾਰਤਾ ਤੋਂ ਬਿਨਾਂ ਫੇਫੜਿਆਂ ਦੀ ਗਤੀ ਬਰਾਬਰ ਕੀਤੇ ਬਿਨਾਂ ਸਾਧਨਾ ਨਹੀਂ ਕੀਤੀ ਜਾ ਸਕਦੀ, ਦੂਸਰੀ ਜ਼ਰੂਰੀ ਗੱਲ ਸਾਧਨਾ ਕਰਨ ਲਈ ਤੁਹਾਡਾ ਆਹਾਰ ਹੈ। ਨਰੋਆ, ਸਾਦਾ, ਤਾਜਾ ਆਹਾਰ ਪੂਰੀ ਤਰ੍ਹਾਂ ਚਬਾ ਕੇ ਖਾਧਾ ਆਹਾਰ ਅਤੇ ਜਿੰਨੀ ਭੁੱਖ ਹੋਵੇ ਓਨਾਂ ਸਾਦਾ ਆਹਾਰ ਬਹੁਤ ਜ਼ਰੂਰੀ ਹੈ, ਪਰ ਭੋਜਨ ਤੇ ਬਹੁਤ ਸਮਾਂ ਲਾਉਣਾ ਤੇ ਉਸ ਨੂੰ ਬਹੁਤ ਸਵਾਦ ਬਣਾਉਣ ਦੀ ਖੇਚਲ ਨਹੀਂ ਕਰਨੀ ਚਾਹੀਦੀ, ਕੇਵਲ ਸਾਧਨਾ ਹੀ ਤੁਹਾਡੀ ਕ੍ਰਿਆ ਦਾ ਬਿੰਦੂ ਹੋਣਾ ਚਾਹੀਦਾ ਹੈ।

ਧਿਆਨ ਕਰਨ ਦੀ, ਸਮਾਧੀ ਲਗਾਉਣ ਦੀ ਤਿਆਰੀ ਜ਼ਿਆਦਾ ਜ਼ਰੂਰੀ ਹੈ ਸਮਾਧੀ ਲਗਾਉਣ ਦੀ ਤਿਆਰੀ ਤੋਂ ਭਾਵ ਹੈ ਦੋਨੋਂ ਤਰ੍ਹਾਂ ਦੀ ਤਿਆਰੀ ਅੰਦਰ ਦੀ, ਬਾਹਰ ਦੀ ਵੀ। ਬਾਹਰ ਦੇ ਵਾਤਾਵਰਣ ਦੀ ਅਤੇ ਅੰਦਰ ਦੀ ਸੋਧ ਉਸ ਤੋਂ ਬਿਨਾਂ ਧਿਆਨ ਹੋ ਹੀ ਨਹੀਂ ਸਕਦਾ, ਬਾਹਰ ਦਾ ਵਾਤਾਵਰਣ ਸਾਫ ਸੁਥਰਾ ਰੱਖਣਾ ਚਾਹੀਦਾ ਹੈ, ਨਿਰਵਿਘਨ, ਰੌਲੇ ਗੌਲੇ ਤੋਂ ਦੂਰ ਰੱਖਣਾ ਚਾਹੀਦਾ ਹੈ। ਜੋ ਵੀ ਮਨ ਨੂੰ ਅਸ਼ਾਂਤ ਕਰਦਾ ਹੈ, ਉਹ ਧਿਆਨ ਵਿਚ ਵਿਘਨ ਪਾਏਗਾ ਹੀ। ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ : –

1. ਪਹਿਲੇ ਪਹਿਲ ਜਦੋਂ ਤੁਸੀਂ ਧਿਆਨ ਲਗਾਉਣਾ ਸ਼ੁਰੂ ਕਰਦੇ ਹੋ ਤਦ ਇਹ ਅਭਿਆਸ ਸ਼ਾਂਤ ਵਾਤਾਵਰਣ ਵਾਲੇ ਕਮਰੇ ਵਿਚ ਕਰਨਾ ਚਾਹੀਦਾ ਹੈ ਜਿਥੇ ਬਾਹਰ ਦੀਆਂ ਆਵਾਜ਼ਾਂ

ਸਾਧਕ ਨੂੰ ਅਸ਼ਾਂਤ ਨਾ ਕਰਨ, ਕਮਰਾ ਠੀਕ ਹੋਵੇ ਆਰਾਮਦਾਇਕ ਹੋਵੇ, ਸਲਾਭ ਵਾਲਾ ਨਾ ਹੋਵੇ, ਧਿਆਨ ਲਗਾਉਂਦਿਆਂ ਧੂਪ ਜਗਾਉਣੀ ਸਿਹਤ ਲਈ ਠੀਕ ਨਹੀਂ। ਜੇ ਚਾਹੋ ਤਾਂ ਪਿਛੋਂ ਜਾਂ ਪਹਿਲਾਂ ਲਗਾ ਸਕਦੇ ਹੋ।

2. ਦੋ ਕਿਸਮ ਦੇ ਯੋਗ ਆਸਨਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਸਰੀਰ ਨੂੰ ਠੀਕ, ਸੁਡੌਲ, ਲਚਕਦਾਰ ਰੱਖਣ ਲਈ ਸਰੀਰਕ ਆਸਨ ਕਰਨੇ ਜ਼ਰੂਰੀ ਹਨ, ਜਿਸ ਆਸਨ ਤੇ ਬੈਠ ਕੇ ਧਿਆਨ ਲਗਾਉਣਾ ਹੈ ਉਹ ਬਹੁਤ ਉਚਾ ਨਹੀਂ ਹੋਣਾ ਚਾਹੀਦਾ, ਹੋ ਸਕਦਾ ਹੈ ਸਾਧਕ ਡਿੱਗ ਪਵੇ। ਜੇ ਆਸਨ ਬਿਲਕੁਲ ਨੀਵਾ ਹੋਵੇਗਾ ਤਾਂ ਕੀੜੇ ਮਕੌੜੇ ਤੰਗ ਕਰਨਗੇ। ਧਰਤੀ ਤੋਂ ਥੋੜ੍ਹਾ ਉਚਾ ਆਸਨ ਲਗਾਉਣਾ ਹੀ ਠੀਕ ਹੈ। ਇਕ ਕਾਰਨ ਇਹ ਹੈ ਕਿ ਧਰਤੀ ਦੀ ਨਮੀ ਅਸਰ ਨਹੀਂ ਕਰੇਗੀ। ਦੂਸਰਾ ਤਾਪਮਾਨ ਦਾ ਵੀ ਬਹੁਤ ਪ੍ਰਭਾਵ ਨਹੀਂ ਪਾਵੇਗਾ, ਲੱਕੜੀ ਦੀ ਚੌਂਕੀ ਠੀਕ ਅੱਛੀ ਸਮਝੀ ਜਾਂਦੀ ਹੈ, ਇਹ ਚੌਂਕੀ ਐਸੀ ਹੋਣੀ ਚਾਹੀਦੀ ਹੈ ਕਿ ਆਰਾਮ ਨਾਲ ਬੈਠਿਆ ਜਾ ਸਕੇ, ਲੱਕੜੀ ਠੰਢ ਅਤੇ ਗਰਮੀ ਨੂੰ ਛੇਤੀ ਨਹੀਂ ਪਕੜਦੀ, ਇਹ ਧਰਤੀ ਉਤੇ ਬੈਠਣ ਨਾਲੋਂ ਜਾਂ ਕਿਸੇ ਧਾਤੂ ਉਤੇ ਬੈਠਣ ਨਾਲੋਂ ਕਿਤੇ ਠੀਕ ਹੈ। ਪੁਰਾਣਿਆਂ ਸਮਿਆਂ ਵਿਚ ਕੁਸ਼ਾ ਘਾਹ ਦੇ ਬਣੇ ਹੋਏ ਆਸਨ ਨੂੰ ਵਿਛਾ ਕੇ ਉਪਰ ਚੌਹਰਾ ਕੰਬਲ ਵਿਛਾਇਆ ਜਾਂਦਾ ਸੀ, ਫੇਰ ਉਪਰ ਕੋਈ ਸੂਤੀ ਕਪੜਾ ਵਿਛਾਇਆ ਜਾਂਦਾ ਸੀ, ਕਈ ਵਾਰੀ ਕੰਬਲ ਦੀ ਥਾਂ ਹਿਰਨ ਜਾਂ ਸ਼ੇਰ ਦੀ ਖੱਲ ਵੀ ਵਿਛਾਈ ਜਾਂਦੀ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਵਰਤੋਂ ਇਕ ਗੱਦੀ ਵਾਕਰ ਕੀਤੀ ਜਾਂਦੀ ਸੀ, ਪੁਰਾਣਿਆਂ ਸਮਿਆਂ ਵਿਚ ਬਾਹਰ ਖੁਲ੍ਹੀ ਥਾਂ ਤੇ ਜਾਂ ਗੁਫਾਵਾਂ ਵਿਚ ਬੈਠ ਕੇ ਧਿਆਨ ਲਗਾਇਆ ਜਾਂਦਾ ਸੀ, ਤਾਪਮਾਨ ਨੂੰ ਨਿਅੰਤਰਣ ਵਿਚ ਰੱਖਣ ਲਈ, ਨਮੀ ਨੂੰ ਠੀਕ ਰੱਖਣ ਲਈ, ਕੀੜੇ ਮਕੌੜਿਆਂ ਤੋਂ ਬਚਣ ਲਈ ਅੱਜ ਵਰਗੀਆਂ ਸੁਵਿਧਾ ਉਦੋਂ ਪ੍ਰਾਪਤ ਨਹੀਂ ਸੀ, ਇਸ ਕਰਕੇ ਭਗਵਤ ਗੀਤਾ ਵਿਚ ਦੱਸੀਆਂ ਵਸਤਾਂ ਨੂੰ ਅੱਜ ਦੀ ਲੋੜ ਅਤੇ ਹਾਲਾਤ ਅਨੁਸਾਰ ਬਦਲਿਆ ਜਾ ਸਕਦਾ ਹੈ।

3. ਸਾਧਕ ਨੂੰ ਇਹੋ ਜਿਹੇ ਤਰੀਕੇ ਨਾਲ ਬੈਠਣਾ ਚਾਹੀਦਾ ਹੈ ਕਿ ਉਹ ਆਰਾਮ ਨਾਲ ਬੈਠ ਸਕੇ ਅਤੇ ਉਹ ਆਪਣਾ ਧੜ, ਸਿਰ, ਗਰਦਨ ਬਿਲਕੁਲ ਸਿੱਧੀ ਰੱਖ ਸਕੇ, ਬੜੇ ਥੋੜ੍ਹੇ ਜਿਹੇ ਆਸਨ ਹਨ ਜਿਨ੍ਹਾਂ ਨਾਲ ਠੀਕ ਬੈਠਿਆ ਜਾ ਸਕਦਾ ਹੈ, ਸਾਧਕ ਜਿਸ ਆਸਨ ਨੂੰ ਵਧੇਰੇ ਪਸੰਦ ਕਰਦੇ ਹਨ ਉਹ ਹੈ ਸਿੱਧ ਆਸਨ ਜਿਸ ਨੂੰ ਸਭ ਤੋਂ ਉਤਮ ਸਮਝਿਆ ਜਾਂਦਾ ਹੈ, ਅਰਧ ਪਦਮ-ਆਸਨ। ਦੂਸਰਾ ਹੈ ਸਭ ਤੋਂ ਸੌਖਾ ਹੈ ਸੁਖ ਆਸਨ। ਕਿਹੜਾ ਆਸਨ ਤੁਸੀਂ ਚੁਣਦੇ ਹੋ ਉਹ ਕੋਈ ਮਹੱਤਵ ਨਹੀਂ ਰੱਖਦਾ, ਤੁਸੀਂ ਬਿਲਕੁਲ ਸਿੱਧੇ ਕੁਰਸੀ ਉਤੇ ਵੀ ਬੈਠ ਸਕਦੇ ਹੋ। ਸਭ ਤੋਂ ਜ਼ਰੂਰੀ ਹੈ ਸਿਰ, ਗਰਦਨ, ਧੜ ਨੂੰ ਸਿੱਧੇ ਰੱਖਣਾ ਅਤੇ ਲੱਤਾਂ ਬਾਹਾਂ ਨੂੰ ਇਸ ਤਰ੍ਹਾਂ ਰੱਖਣਾ ਉਹ ਪਰੇਸ਼ਾਨੀ ਪੈਦਾ ਨਾ ਕਰਨ, ਨਾ ਹੀ ਸਰੀਰ ਨੂੰ ਬੇਆਰਾਮ ਕਰਨ।

4. ਸਿੱਧ ਆਸਨ ਵਿਚ ਠੀਕ ਤਰ੍ਹਾਂ ਬੈਠ ਕੇ ਜਾਂ ਹੋਰ ਕਿਸੇ ਆਸਨ ਵਿਚ ਸਾਧਕ ਨੂੰ ਹੌਲੀ ਹੌਲੀ ਨੇਤਰ ਬੰਦ ਕਰਨੇ ਚਾਹੀਦੇ ਹਨ ਅਤੇ ਆਪਣੀ ਨਿਗ੍ਹਾ ਭਰਵੱਟਿਆਂ ਦੇ ਵਿਚਕਾਰ ਵਾਲੀ ਜਗ੍ਹਾ ਤੇ ਟਿਕਾਉਣੀ ਚਾਹੀਦੀ ਹੈ, 'ਨਸਾਅਗਰ' ਸ਼ਬਦ ਤੋਂ ਭਾਵ ਨੱਕ ਦੇ ਸਿਰ ਤੇ ਨਹੀਂ ਜਿਸ ਤਰ੍ਹਾਂ ਕਈ ਵਿਆਖਿਆਕਾਰ ਕਰਦੇ ਹਨ। ਇਸ ਤੋਂ ਭਾਵ ਹੈ ਦੋ ਨਾਸਿਕਾ ਦੇ ਵਿਚਕਾਰ ਪੁਲ ਭਾਵ ਭਰਵੱਟਿਆਂ ਦੇ ਵਿਚਕਾਰ ਇਸ ਜਗ੍ਹਾ ਨਿਗ੍ਹਾ ਟਿਕਾਉਣ ਨਾਲ ਤੁਸੀਂ ਆਪਣੇ ਅੰਦਰ ਜਾਣ ਵਾਲੇ ਅਤੇ ਬਾਹਰ ਆਉਣ ਵਾਲੇ ਸਾਹ ਸੁਆਸ ਲਈ ਸਤਰਕ ਰਹਿ ਸਕਦੇ ਹੋ। ਇਹ ਬੜੇ ਖੇਦ ਦੀ ਗੱਲ ਹੈ ਕਿ ਵਿਆਖਿਆਕਾਰਾਂ ਨੇ ਇਸ ਸ਼ਲੋਕ ਤੇ ਬੜੀ ਵਿਸਤਾਰ ਵਿਆਖਿਆ ਕੀਤੀ ਹੈ ਤੇ ਇਸ ਨਾਲ ਸਾਧਕਾਂ ਨੂੰ ਗਲਤ ਸਿਖਿਆ ਨਾਲ ਗਲਤ ਰਸਤਾ ਦੱਸਿਆ ਜਾਂਦਾ ਹੈ ਜੋ ਹਾਨੀਕਾਰਕ ਹੋ ਸਕਦਾ ਹੈ। ਤੁਸੀਂ ਨੱਕ ਦੇ ਸਿਰੇ ਤੇ ਕਿਸ ਤਰ੍ਹਾਂ ਧਿਆਨ ਲਗਾ ਸਕਦੇ ਹੋ? ਇਹੋ ਜਿਹੀ ਇਕ ਕ੍ਰਿਆ ਹੈ ਪਰ ਉਸ ਨੂੰ ਤ੍ਰਾਟਕ ਕਹਿੰਦੇ ਹਨ। ਇਹ ਹਠ ਯੋਗ ਵਿਚ ਨੇਤਰ ਸ਼ਕਤੀ ਨੂੰ ਵਿਦਾਉਣ ਲਈ ਕੀਤਾ ਜਾਂਦਾ ਹੈ ਅਤੇ ਇਕਾਗਰ ਕਰਨ ਲਈ ਕੀਤਾ ਜਾਂਦਾ ਹੈ। ਇਹ ਸਮਾਧੀ ਲਗਾਉਣ ਲਈ ਨਾ ਤਾਂ ਆਵਸ਼ਕ ਹੈ ਨਾ ਹੀ ਇਹ ਸਮਾਧੀ ਦਾ ਹਿੱਸਾ ਹੈ। ਧਿਆਨ ਲਗਾਉਣਾ ਤਾਂ ਇੰਦ੍ਰੀਆਂ ਨੂੰ ਸਮੇਟਣ ਨਾਲ ਉਨ੍ਹਾਂ ਤੇ ਕਾਬੂ ਪਾਉਣ ਨਾਲ ਸ਼ੁਰੂ ਹੁੰਦਾ ਹੈ, ਸਾਧਨਾ ਮਨ ਤੇ ਕਾਬੂ ਕਰਕੇ ਇਕਾਗਰ ਹੋ ਕੇ ਇਕ ਜਗ੍ਹਾ ਦੇਖਣ ਨਾਲ ਸ਼ੁਰੂ ਨਹੀਂ ਹੁੰਦੀ। ਨਾਸ ਦਾ ਅਰਥ ਨੱਕ ਦਾ ਸਿਰਾ ਨਹੀਂ, ਨਾਸਕਾ ਹੈ ਅਤੇ ਅਗਰਾ ਭਾਗ ਤੋਂ ਭਾਵ ਨੱਕ ਦਾ ਸਿਰਾ ਨਹੀਂ ਇਹ ਉਹ ਜਗ੍ਹਾ ਹੈ ਜਿਥੋਂ ਦੋ ਨਾਸਕਾ ਵੱਖ-ਵੱਖ ਹੋ ਕੇ ਉਪਰ ਵਾਲੇ ਬੁਲ੍ਹ ਦੇ ਉਪਰ ਵਾਲੇ ਪਾਸੇ ਮਿਲਦੀਆਂ ਹਨ ਤਾਂ ਜੋ ਸਾਧਕ ਅੰਦਰ ਜਾਣ ਵਾਲੇ ਸਾਹ ਅਤੇ ਬਾਹਰ ਆਉਣ ਵਾਲੇ ਸਾਹ ਤੇ ਪਹਿਰਾ ਦੇ ਸਕੇ ਤਾਂ ਜੋ ਸੁਖਮਨਾ ਨੂੰ ਕ੍ਰਿਆਸ਼ੀਲ ਕਰ ਸਕੇ। ਆਮ ਤੌਰ ਤੇ ਇਕ ਨਾਸਿਕਾ ਵਧੇਰੇ ਕੰਮ ਕਰ ਰਹੀ ਹੁੰਦੀ ਹੈ ਪਰ ਜਦੋਂ ਸੁਖਮਨਾ ਕ੍ਰਿਆਸ਼ੀਲ ਹੋ ਜਾਵੇ ਤਾਂ ਦੋਨੋਂ ਹੀ ਨਾਸਿਕਾ ਬਰਾਬਰ ਕੰਮ ਕਰਦੀਆਂ ਹਨ।

5. ਮਨ ਅਤੇ ਸੁਆਸ ਇਕ ਦੂਸਰੇ ਦੇ ਸਾਥੀ ਹਨ, ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਹਨ, ਸੁਆਸ ਤੁਹਾਡੇ ਮਨ ਅਤੇ ਸਰੀਰ ਦਾ ਬੈਰੋਮੀਟਰ ਹਨ, ਇਹ ਸਾਰੀ ਸਥਿਤੀਆਂ ਵਿਚ ਪ੍ਰਭਾਵਿਤ ਹੁੰਦੇ ਹਨ, ਜੇ ਤੁਸੀਂ ਮਾਨਸਿਕ ਪੱਖੋਂ ਅਸ਼ਾਂਤ ਹੋ, ਤੁਹਾਡੇ ਸੁਆਸ ਦੀ ਗਤੀ ਬਦਲ ਜਾਏਗੀ, ਜੇ ਸਰੀਰ ਅਰੋਗ ਹੈ ਬੁਖਾਰ ਹੈ, ਜਾਂ ਕੁਛ ਵੀ ਹੋਰ ਸੁਆਸਾਂ ਵਿਚ ਬਦਲਾਅ ਆਉਣਾ ਜ਼ਰੂਰੀ ਹੈ। ਜੇ ਕੋਈ ਦੁਖ ਦਾ ਸਮਾਚਾਰ ਮਿਲੇ ਸੁਆਸ ਛੇਤੀ ਛੇਤੀ ਚੱਲਣ ਲਗ ਪੈਂਦੇ ਹਨ, ਫੇਫੜਿਆਂ ਦੀ ਗਤੀ ਵੀ ਬਦਲ ਜਾਂਦੀ ਹੈ, ਹਿਰਦਾ ਦੁਖੀ ਹੁੰਦਾ ਹੈ ਦਿਮਾਗ ਪਰੇਸ਼ਾਨ ਹੋ ਜਾਂਦਾ ਹੈ, ਅੰਤ ਵਿਚ ਮਨ ਦੁਖੀ ਹੋ ਜਾਂਦਾ ਹੈ, ਸੁਆਸ ਦੇ ਬਹਾਅ ਨੂੰ ਇਕਾਗਰ ਕਰਕੇ ਮਨ ਸ਼ੁਧ ਹੋ ਜਾਂਦਾ ਹੈ, ਸ਼ਾਂਤੀ ਅਨੁਭਵ ਕਰਦਾ ਹੈ। ਸੁਆਸ ਲੈਣ ਦੇ ਬਹੁਤ ਸਾਰੇ ਤਰੀਕੇ, ਬਹੁਤ ਸਾਰੇ ਪ੍ਰਾਣਾਯਾਮ ਹਨ ਜਿਹੜੇ ਸਾਡੇ ਲਈ ਬੜੇ ਹੀ ਲਾਭਦਾਇਕ ਹਨ। ਇਹ ਦੇਖਿਆ ਗਿਆ ਹੈ ਕਿ ਜਦੋਂ ਭਾਵ ਉਤੇਜਿਤ ਹੁੰਦੇ

(ਬਾਕੀ ਪੰਨਾ 32 ਤੇ)

# ਆਗਾਹਾ ਕੂ ਤ੍ਰਾਘਿ.......

***ਡਾਕਟਰ. ਡੀ. ਕੇ ਪਾਂਡੇ***

ਰਾਹੀ ਤੂੰ ਰੁਕ ਨਾ ਕਿ ਨਿੱਤ ਦੇ ਮੁਸਾਫ਼ਰ
ਨਿਰਾਸ਼ਾ ਦੇ ਨਜ਼ਦੀਕ ਢੁਕਦੇ ਨਾ ਹੁੰਦੇ।
ਏ ਧਰਤੀ, ਔ ਚੰਨਾ ਹਵਾ ਤੇ ਸਿਤਾਰੇ,
ਸਦਾ ਚਲਦੇ ਰਹਿੰਦੇ ਨੇ ਰੁਕਦੇ ਨਾ ਹੁੰਦੇ।
ਪਹਾੜਾਂ ਦੀ ਛਾਤੀ ਨੂੰ ਛਲਣੀ ਬਣਾ ਕੇ,
ਜੋ ਸੋਮੇ ਨਿਕਲਦੇ ਨੇ, ਸੁਕਦੇ ਨਾ ਹੁੰਦੇ।
ਜਿਨ੍ਹਾਂ ਨੇ ਹਥੇਲੀ ਤੇ ਰੱਖੀ ਹੋਈ ਏ,
ਓ ਦੁਨੀਆਂ ਝੁਕਾਂਦੇ ਨੇ, ਝੁਕਦੇ ਨਾ ਹੁੰਦੇ।
ਬੜੀ ਦੂਰ ਜਾਣਾ ਹੈਂ ਤੂੰ ਮੇਰੇ ਮਿਤਰਾ,
ਅਜੇ ਹੀ ਤੂੰ ਸੂਰਤ, ਹੈ ਰੋਣੀ ਬਣਾਈ।
ਉਹ ਗੱਲ ਕੀਤੀ ਕਹਿੰਦੇ ਨੇ ਜਿੱਦਾਂ,
ਅਖੇ ਕੋਹ ਨਾ ਚਲੀ ਤੇ ਬਾਬਾ ਤਿਹਾਈ।
ਏਹ ਮੰਨਿਆ ਕਿ ਮੰਜ਼ਿਲ ਹੈ ਤੇਰੀ ਦੁਰਾਡੇ,
ਥਕੇਵਾਂ ਰਤਾ ਤੈਨੂੰ ਚੜ੍ਹਿਆ ਵੀ ਹੋਣੈ।
ਮਨ ਦਾ ਅੜੀਅਲ ਤੇ ਬੇਬਾਗ ਘੋੜਾ,
ਕਈ ਵਾਰ ਰਸਤੇ ਵਿਚ ਅੜਿਆ ਵੀ ਹੋਣੈ।
ਤੇ ਕੀ ਹੋਇਆ ਚੰਨਾ? ਏਹ ਹੋਇਆ ਹੀ ਕਰਦੈ।
ਰੁਕਾਵਟ ਨਾ ਟੱਪੇ, ਰਵਾਨੀ ਨਾ ਹੁੰਦੀ।
ਕਦਮ ਮੁਸ਼ਕਲਾਂ ਦੀ ਹਿੱਕਾਂ ਤੇ ਧਰ ਧਰ ਕੇ,
ਵਧਿਆ ਨਾ ਜਾਏ, ਜਵਾਨੀ ਨਾ ਹੁੰਦੀ।
ਜੋ ਹੱਸ ਹੱਸ ਕੇ ਜੀਵਨ ਬਿਤਾਨਾ ਹੈ ਸਿਖਿਆ,
ਤਾਂ ਠੰਢੇ ਜਿਹੇ ਹਉਕੇ ਭਰਨਾ ਕੀ ਹੋਇਆ?
ਸਦਾ ਸ਼ੇਰ ਤੁਰਦੇ ਨੇ ਪਾਣੀ ਵਿਚ ਸਿੱਧਾ,
ਬਹਾਅ ਨਾਲ ਵਹਿ ਜਾਣਾ ਤੁਰਨਾ ਕੀ ਹੋਇਆ?
ਕਮਰ ਜੇ ਕਸੀ ਹੈ ਤਾਂ ਮੁੜ ਮੁੜ ਤਕ ਨਾਹੀਂ।
ਤੇਰੇ ਸਿਰ ਤੇ ਫਰਜ਼ਾਂ ਦਾ ਥੱਬਾ ਏ ਚੰਨਾ!
ਏ ਹਰ ਵਾਰ ਰੁਕਣਾ ਜਾਂ ਵੱਧ ਵੱਧ ਕੇ ਰੁਕਣਾ,
ਤੇਰੀ ਵੀਰਤਾ ਤੇ ਧੱਬਾ ਹੈ ਚੰਨਾਂ!
ਤੂੰ ਦੁਨੀਆਂ ਦੇ ਚੱਕਰ ਨੂੰ ਲਲਕਾਰ ਕੇ ਕਹਿ ਦੇ,
ਕਿ ਚੱਕਰ ਮੈਂ ਤੇਰਾ ਭੁਆ ਕੇ ਹਟਾਂਗਾ।
ਸੁਨੇਹਾ ਦੇ ਹੋਣੀ ਹਿੰਮਤ ਦੇ ਹੱਥੀਂ
ਆਖਿਰ ਮੈਂ ਤੈਨੂੰ ਨਿਵਾਂ ਕੇ ਹਟਾਂਗਾ।
ਤੂੰ ਲਾ ਹੌਂਸਲੇ ਨਾਲ ਪੱਟਾਂ ਨੂੰ ਥਾਪੀ
ਮੁਸੀਬਤ ਨੂੰ ਕਹਿ ਤੈਨੂੰ ਢਾਹ ਕੇ ਹਟਾਂਗਾ।
ਤੁਫਾਨਾਂ ਨੂੰ ਕਹਿ ਦੇ ਕਿ ਵੱਧ ਵੱਧ ਕੇ ਆਓ,
ਮੈਂ ਕਿਸ਼ਤੀ ਕਿਨਾਰੇ ਲਾ ਕੇ ਹਟਾਂਗਾ।
ਜਦੋਂ ਵੇਖੀ ਤੇਰੇ ਇਰਾਦੇ ਵਿਚ ਸ਼ਕਤੀ,
ਤਾਂ ਸ਼ਕਤੀ ਉਦਾਲੇ ਆ ਘੁੰਮੇਗੀ ਤੇਰੇ,
ਏਹ ਸਾਰੀ ਦੀ ਸਾਰੀ ਖੁਦਾਈ ਦੀ ਤਾਕਤ
ਤੂੰ ਵੇਖੇਂਗਾ ਪੈਰਾਂ ਨੂੰ ਚੁੰਮੇਗੀ ਤੇਰੇ।

***ਡਾ. ਡੀ. ਕੇ. ਪਾਂਡੇ***

## ਜ਼ਰੂਰੀ ਬੇਨਤੀਆਂ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੁਅਲ ਦਾ ਚੰਦਾ ਭੇਜਣ ਸਮੇਂ ਮੈਂਬਰਸ਼ਿਪ ਨੰਬਰ ਅਤੇ ਰਿਨੁਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੁਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ।
3. Out station (ਬਾਹਰਲੇ ਸ਼ਹਿਰਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ ਚੈਕ ਕੈਸ਼ ਕਰਨ ਦਾ ਖਰਚਾ ਪਾ ਕੇ ਕੁਲ 220/- ਰੁਪਏ ਦਾ ਚੈਕ ਭੇਜਿਆ ਜਾਵੇ।
4. ਮਨੀਆਰਡਰ ਭੇਜਣ ਸਮੇਂ ਫਾਰਮ ਦੇ ਥੱਲੇ ਮੈਸੇਜ ਵਾਲੀ ਖਾਲੀ ਥਾਂ ਤੇ ਇਹ ਲਿਖਣਾ ਨਾ ਭੁਲੋ - ਕੀ ਇਹ ਨਵੀਂ ਮੈਂਬਰਸ਼ਿਪ ਹੈ ਜਾਂ ਰਿਨਿਊਲ ਜਾਂ ਪੁਸਤਕਾਂ ਦੀ ਮੰਗ?
5. ਮਨੀਆਰਡਰ ਉਪਰ ਆਪਣਾ ਪਤਾ ਅਤੇ 'ਆਤਮ ਮਾਰਗ' ਦਾ ਪੂਰਾ ਪਤਾ ਮੋਟੇ ਅੱਖਰਾਂ ਵਿਚ ਸਪਸ਼ਟ ਕਰਕੇ ਲਿਖੋ - 'ਆਤਮ ਮਾਰਗ' ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਕੋਠੀ ਨੰਬਰ 781, ਫੇਜ਼ 3ਬੀ1, ਮੋਹਾਲੀ, ਐਸ.ਏ.ਐਸ ਨਗਰ, 160055
6. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
7. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
8. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
9. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।

**For more information**

**please visit us on internet at :-**

**http://www.atammarg.org**

**&**

**http://www.atammarg.com**

# ਦਰਵੇਸਾਂ ਨੂੰ ਲੋੜੀਐ ਰੁਖਾਂ ਦੀ ਜੀਰਾਂਦ

**_ਪ੍ਰੋ. ਗੁਰਦੇਵ ਸਿੰਘ_**

ਪ੍ਰਭੂ ਦੀ ਆਸ ਤੇ ਰਜ਼ਾ ਵਿਚ ਹੀ ਰਾਜ਼ੀ ਰਹਿਣ ਵਾਲਾ ਪ੍ਰਭੂ ਦਾ ਪਿਆਰਾ ਜਿਸਦੇ ਅੰਦਰੋਂ ਮਨ ਬਚ ਕਰਮ ਕਰਕੇ ਕਦੇ ਬਦਦੁਆ ਨਹੀਂ ਨਿਕਲਦੀ ਅਤੇ ਜੋ ਸੁਖ ਦੁਖ ਨੂੰ ਸਮ ਕਰਕੇ ਪ੍ਰਭੂ ਦੇ ਭਾਣੇ ਵਿਚ ਰਹਿੰਦਾ ਹੈ, ਐਸੇ ਦਰਵੇਸ਼ ਅੰਦਰ ਰੁਖਾਂ ਵਰਗਾ ਜਿਗਰਾ ਹੁੰਦਾ ਹੈ। ਜਿਵੇਂ ਰੁਖ ਗਰਮੀ, ਸਰਦੀ, ਮੀਂਹ, ਹਨ੍ਹੇਰੀ, ਠੰਢੇ ਤੱਤੇ, ਤਰ, ਖੁਸ਼ਕ ਮੌਸਮ ਆਪਣੇ ਸਿਰ ਤੇ ਸਹਿੰਦੇ ਹਨ ਅਤੇ ਉਸ ਦੀ ਛਾਇਆ ਦਾ ਅਨੰਦ ਬੱਚੇ-ਬੁੱਢੇ, ਗਰੀਬ-ਅਮੀਰ, ਨੇਕ ਪੁਰਸ਼ ਤੇ ਚੋਰ ਡਾਕੂ ਸਾਰੇ ਮਾਣ ਸਕਦੇ ਹਨ ਅਤੇ ਉਹ ਕਿਸੇ ਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੇਰੀ ਛਾਂ ਹੇਠਾਂ ਕਿਉਂ ਬੈਠਾ ਹੈ ਕਿਉਂਕਿ ਦਰਵੇਸਾਂ ਵਾਂਗ ਸਮਦ੍ਰਿਸ਼ਟੀ ਹੁੰਦੀ ਹੈ। ਜੇਕਰ ਰੁਖ ਤੇ ਫਲ ਲੱਗੇ ਹਨ, ਬੱਚੇ ਵੱਟੇ ਮਾਰ ਰਹੇ ਹਨ ਤਾਂ ਉਹ ਸਗੋਂ ਉਨ੍ਹਾਂ ਦੀ ਮਾਰ ਸਹਿ ਕੇ ਉਨ੍ਹਾਂ ਨੂੰ ਫਲ ਦਿੰਦਾ ਹੈ। ਜੇਕਰ ਕੋਈ ਕੁਹਾੜੇ ਨਾਲ ਵੱਢ ਰਿਹਾ ਹੈ ਤਾਂ ਵੀ ਕੁਝ ਨਹੀਂ ਕਹਿੰਦਾ ਸਗੋਂ ਉਸ ਦੀ ਲਕੜੀ ਦੀ ਕਿਸ਼ਤੀ ਬਣਾ ਲਈ ਜਾਵੇ ਤਾਂ ਸਮੁੰਦਰ ਤੋਂ ਪਾਰ ਕਰ ਦਿੰਦੀ ਹੈ। ਇਸ ਦੇ ਪਰਉਪਕਾਰੀ ਸੁਭਾਅ ਨੂੰ ਦੇਖ ਕੇ ਇਸ ਪਾਸੋਂ ਬਹੁਤ ਕੁਝ ਸਿੱਖਣ ਲਈ ਹੈ। ਇਨ੍ਹਾਂ ਰੁਖਾਂ ਤੋਂ ਵੱਡੇ ਵੱਡੇ ਮਹਾਂਪੁਰਸ਼ਾਂ ਨੇ ਤਾਂ ਸਿਖਿਆ ਲਈ ਹੀ ਹੈ ਪਰੰਤੂ ਬਹੁਤ ਸਾਰੇ ਦੁਨੀਆਵੀ ਬਾਦਸ਼ਾਹਾਂ ਨੇ ਵੀ ਇਸ ਦੇ ਜੀਵਨ ਤੋਂ ਪਰੇਰਨਾ ਲੈ ਕੇ ਨੇਕ ਕੰਮ ਕੀਤੇ ਹਨ।

ਕਹਿੰਦੇ ਹਨ ਕਿ ਇਕ ਵੇਰਾਂ ਮਹਾਰਾਜਾ ਰਣਜੀਤ ਸਿੰਘ ਆਪਣੇ ਅਹਿਲਕਾਰਾਂ ਨਾਲ ਹਾਥੀ ਤੇ ਸਵਾਰ ਹੋ ਕੇ ਕਿਸੇ ਪਿੰਡ ਕੋਲੋਂ ਦੀ ਲੰਘ ਰਿਹਾ ਸੀ ਤਾਂ ਦੂਰ ਸੜਕ ਦੇ ਨੇੜੇ ਕੁਝ ਬੱਚੇ ਇਕ ਬੇਰੀ ਤੋਂ ਬੇਰ ਝਾੜਨ ਲਈ ਵੱਟੇ ਮਾਰ ਰਹੇ ਸਨ। ਜਦੋਂ ਮਹਾਰਾਜੇ ਦਾ ਹਾਥੀ ਕੋਲ ਪਹੁੰਚਿਆ ਤਾਂ ਅਚਾਨਕ ਇਕ ਵੱਟਾ ਮਹਾਰਾਜਾ ਰਣਜੀਤ ਸਿੰਘ ਦੇ ਲਗ ਗਿਆ। ਅਹਿਲਕਾਰਾਂ ਦੇ ਕਹਿਣ ਤੇ ਸਿਪਾਹੀ ਉਸ ਬੱਚੇ ਨੂੰ ਫੜ ਲਿਆਏ ਜਿਸ ਨੇ ਵੱਟਾ ਮਾਰਿਆ ਸੀ, ਸਿਪਾਹੀ ਕੁਝ ਵਫਾਦਾਰੀ ਵਿਖਾਉਣ ਲਈ ਬੱਚੇ ਤੇ ਜ਼ੋਰ ਜ਼ਬਰ ਕਰ ਰਹੇ ਸਨ ਪਰ ਜਦੋਂ ਮਹਾਰਾਜੇ ਨੇ ਦੇਖਿਆ ਕਹਿਣ ਲੱਗਾ, ਰੁਕੋ! ਇਸ ਬੱਚੇ ਨੂੰ ਕੁਝ ਨਾ ਕਹੋ, ਆਰਾਮ ਨਾਲ ਮੇਰੇ ਪਾਸ ਲੈ ਕੇ ਆਵੋ। ਜਦੋਂ ਬੱਚਾ ਨੇੜੇ ਪਹੁੰਚਿਆਂ ਬਹੁਤ ਡਰਿਆ ਹੋਇਆ ਸੀ। ਮਹਾਰਾਜੇ ਨੇ ਸਵਾਲ ਕੀਤਾ, ਤੁਸੀਂ ਵੱਟੇ ਕਿਸ ਨੂੰ ਮਾਰ ਰਹੇ ਸੀ? ਕਹਿਣ ਲੱਗਾ, "ਹਜ਼ੂਰ! ਬੇਰੀ ਨੂੰ ਮਾਰ ਰਿਹਾ ਸੀ।" ਦੂਜਾ ਸੁਆਲ ਕੀਤਾ, ਬੇਰੀ ਦੇ ਵੱਟੇ ਕਿਉਂ ਮਾਰ ਰਹੇ ਸੀ? ਹਜ਼ੂਰ! ਇਸ ਬੇਰੀ ਦੇ ਬੇਰ ਬਹੁਤ ਮਿੱਠੇ ਹਨ, ਉਹ ਵੱਟਾ ਮਾਰਨ ਤੇ ਹੇਠਾਂ ਗਿਰ ਪੈਂਦੇ ਹਨ, ਅਸੀਂ ਚੁੱਕ ਲੈਂਦੇ ਹਾਂ। ਮਹਾਰਾਜ ਰਣਜੀਤ ਸਿੰਘ ਸੋਚਣ ਲਗ ਗਿਆ, ਬੇਰੀ ਵੱਟੇ ਦੀ ਪੀੜਾਂ ਸਹਿ ਕੇ ਬੇਰ ਦੇ ਦਿੰਦੀ ਹੈ। ਮੈਨੂੰ ਭੀ ਕੁਝ ਦੇਣਾ ਚਾਹੀਦਾ ਹੈ। ਬਾਦਸ਼ਾਹ ਨੂੰ ਤਾਂ ਕੋਈ ਵੱਡੀ ਚੀਜ਼ ਦੇਣੀ ਚਾਹੀਦੀ ਹੈ। ਵਜ਼ੀਰ ਨੂੰ ਬੁਲਾ ਕੇ ਕਿਹਾ ਕਿ ਇਸ ਬੱਚੇ ਦੇ ਨਾਮ ਦੋ ਪਿੰਡ ਲਿਖ ਦਿਓ। ਸੋ ਇਹ ਦਇਆ ਤੇ ਖਿਮਾ ਦੀ ਮਿਸਾਲ ਹੈ ਜੋ ਉਸ ਨੇ ਬੇਰੀ ਦੇ ਰੁਖ ਪਾਸੋਂ ਪ੍ਰਾਪਤ ਕੀਤੀ। ਨਹੀਂ ਤਾਂ ਹੋਰ ਕੋਈ ਕ੍ਰੋਧੀ ਤੇ ਹੰਕਾਰੀ ਹੁੰਦਾ ਤਾਂ ਉਸ ਬੱਚੇ ਨੂੰ ਸਜਾਏ ਮੌਤ ਵੀ ਦੇ ਸਕਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੰਨੀ ਵੀ ਬਾਣੀ ਦਰਜ ਹੈ ਉਸ ਦਾ ਇਕ-ਇਕ ਅੱਖਰ ਗੁਰੂ ਸਾਹਿਬਾਨ, ਸੂਫੀ ਪੀਰਾਂ, ਭਗਤਾਂ ਨੇ ਆਪਣੇ ਜੀਵਨ ਵਿਚ ਕਮਾ ਕੇ ਲਿਖਿਆ ਹੈ। ਸਾਂਈ ਲੋਕ ਬੁਰੇ ਦਾ ਬੁਰਾ ਨਹੀਂ ਕਰਦੇ ਅਤੇ ਕਿਸੇ ਹੋਏ ਅਪਮਾਨ ਵਜੋਂ ਮਨ ਵਿਚ ਉਸ ਦੇ ਖਿਲਾਫ ਗੁੱਸਾ ਨਹੀਂ ਲਿਆਉਂਦੇ ਸਗੋਂ ਬੁਰੇ ਦਾ ਭੀ ਭਲਾ ਹੀ ਕਰਦੇ ਹਨ ਜਿਵੇਂ ਕਿ-

**_ਫਰੀਦਾ ਬੁਰੇ ਦਾ ਭਲਾ ਕਰਿ_**
**_ਗੁਸਾ ਮਨਿ ਨ ਹਢਾਇ॥_**
**_ਦੇਹੀ ਰੋਗੁ ਨ ਲਗਈ ਪਲੈ_**
**_ਸਭੁ ਕਿਛੁ ਪਾਇ॥_**

**_ਪੰਨਾ - 1382_**

ਬਾਬਾ ਫਰੀਦ ਜੀ ਨੂੰ ਤਪ ਕਰਨ ਦੀ ਲਗਨ ਉਨ੍ਹਾਂ ਦੀ ਮਾਤਾ ਨੇ ਹੀ ਲਾਈ ਸੀ ਤੇ ਉਸ ਨੂੰ ਜੰਗਲਾਂ ਵਿਚ ਤਪ ਤੇ ਜੋਹਦ ਕਰਨ ਲਈ ਸਿਖਿਆ ਦੇ ਕੇ ਭੇਜਦੀ ਰਹੀ। ਸੁਚੱਜੀ ਮਾਂ ਆਪਣੇ ਬੱਚੇ ਨੂੰ ਨਰਕਾਂ ਵਿਚ ਜਾਣ ਤੋਂ ਬਚਾਉਂਦੀ ਹੈ ਅਤੇ ਸੁਭ ਸਿਖਿਆ ਦੇ ਕੇ ਪ੍ਰਭੂ ਦੇ ਮਿਲਾਪ ਲਈ ਪ੍ਰੇਰਦੀ ਹੈ ਅਤੇ ਮਾਨਸ ਜਨਮ ਨੂੰ ਸਫਲ ਕਰਾਉਂਦੀ ਹੈ। ਇਸ ਤਰ੍ਹਾਂ ਸਖਤ ਤਪ ਕਰਾਇਆ। ਮਹਾਨ ਤਪ ਤੇ ਜੋਹਦ ਕਰਦਿਆਂ ਹੋਇਆਂ ਜਦੋਂ ਉਨ੍ਹਾਂ ਨੂੰ ਤੱਤਵੇਤਾ ਮਹਾਂਪੁਰਸ਼ਾਂ ਨੇ ਦੱਸਿਆ ਕਿ - -

**_ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥_**
**_ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥_**

**_ਪੰਨਾ - 1378_**

ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਦੱਸਿਆ ਕਿ ਰੱਬ ਤਾਂ ਅੰਦਰ ਹੈ ਪਰ ਮੁਰਸ਼ਦ-ਏ-ਕਾਮਿਲ ਬਿਨਾਂ ਇਸ ਦੀ ਪ੍ਰਾਪਤੀ

ਨਹੀਂ ਹੋਣੀ। ਖਵਾਜ਼ਾ ਮੁਈਉਦੀਨ ਚਿਸ਼ਤੀ ਦੇ ਮਹਾਨ ਮੁਰੀਦ ਬੁਖਤਿਆਰ ਕਾਕੀ ਦੀ ਦੱਸ ਪਈ ਤੇ ਉਨ੍ਹਾਂ ਦੀ ਸ਼ਰਨ ਵਿਚ ਜਾ ਕੇ ਸੇਵਾ ਕਰਨੀ ਸ਼ੁਰੂ ਕੀਤੀ। ਇਕ ਦਿਨ ਇਮਤਿਹਾਨ ਦਾ ਪਰਚਾ ਪਿਆ, ਡੇਰੇ ਦੀ ਅੱਗ ਬੁਝ ਗਈ, ਰਾਤ ਨੂੰ ਵੇਸਵਾ ਦੇ ਦਰ ਤੇ ਪਹੁੰਚ ਕੇ ਡੇਲਾ ਦੇ ਕੇ ਅੱਗ ਲਿਆਂਦੀ। ਪਾਣੀ ਗਰਮ ਕੀਤਾ ਤੇ ਮੁਰਸ਼ਦ ਨੂੰ ਇਸ਼ਨਾਨ ਕਰਵਾਇਆ।

ਇਥੇ ਵਰਨਣਯੋਗ ਹੈ ਕਿ ਉਨ੍ਹਾਂ ਨੇ ਉਸ ਪੀੜ ਨੂੰ ਜੋ ਉਨ੍ਹਾਂ ਨੂੰ ਸਰੀਰਕ ਤੌਰ ਤੇ ਅੱਖ ਦਾ ਡੇਲਾ ਦੇਣ ਵੇਲੇ ਹੋਈ, ਮੁਰਸ਼ਦ ਤਕ ਜ਼ਾਹਰ ਨਹੀਂ ਕੀਤਾ ਤੇ ਨਾ ਹੀ ਕੋਈ ਹਾਇ ਤੋਬਾ ਕੀਤੀ ਅਤੇ ਰੁਖਾਂ ਵਰਗਾ ਜਿਗਰਾ ਕਰਕੇ ਉਸ ਪੀੜ ਨੂੰ ਅੰਦਰੋਂ ਅੰਦਰ ਹੀ ਚੁੱਪ ਚੁਪੀਤੇ ਸਹਿ ਗਏ। ਮੁਰਸ਼ਦ ਦੀ ਸਮਾਧੀ ਖੁਲ੍ਹੀ ਉਨ੍ਹਾਂ ਨੇ ਫਰੀਦ ਜੀ ਨੂੰ ਬੁਲਾਇਆ ਤੇ ਪੁਛਿਆ ਇਹ ਅੱਖ ਕਿਉਂ ਬੰਨੀ ਹੈ? ਇਥੇ ਉਨ੍ਹਾਂ ਨੇ ਸਿਰਫ ਇਤਨਾ ਹੀ ਕਿਹਾ ਕਿ ਹਜ਼ੂਰ! ਅੱਖ ਆਈ ਹੋਈ ਹੈ, ਇਸ ਕਰਕੇ ਪੱਟੀ ਬੰਨ੍ਹੀ ਹੈ। ਜਾਣੀ ਜਾਣ ਮੁਰਸ਼ਦ ਨੇ ਵਰਦਾਨ ਦੇ ਕੇ ਕ੍ਰਿਪਾ ਕੀਤੀ, ਅੱਖ ਨੌ ਬਰ ਨੌ ਕਰ ਦਿਤੀ ਤੇ ਘੁੱਟ ਕੇ ਬੁਕਲ ਵਿਚ ਲੈ ਕੇ ਨਿਹਾਲ ਕਰ ਦਿਤਾ ਤੇ ਨਾਮ ਦਾਨ ਦਾ ਖਜ਼ਾਨਾ ਬਖਸ਼ ਦਿਤਾ। ਕਿਉਂਕਿ ਉਸ ਦੇ ਅੰਦਰ ਜਰਨ ਸ਼ਕਤੀ ਸੀ ਅਤੇ ਜਿੰਨਾਂ ਚਿਰ ਜਰਨ ਸ਼ਕਤੀ ਨਾ ਹੋਵੇ ਉਨਾਂ ਚਿਰ ਮਹਾਂਪੁਰਸ਼ ਕਦੀ ਕ੍ਰਿਪਾ ਦ੍ਰਿਸ਼ਟੀ ਨਹੀਂ ਕਰਿਆ ਕਰਦੇ।

ਇਹ ਜਰਨ ਸ਼ਕਤੀ ਹੈ ਜਿਸ ਨੂੰ ਰੁਖਾਂ ਦੀ ਜੀਰਾਂਦ ਕਹਿੰਦੇ ਹਨ, ਬਾਰ-ਬਾਰ ਦਰਵੇਸਾਂ ਦੇ ਆਤਮਿਕ ਭਾਂਡੇ ਨੂੰ ਠੋਕ ਕੇ ਪਰਖਦੀ ਰਹਿੰਦੀ ਹੈ ਅਤੇ ਇਨ੍ਹਾਂ ਦਾ ਇਮਤਿਹਾਨ ਲੈ ਕੇ ਪਰਖਦੀ ਰਹਿੰਦੀ ਹੈ। ਬਾਬਾ ਫਰੀਦ ਜੀ ਦੇ ਜੀਵਨ ਵਿਚ ਐਸੀ ਹੀ ਇਕ ਹੋਰ ਘਟਨਾ ਦਾ ਜ਼ਿਕਰ ਹੈ ਜਿਸ ਨੂੰ ਪੜ੍ਹ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਬਾਬਾ ਫਰੀਦ ਜੀ ਦੀ ਭੈਣ ਈਰਾਨ ਰਹਿੰਦੀ ਸੀ ਅਤੇ ਇਨ੍ਹਾਂ ਦਾ ਲੜਕਾ ਮਖ਼ਦੂਮਾ ਇਨ੍ਹਾਂ ਦੇ ਪਾਸ ਰਹਿੰਦਾ ਸੀ ਜੋ ਕਿ ਅਥਾਹ ਸ਼ਕਤੀਆਂ ਦਾ ਮਾਲਕ, ਭਜਨ ਬੰਦਗੀ ਵਾਲਾ ਤੇ ਜਲਾਲ ਵਾਲਾ ਸੀ। ਇਹ ਫਰੀਦ ਜੀ ਦੇ ਮੁਕਾਮ (ਤਕੀਏ) ਤੇ ਲੰਗਰ ਦਾ ਇੰਚਾਰਜ ਸੀ। ਇਕ ਦਿਨ ਇਹ ਆਪਣੇ ਕਮਰੇ ਵਿਚ ਮੁਰਾਕਬੇ ਵਿਚ ਬੈਠਾ ਸੀ ਤਾਂ ਫਰੀਦ ਜੀ ਦੇ ਛੋਟੇ ਲੜਕੇ ਨੇ ਸ਼ੀਸ਼ਾਂ ਥਾਣੀ ਇਸ ਨੂੰ ਵੇਖ ਲਿਆ ਕਿ ਸਮਾਧੀ 'ਚ ਬੈਠਾ ਹੈ, ਖੜਕਾ ਹੋਣ ਕਰਕੇ ਮਖਦੂਮ ਦੀ ਸਮਾਧੀ ਖੁਲ੍ਹ ਗਈ, ਕ੍ਰੋਧ ਵਿਚ ਆ ਕੇ ਜਦੋਂ ਸ਼ੀਸ਼ਾਂ ਵਿਚੋਂ ਲੜਕੇ ਵਲ ਨਜ਼ਰੇ ਕਹਿਰ ਕੀਤਾ ਤਾਂ ਓਥੇ ਹੀ ਜਲ ਕੇ ਰਾਖ ਦੀ ਢੇਰੀ ਹੋ ਗਿਆ। ਫਰੀਦ ਜੀ ਦੇ ਵੱਡੇ ਲੜਕੇ ਜਮਾਲ ਨਾਲ ਵੀ ਇਸੇ ਤਰ੍ਹਾਂ ਹੋਇਆ। ਮਖਦੂਮ ਨੂੰ ਇਕ ਦਿਨ ਮੁਰਾਕਬੇ 'ਚੋਂ ਆਉਣ ਤੋਂ ਦੇਰ ਹੋ ਗਈ ਤੇ ਉਧਰ ਲੰਗਰ ਦਾ ਟਾਈਮ ਹੋ ਗਿਆ ਤੇ ਜਮਾਲ ਨੇ ਲੰਗਰ ਵਰਤਵਾ ਦਿਤਾ। ਬਾਅਦ ਵਿਚ ਜਦੋਂ ਮਖਦੂਮ ਨੂੰ ਪਤਾ ਲੱਗਾ ਤੇ ਉਸ ਨੇ ਪੁਛਿਆ ਕਿ ਮੇਰੀ ਆਗਿਆ ਤੋਂ ਬਿਨਾਂ ਲੰਗਰ ਕਿਸ ਨੇ ਵਰਤਾਇਆ ਹੈ? ਕਹਿਣ ਲੱਗੇ ਫਰੀਦ ਜੀ ਦੇ ਵੱਡੇ ਲੜਕੇ ਨੇ ਵਰਤਾਇਆ ਹੈ ਤਾਂ ਉਸ ਵੱਲ ਦੇਖਿਆ, ਉਹ ਵੀ ਉਥੇ ਹੀ ਸੁਆਹ ਦੀ ਢੇਰੀ ਬਣਾ ਦਿਤਾ।

ਬਾਬਾ ਫਰੀਦ ਜੀ ਦੀ ਭੈਣ ਈਰਾਨ ਤੋਂ ਆਈ ਤੇ ਕਹਿਣ ਲਗੀ ਵੀਰ ਜੀ ਮੈਨੂੰ ਆਪਣੀ ਧੀ ਬਾਨੋ ਦਾ ਰਿਸ਼ਤਾ ਮਖਦੂਮ ਵਾਸਤੇ ਦੇ ਦਿਓ ਤੇ ਘਰ ਵਿਚ ਹੀ ਹੋ ਜਾਵੇ ਤਾਂ ਠੀਕ ਹੈ। ਦੇਖੋ ਰੁਖਾਂ ਦੀ ਜੀਰਾਂਦ। ਇਨ੍ਹਾਂ ਦੇ ਦੋਵੇਂ ਲੜਕੇ ਮਖ਼ਦੂਮ ਦੇ ਜਲਾਲ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਭੈਣ ਕੋਲ ਜ਼ਿਕਰ ਤਕ ਨਹੀਂ ਕੀਤਾ ਤੇ ਉਲਟਾ ਕਹਿਣ ਲੱਗੇ, ਠੀਕ ਹੈ ਬੀਬੀ ਜਿਵੇਂ ਤੇਰੀ ਮਰਜ਼ੀ, ਮਖਦੂਮ ਨਾਲ ਇਸ ਦਾ ਨਿਕਾਹ ਕਰ ਦਿੰਦੇ ਹਾਂ ਤੇ ਮਖਦੂਮ ਨਾਲ ਆਪਣੀ ਬੇਟੀ ਦੀ ਸ਼ਾਦੀ ਕਰ ਦਿਤੀ।

ਖੁਸ਼ੀ-ਖੁਸ਼ੀ ਸ਼ਾਦੀ ਹੋ ਗਈ ਤੇ ਲੜਕੀ ਪਹਿਲੀ ਰਾਤ ਨੂੰ ਹੀ ਦੁੱਧ ਦਾ ਗਿਲਾਸ ਲੈ ਕੇ ਮਖਦੂਮ ਦੇ ਕਮਰੇ ਵਿਚ ਦਾਖਲ ਹੋਈ, ਇਸ ਦੀ ਸਮਾਧੀ ਲੱਗੀ ਹੋਈ ਸੀ, ਬੈਠੇ ਨੂੰ ਸਵੇਰ ਹੋ ਗਈ ਤੇ ਉਹ ਸਾਰੀ ਰਾਤ ਛੰਨਾ ਲੈ ਕੇ ਖੜ੍ਹੀ ਰਹੀ। ਜਦੋਂ ਮਖ਼ਦੂਮ ਦੀ ਸਮਾਧੀ ਖੁਲ੍ਹੀ ਤਾਂ ਦੇਖਿਆ ਕਿ ਲੜਕੀ ਖੜ੍ਹੀ ਹੈ ਤਾਂ ਇਕ ਦਮ ਅੱਖਾਂ ਲਾਲ ਕਰਕੇ ਕਿਹਾ ਕਿ ਤੂੰ ਕਿਸ ਦੀ ਇਜਾਜ਼ਤ ਨਾਲ ਮੇਰੇ ਕਮਰੇ ਵਿਚ ਆਈ ਹੈਂ? ਇੰਨਾਂ ਕਹਿਣ ਦੀ ਦੇਰ ਸੀ ਉਹ ਧੜੰਮ ਕਰਕੇ ਡਿੱਗ ਪਈ ਤੇ ਉਹ ਵੀ ਚੜ੍ਹਾਈ ਕਰ ਗਈ। ਸੋ ਬਾਬਾ ਫਰੀਦ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਮਖ਼ਦੂਮ ਤੇ ਕੋਈ ਗਿਲਾ ਨਹੀਂ ਕੀਤਾ ਤੇ ਨਾ ਹੀ ਆਪਣੀ ਭੈਣ ਨੂੰ ਕੁਝ ਕਿਹਾ ਪਰੰਤੂ ਮਖ਼ਦੂਮ ਨੂੰ ਆਦੇਸ਼ ਦਿਤਾ ਤੂੰ ਦਿੱਲੀ ਜਾਹ ਪਰ ਫਰੀਦ ਜੀ ਦੇ ਭਰਾ ਸਮਸ਼ ਨੇ ਪਾਣੀਪਤ ਤੋਂ ਹੀ ਵਾਪਸ ਕਰ ਦਿਤਾ, ਬਾਬਾ ਜੀ ਨੇ ਕਾਬੇਰੀ ਭੇਜ ਦਿਤਾ।

ਬਾਬਾ ਫਰੀਦ ਜੀ ਦੇ ਜੀਵਨ ਵਿਚ ਹੋਰ ਵੀ ਐਸੀ ਘਟਨਾ ਆਉਂਦੀ ਹੈ ਕਿ ਉਹ ਮੁਰੀਦਾਂ ਨਾਲ ਕਿਧਰੇ ਜਾ ਰਹੇ ਸਨ ਰਸਤੇ ਵਿਚ ਉਨ੍ਹਾਂ ਚੋਰ ਡਾਕੂ ਆਦਿ ਮਿਲ ਗਏ ਤੇ ਉਨ੍ਹਾਂ ਦੀ ਗੋਦੜੀ, ਲੋਟਾ ਆਦਿ ਵੀ ਖੋਹ ਲਿਆ ਤੇ ਨਾਲੇ ਧੱਕੇ ਮਾਰੇ। ਇਹ ਦੇਖ ਕੇ ਮੁਰੀਦਾਂ ਨੂੰ ਗੁੱਸਾ ਆਇਆ ਤੇ ਉਨ੍ਹਾਂ ਵਲ ਨੂੰ ਧਾਉਣ ਲੱਗੇ ਪਰੰਤੂ ਫਰੀਦ ਜੀ ਨੇ ਰੋਕ ਦਿਤਾ। ਕਹਿਣ ਲੱਗੇ ਕੋਈ ਗੱਲ ਨਹੀਂ ਇਨ੍ਹਾਂ ਨੂੰ ਕੁਝ ਨਾ ਕਹੋ। ਥੋੜ੍ਹੀ ਦੂਰ ਅੱਗੇ ਜਾ ਕੇ ਬੈਠ ਗਏ ਤੇ ਦੋਵੇਂ ਹੱਥ ਜੋੜ ਕੇ ਸਿਜਦਾ ਕਰ ਰਹੇ ਹਨ ਅਤੇ ਨਾਲੇ ਦੋਵੇਂ ਨੇਤਰਾਂ ਵਿਚ ਜਲ ਆ ਰਿਹਾ ਹੈ ਤੇ ਇਹ ਵੇਖ ਕੇ ਮੁਰੀਦਾਂ ਨੇ ਕਿਹਾ ਮਹਾਰਾਜ! ਉਸ ਵੇਲੇ ਤਾਂ ਤੁਸੀਂ ਸਾਨੂੰ ਵਰਜ ਦਿਤਾ ਤੇ ਹੁਣ ਤੁਸੀਂ ਰੋ ਕਿਉਂ ਰਹੇ ਹੋ? ਕਹਿਣ ਲੱਗੇ, ਮੈਂ ਇਸ ਵਾਸਤੇ ਨਹੀਂ ਰੋ ਰਿਹਾ ਹੈ ਕਿ ਉਹ ਮੇਰਾ ਸਮਾਨ ਖੋਹ ਕੇ ਲੈ ਗਏ ਹਨ ਸਗੋਂ ਮੈਂ ਉਨ੍ਹਾਂ ਵਾਸਤੇ ਅੱਲਾਹ ਤਾਲਾਹ! ਪਾਸ ਦੁਆ ਕਰ ਰਿਹਾ ਹਾਂ ਕਿ ਹੇ ਅੱਲਾਹ ਤਾਲਾ! ਇਨ੍ਹਾਂ ਨੂੰ ਕੋਈ ਸਜ਼ਾ ਨਾ ਦੇਵੀਂ, ਇਨ੍ਹਾਂ ਨੂੰ ਬਖਸ਼ ਦੇਵੀਂ ਤੇ ਇਨ੍ਹਾਂ ਨੂੰ ਸੁਮੱਤ ਬਖਸ਼ ਤਾਂ ਕਿ ਇਹ ਵੀ ਨੇਕ ਇਨਸਾਨ ਬਣ ਕੇ ਤੇਰੀ ਬੰਦਗੀ ਕਰ ਸਕਣ।

ਇਕ ਵੇਰਾਂ ਫਾਰਸ ਦੇ ਬਾਦਸ਼ਾਹ ਦੇ ਦਰਬਾਰ ਵਿਚ ਇਹ ਚਰਚਾ ਚਲ ਰਹੀ ਸੀ ਕਿ ਸਬਰ ਤੇ ਸ਼ੁਕਰ ਦੇ ਕੀ ਅਰਥ ਹੁੰਦੇ ਹਨ। ਬਾਦਸ਼ਾਹ ਨੂੰ ਆਲਮਾਂ, ਕਾਜ਼ੀਆਂ ਨੇ ਮਾਅਨੇ ਦੱਸੇ ਪਰ ਬਾਦਸ਼ਾਹ ਦੀ ਤਸੱਲੀ ਨਾ ਕਰਾ ਸਕੇ। ਇਕ ਸੂਫੀ ਪੀਰ ਨੇ ਦੱਸਿਆ ਕਿ ਦਿੱਲੀ ਵਿਚ ਇਕ ਦਰਵੇਸ਼ ਸਰਮਦ ਨਾਮ ਦਾ ਹੈ ਉਹ ਔਰੰਗਜ਼ੇਬ ਦੀ ਕੈਦ ਵਿਚ ਹੈ। ਉਹ ਆਪ ਦੀ ਤਸੱਲੀ ਕਰਾ ਸਕਦਾ ਹੈ। ਬਾਦਸ਼ਾਹ ਨੇ ਤੁਰੰਤ ਆਪਣੇ ਸਫੀਰ ਨੂੰ ਦਿੱਲੀ ਸੁਨੇਹਾ ਭੇਜਿਆ ਤੇ ਬਾਦਸ਼ਾਹ ਪਾਸੋਂ ਸਰਮੱਦ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਕਿ ਉਨ੍ਹਾਂ ਪਾਸੋਂ ਇਕ ਦੋ ਰੂਹਾਨੀ ਸਵਾਲ ਪੁਛਣੇ ਹਨ ਤਾਂ ਇਜਾਜ਼ਤ ਮਿਲ ਗਈ। ਔਰੰਗਜ਼ੇਬ ਨੇ ਫਕੀਰ ਸਾਂਈ ਨੂੰ ਅਨ੍ਹੇਰੀ ਕੋਠੜੀ ਵਿਚ ਸਤ ਤਾਲਿਆਂ ਅੰਦਰ ਬੰਦ

ਕੀਤਾ ਹੋਇਆ ਸੀ ਤੇ ਹਰ ਰੋਜ਼ ਉਸ ਦੇ ਸੌ ਕੋਰੜੇ ਲਗਾਏ ਜਾਂਦੇ ਸਨ ਅਤੇ ਖਾਣ ਵਾਸਤੇ ਕੁਝ ਨਹੀਂ ਸੀ ਦਿਤਾ ਜਾਂਦਾ ਅਤੇ ਪੀਣ ਵਾਸਤੇ ਕੇਵਲ ਇਕ ਪਿਆਲਾ ਪਾਣੀ ਨਮਕ ਪਾ ਕੇ ਦਿਤਾ ਜਾਂਦਾ ਸੀ। ਸਫੀਰ ਨੂੰ ਦੱਸਿਆ ਗਿਆ ਕਿ ਸਰਮਦ ਇਸ ਜੇਲ੍ਹ ਅੰਦਰ ਸੱਤ ਤਾਲਿਆਂ ਦੇ ਅੰਦਰ ਕੈਦ ਹੈ। ਆਪ ਮਿਲ ਸਕਦੇ ਹੋ, ਜਿਸ ਦਰਵਾਜ਼ੇ ਅੱਗੇ ਸਫੀਰ ਜਾਂਦਾ ਹੈ, ਤਾਲਾ ਆਪਣੇ ਆਪ ਖੁਲ੍ਹ ਜਾਂਦਾ ਹੈ ਤੇ ਦਰਵਾਜ਼ਾ ਖੁਲ੍ਹੀ ਜਾ ਰਿਹਾ ਹੈ ਅਤੇ ਅੱਗੇ ਸਰਮਦ ਜੀ ਅੱਲਾ ਦੀ ਰਜ਼ਾ ਵਿਚ ਬੈਠੇ ਹਨ। ਸਫੀਰ ਨੇ ਆਪਣੇ ਪ੍ਰਸ਼ਨ ਕਰਨੇ ਸ਼ੁਰੂ ਕੀਤੇ ਕਿ ਐ ਫਕੀਰ ਸਾਂਈ! ਸਬਰ ਤੇ ਸ਼ੁਕਰ ਦੇ ਅਰਥਾਂ ਬਾਰੇ ਆਪ ਨੂੰ ਪੁਛਣ ਆਇਆ ਹਾਂ, ਕਹਿਣ ਲੱਗੇ ਠੀਕ ਹੈ ਥੋੜ੍ਹੀ ਦੇਰ ਠਹਿਰੋ ਹੁਣੇ ਹੀ ਦਸਦੇ ਹਾਂ। ਇੰਨੇ ਨੂੰ ਕੀ ਵੇਖਦਾ ਹੈ ਕਿ ਇਕ ਜਲਾਦ ਆਇਆ ਤੇ ਲਗਾਤਾਰ ਸਰਮੱਦ ਦੀ ਪਿੱਠ ਤੇ ਕੋਰੜੇ ਮਾਰੀ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਮੁਖ ਤੋਂ ਬਿਲਕੁਲ ਹਾਲ ਦੁਹਾਈ ਨਹੀਂ ਹੋ ਰਹੀ ਤੇ ਚੁੱਪ ਕਰਕੇ ਕੋਰੜੇ ਖਾ ਲਏ ਅਤੇ ਨਾਲੇ ਇਕ ਹੱਥ ਉਪਰ ਨੂੰ ਚੁੱਕ ਕੇ ਹਿਲਾ ਰਹੇ ਹਨ ਕਿ ਨਹੀਂ ਨਹੀਂ? ਇੰਨੇ ਨੂੰ ਇਕ ਪਾਣੀ ਦਾ ਪਿਆਲਾ ਜਿਸ ਵਿਚ ਨਮਕ ਸੀ ਪੀਣ ਵਾਸਤੇ ਦਿਤਾ ਗਿਆ ਤੇ ਦੋਵੇਂ ਹੱਥ ਜੋੜ ਕੇ ਅੱਲਾਹ ਤਾਲਾਹ ਨੂੰ ਕਹਿ ਰਹੇ ਹਨ ਕਿ ਹੇ ਅੱਲਾ ਤਾਲਾਹ! ਤੂੰ ਧੰਨ ਹੈਂ, ਮੇਰਾ ਕਿੰਨਾ ਖਿਆਲ ਰੱਖਿਆ ਕਿ ਮੇਰੇ ਪੀਣ ਵਾਸਤੇ ਇਕ ਪਿਆਲਾ ਪਾਣੀ ਦਾ ਨਮਕ ਪਾ ਕੇ ਭੇਜਿਆ। ਤੇਰਾ ਲੱਖ ਲੱਖ ਸ਼ੁਕਰ ਹੈ।

ਜਦੋਂ ਇਹ ਸਭ ਕੁਝ ਹੋ ਚੁਕਿਆ ਤਾਂ ਸਰਮਦ ਜੀ ਨੇ ਸਫੀਰ ਨੂੰ ਪੁਛਿਆ, ਆਪ ਨੂੰ ਸਮਝ ਆ ਗਈ ਕਿ ਸਬਰ ਸ਼ੁਕਰ ਕੀ ਹੁੰਦਾ ਹੈ? ਕਹਿਣ ਲੱਗਿਆ ਕਿ ਫਕੀਰ ਸਾਂਈ! ਮੇਰੇ ਤਾਂ ਸਮਝ ਵਿਚ ਕੁਝ ਨਹੀਂ ਆਇਆ। ਕਹਿਣ ਲੱਗੇ, ਚੰਗਾ ਕਲ੍ਹ ਨੂੰ ਫੇਰ ਆਵੀਂ। ਦੋ ਗਜ਼ ਕਪੜਾ ਤੇ ਨਾਹੁਣ ਵਾਸਤੇ ਜਲ ਲੈ ਕੇ ਆਵੀਂ, ਅਸੀਂ ਬਰੈਹਨੇ (ਨੰਗੇ) ਹਾਂ ਤੇ ਬਹੁਤ ਦਿਨਾਂ ਤੋਂ ਇਸ਼ਨਾਨ ਨਹੀਂ ਕੀਤਾ ਤੇ ਤੇੜ ਕਪੜਾ ਨਹੀਂ ਪਾਇਆ। ਦੂਜੇ ਦਿਨ ਆਪ ਨੇ ਇਸ਼ਨਾਨ ਕੀਤਾ, ਤੇੜ ਪਰਨਾ ਬੰਨ੍ਹਿਆ ਅਤੇ ਜਲਾਦ ਜਦੋਂ ਕੋਰੜੇ ਮਾਰਨ ਲੱਗਿਆ ਤਾਂ ਉਨ੍ਹਾਂ ਨੇ ਉਸ ਸਫੀਰ ਦੀ ਦਿਬਯ ਦ੍ਰਿਸ਼ਟ ਖੋਲ੍ਹ ਦਿਤੀ। ਕੀ ਦੇਖਦਾ ਹੈ ਕਿ ਹਜ਼ਾਰਾਂ ਸ਼ਕਤੀਆਂ ਹੱਥ ਬੰਨ੍ਹੀ ਖੜ੍ਹੀਆਂ ਹਨ ਤੇ ਕਹਿ ਰਹੀਆਂ ਹਨ ਕਿ ਮਹਾਰਾਜ ਸਾਨੂੰ ਹੁਣੇ ਹੁਕਮ ਦੇਵੋ ਅਸੀਂ ਹੁਣੇ ਔਰੰਗਜ਼ੇਬ ਨੂੰ ਖਤਮ ਕਰਕੇ ਉਸ ਦਾ ਰਾਜ ਗਰਕ ਕਰ ਦਿੰਦੇ ਹਾਂ ਤੇ ਸਰਮੱਦ ਜੀ ਹੱਥ ਦੇ ਇਸ਼ਾਰੇ ਨਾਲ ਮਨ੍ਹਾ ਕਰ ਰਹੇ ਹਨ।

ਉਸ ਤੋਂ ਬਾਅਦ ਨਮਕ ਦਾ ਪਿਆਲਾ ਆ ਗਿਆ, ਫਕੀਰ ਜੀ ਨੇ ਫੜ ਲਿਆ ਤੇ ਜਦੋਂ ਪੀਣ ਲੱਗੇ ਤਾਂ ਸਫੀਰ ਕੀ ਦੇਖਦਾ ਹੈ ਕਿ ਛੱਤੀ ਪ੍ਰਕਾਰ ਦੇ ਭੋਜਨ ਥਾਲਾਂ ਵਿਚ ਪਰੋਸੇ ਹੋਏ ਤੇ ਛੱਕਣ ਲਈ ਬੇਨਤੀ ਹੋ ਰਹੀ ਹੈ ਪਰ ਸਰਮੱਦ ਜੀ ਇਸ਼ਾਰੇ ਨਾਲ ਕਹਿ ਰਹੇ ਹਨ ਕਿ ਇਨ੍ਹਾਂ ਨੂੰ ਲੈ ਜਾਵੋ ਅਸੀਂ ਖੁਦਾ ਦੇ ਭੇਜੇ ਹੋਏ ਇਕ ਨਮਕ ਦੇ ਪਿਆਲੇ ਵਿਚ ਹੀ ਸ਼ਾਕਰ ਹਾਂ। ਉਪਰੰਤ ਸਰਮੱਦ ਜੀ ਨੇ ਪੁਛਿਆ ਕਿ ਹੁਣ ਤਾਂ ਸਮਝ ਆ ਗਈ ਹੋਵੇਗੀ। ਕਹਿਣ ਲੱਗਾ, "ਮਹਾਰਾਜ! ਜ਼ਰਾ ਖੋਲ੍ਹ ਕੇ ਸਮਝਾਉਣ ਦੀ ਕ੍ਰਿਪਾ ਕਰੋ। ਕਹਿਣ ਲੱਗੇ, ਦੇਖੋ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਵੀ ਸਰੀਰ ਤੇ ਕੋਰੜੇ ਸਹਿ ਰਹੇ ਹਾਂ ਤੇ ਇਨ੍ਹਾਂ ਨੂੰ ਸਬਰ ਨੂੰ ਅਪਣਾਉਂਦੇ ਹੋਏ ਕੋਈ ਸਰਾਪ ਨਹੀਂ ਦੇ ਰਹੇ ਅਤੇ ਖਾਣ ਵਾਸਤੇ ਅਸਮਾਨੀ ਸ਼ਕਤੀਆਂ ਫਰਿਸ਼ਤਿਆਂ ਵਲੋਂ ਅਨੇਕ ਪ੍ਰਕਾਰ ਦੇ ਭੋਜਨ ਆਏ ਉਹ ਅਸੀਂ ਅੰਗੀਕਾਰ ਨਹੀਂ ਕੀਤੇ ਕਿਉਂਕਿ ਸਾਨੂੰ ਪ੍ਰਭੂ ਵਲੋਂ ਦਿਤੇ ਇਕ ਨਮਕ ਦੇ ਪਿਆਲੇ ਤੇ ਹੀ ਸ਼ੁਕਰ ਹੈ। ਆਪਣੇ ਅੰਦਰ ਪ੍ਰਭੂ ਦੀ ਬੰਦਗੀ ਨਾਲ ਆਈ ਅਨੰਤ ਸ਼ਕਤੀ ਨੂੰ ਸਹਿ ਜਾਣਾ, ਜਰ ਜਾਣਾ ਇਸ ਨੂੰ ਸਬਰ ਕਹਿੰਦੇ ਹਨ ਅਤੇ ਪ੍ਰਭੂ ਵਲੋਂ ਦਿਤਾ ਇਕ ਨਮਕ ਦੇ ਪਿਆਲਾ ਪੀ ਕੇ ਉਸ ਦਾ ਸ਼ੁਕਰ ਕਰਨਾ ਕਿ ਹੇ ਪ੍ਰਭੂ! ਤੂੰ ਕਿਤਨਾ ਦਿਆਲੂ ਹੈਂ, ਤੈਨੂੰ ਮੇਰਾ ਕਿੰਨਾ ਖਿਆਲ ਹੈ, ਤੂੰ ਮੇਰੇ ਪੀਣ ਵਾਸਤੇ ਇਹ ਭੇਜਿਆ ਹੈ। ਇਸ ਨੂੰ ਸ਼ੁਕਰ ਕਹਿੰਦੇ ਹਨ।

ਗੁਰ ਇਤਿਹਾਸ ਵਿਚ ਵੀ ਐਸੀਆਂ ਅਨੇਕਾਂ ਮਿਸਾਲਾਂ ਹਨ ਕਿ ਗੁਰੂ ਸਾਹਿਬਾਨ, ਪੰਚਮ ਪਾਤਸ਼ਾਹ, ਗੁਰੂ ਤੇਗ ਬਹਾਦਰ ਮਹਾਰਾਜ, ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਨੇ ਸਾਰਾ ਪਰਿਵਾਰ ਵਾਰ ਕੇ ਵੀ ਇਨ੍ਹਾਂ ਭਾਵਾਂ ਨੂੰ ਪ੍ਰਗਟ ਕੀਤਾ ਕਿ–

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥***

***ਪੰਨਾ – 1375***

ਅਤੇ ਭਾਈ ਨੰਦ ਲਾਲ ਜੀ ਨੇ ਦਸ਼ਮੇਸ਼ ਪਿਤਾ ਜੀ ਨੂੰ ਬਾਦਸ਼ਾਹ ਦਰਵੇਸ਼ ਕਹਿ ਕੇ ਆਪਣੀ ਅਕੀਦਤ ਭੇਟ ਕੀਤੀ ਹੈ ਉਪਰੰਤ ਐਸੇ, ਗੁਰਸਿੱਖ ਸਾਧੂ, ਸੰਤ ਮਹਾਂਪੁਰਸ਼ ਹੋਏ ਹਨ ਜੋ ਕਿ ਇਨ੍ਹਾਂ ਸ਼ਕਤੀਆਂ ਦੇ ਅਥਾਹ ਸਾਗਰ ਨੂੰ ਛੱਡ ਕੇ ਪ੍ਰਭੂ ਦੇ ਭਾਣੇ ਵਿਚ ਜੀਵਨ ਬਤੀਤ ਕਰਦੇ ਰਹੇ।

ਗੁਰੂ ਪੰਚਮ ਪਾਤਸ਼ਾਹ ਜੀ ਦੇ ਸਮੇਂ ਭਾਈ ਭਿਖਾਰੀ ਨਾਮ ਦਾ ਇਕ ਗੁਰਸਿੱਖ ਗੁਜਰਾਤ ਵਿਚ ਰਹਿੰਦਾ ਸੀ ਜੋ ਕਿ ਦਰਵੇਸ਼ ਪਦਵੀ ਨੂੰ ਪ੍ਰਾਪਤ ਸੀ। ਭਾਈ ਗੁਰਮੁਖ ਨਾਮ ਦਾ ਸਿੱਖ ਮਹਾਰਾਜ ਜੀ ਦੀ ਆਗਿਆ ਲੈ ਕੇ ਉਸ ਕੋਲ ਪਹੁੰਚਦਾ ਹੈ ਤੇ ਕੀ ਵੇਖਦਾ ਹੈ ਕਿ ਘਰ ਵਿਚ ਵਿਆਹ ਦੀ ਤਿਆਰੀ ਹੋ ਰਹੀ ਹੈ। ਮਠਿਆਈਆਂ ਪਕਵਾਨ ਬਣ ਰਹੇ ਹਨ ਤੇ ਪਰਾਹੁਣਚਾਰੀ ਦੀ ਚਹਿਲ ਪਹਿਲ ਹੈ। ਪੁਛਣ ਤੇ ਭਾਈ ਭਿਖਾਰੀ ਨੇ ਦੱਸਿਆ ਕਿ ਲੜਕੇ ਦੀ ਸ਼ਾਦੀ ਹੈ ਪਰੰਤੂ ਭਾਈ ਭਿਖਾਰੀ ਜੀ ਨੂੰ ਕਿਓਟਣ ਮੁਰਦੇ ਦਾ ਸਮਾਨ ਤਿਆਰ ਕਰ ਰਹੇ ਹਨ, ਇਕ ਪਾਸੇ ਅਰਥੀ, ਘੜਾ, ਪੂਲਾ ਆਦਿ ਰੱਖੇ ਹੋਏ ਹਨ ਅਤੇ ਭਾਈ ਭਿਖਾਰੀ ਇਕ ਤੱਪੜ ਦੀ ਗੰਢ ਤੁਪ ਕਰ ਰਹੇ ਹਨ। ਦੂਜੇ ਦਿਨ ਬਰਾਤ ਚੜ੍ਹੀ ਤੇ ਲੜਕੇ ਨੂੰ ਵਿਆਹ ਕੇ ਵਾਪਸ ਘਰ ਪਹੁੰਚਦੇ ਹਨ ਤਾਂ ਲੜਕੇ ਦੀ ਮਾਂ ਤੇ ਭਾਈ ਭਿਖਾਰੀ ਦੀ ਪਤਨੀ ਦਰਵਾਜ਼ੇ ਅੰਦਰ ਆਪਣੇ ਬੱਚੇ ਅਤੇ ਨੂੰਹ ਦੇ ਦਾਖਲ ਹੋਣ ਲਈ ਸ਼ਗਨ ਮਨਾ ਰਹੀ ਸੀ ਪਰ ਹੈਰਾਨ ਹੋ ਗਈ ਕਿ ਰਥ ਵਿਚੋਂ ਉਸ ਦੇ ਮੋਏ ਹੋਏ ਲੜਕੇ ਦਾ ਮ੍ਰਿਤਕ ਸਰੀਰ ਓਤਾਰ ਰਹੇ ਹਨ। ਇਹ ਦੇਖ ਕੇ ਚੀਕ ਚਹਾੜਾ ਪੈ ਗਿਆ। ਭਾਈ ਭਿਖਾਰੀ ਨੇ ਸਭ ਨੂੰ ਧੀਰਜ ਦਿਤਾ ਤੇ ਕਿਹਾ ਕਿ ਹੁਣ ਕਿਸੇ ਨੂੰ ਬੁਲਾਉਣ ਦੀ ਲੋੜ ਨਹੀਂ। ਸਾਰਾ ਭਾਈ ਚਾਰਾ ਆਇਆ ਹੋਇਆ ਹੈ, ਆਪਾਂ ਜਲਦੀ ਇਸ ਦਾ ਸਸਕਾਰ ਕਰ ਦੇਈਏ। ਲੜਕੇ ਨੂੰ ਅਰਥੀ ਤੇ ਪਾਇਆ ਜੋ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ। ਸ਼ਮਸ਼ਾਨ ਭੂਮੀ ਵਿਚ ਅੱਗ ਦੇ ਹਵਾਲੇ ਕਰਕੇ ਸਭ ਦੇ ਬੈਠਣ ਵਾਸਤੇ ਉਹ ਤੱਪੜ ਵਿਛਾ ਦਿਤਾ ਅਤੇ ਭਾਈ ਭਿਖਾਰੀ ਦੇ ਮਨ ਤੇ ਚਿਹਰੇ ਤੇ

(ਬਾਕੀ ਪੰਨਾ 63 ਤੇ)

# ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਗਿਆਨੀ ਮੇਹਰ ਸਿੰਘ*

## ਸਾਹਿਤਕ ਰਚਨਾ

ਸਿਮਰਨ ਅਭਿਆਸ ਦੇ ਨਾਲ ਹੀ ਸੰਤ ਜੀ ਮਹਾਰਾਜ ਦਾ ਸਾਹਿਤ ਵਲ ਪੂਰਾ ਧਿਆਨ ਹੈ। ਉਹ ਸਮੇਂ ਸਮੇਂ ਸਾਹਿਤਕ ਰਚਨਾ ਕਰਨ ਵਾਲੇ ਲਿਖਾਰੀਆਂ ਦੀ ਪੂਰੀ ਮਦਦ ਕਰਦੇ ਹਨ, ਹਾਂ ਜੋ ਰਚਨਾ ਉਨ੍ਹਾਂ ਦੇ ਮਨ ਪਸੰਦ ਹੋਵੇ ਉਸ ਨੂੰ ਵੱਧ ਤੋਂ ਵੱਧ ਲੋਕਾਂ ਦੇ ਹੱਥ ਵਿਚ ਪਹੁੰਚਾਉਣ ਦਾ ਪ੍ਰਬੰਧ ਵੀ ਕਰਦੇ ਹਨ। ਸਵਾਮੀ ਹੇਮ ਰਾਜ ਜੀ, ਪਾਕਿਸਤਾਨ ਜ਼ਿਲਾ ਮਿੰਟਗੁਮਰੀ ਦੇ ਪਾਸੇ ਬ੍ਰਹਮ ਗਿਆਨੀ ਤੇ ਵਿਦਿਆ ਦੇ ਮਹਾਨ ਖਜ਼ਾਨੇ, ਉਦਾਸੀ ਤੇ ਪੂਰਨ ਵੇਦਾਂਤ ਅਚਾਰੀਆਂ ਮਹਾਤਮਾ ਹੋਏ ਹਨ। ਉਨ੍ਹਾਂ ਦਾ ਇਕ ਗ੍ਰੰਥ ਸੰਤ ਜੀ ਮਹਾਰਾਜ ਨੂੰ ਬਹੁਤ ਹੀ ਪਸੰਦ ਆਇਆ। ਜਿਸ ਆਦਮੀ ਤੋਂ ਇਹ ਪੁਸਤਕ ਮਿਲੀ ਪਹਿਲੀ ਵਾਰੀ ਇਕ ਸੌ ਹੀ ਛਪਾਈ ਜੋ ਕਿ ਵਿਦਵਾਨ ਲੋਕਾਂ ਨੇ ਬਹੁਤ ਹੀ ਪਸੰਦ ਕੀਤੀ। ਸਿੱਟਾ ਇਹ ਨਿਕਲਿਆ ਕਿ ਸੰਤ ਜੀ ਮਹਾਰਾਜ ਨੇ ਇਹ ਪੁਸਤਕ ਫਿਰ ਦੂਸਰੀ ਵਾਰੀ ਇਕ ਹਜ਼ਾਰ ਛਪਵਾਈ ਹੈ ਤੇ ਹਰ ਉਸ ਪ੍ਰਾਣੀ ਨੂੰ ਪ੍ਰਸ਼ਾਦਿ ਦੇ ਤੌਰ ਪਰ ਬਖਸ਼ਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਪ੍ਰਮਾਰਥ ਦੇ ਰਸਤੇ ਪਰ ਤੋਰਨਾ ਹੈ। ਫਿਰ ਨਾਲ ਹੀ ਇਹ ਵੀ ਫੁਰਮਾਉਂਦੇ ਹਨ ਕਿ ਭਾਈ ਤੁਸਾਂ ਇਸ ਨੂੰ ਪੜ੍ਹ ਕੇ ਨਿਰਾ ਹੀ ਵੇਦਾਂਤੀ ਨਹੀਂ ਬਣਨਾ, ਅਸੀਂ ਗੁਰੂ ਬਾਬੇ ਦੀ ਸਿੱਖੀ ਦੇ ਪਹਿਰੇਦਾਰ ਹਾਂ, ਉਹ ਉਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਦੇ ਜਿਸ ਰਾਹੀਂ ਸਿੱਖੀ ਨੂੰ ਠੇਸ ਲਗਦੀ ਹੋਵੇ। ਇਕ ਨਿਰਮਲੇ ਸਾਧੂ ਸੰਤ ਜੀ ਮਹਾਰਾਜ ਦੇ ਪਰਮ ਮਿਤਰ ਸਨ। ਉਹ ਜਦੋਂ ਵੀ ਆਉਣ, ਆਪ ਉਨ੍ਹਾਂ ਦਾ ਬੜਾ ਹੀ ਸਤਿਕਾਰ ਕਰਦੇ ਸਨ, ਆਪਣੇ ਬਰਾਬਰ ਉਪਰ ਸਾਰੀਆਂ ਸੰਗਤਾਂ ਤੋਂ ਵਡੇਰੀ ਜਗ੍ਹਾ ਸਨਮਾਨ ਸਹਿਤ ਬੈਠਣ ਲਈ ਥਾਂ ਬਣਾਉਂਦੇ ਸਨ। ਕਈ ਚਿਰ ਉਹ ਮਿਲਿਆ ਨਹੀਂ ਸੀ। ਇਕ ਵਾਰੀ ਸੰਤ ਜੀ ਮਹਾਰਾਜ ਹਰਿਦੁਆਰ ਇਕ ਮਹਾਤਮਾ ਜੀ ਦੀ ਕੁਟੀਆਂ ਪਰ ਸਾਲਾਨਾ ਸਮੇਂ ਪਧਾਰੇ, ਉਥੇ ਉਹ ਵਿਰਕਤ ਸੰਤ ਵੀ ਆਏ ਹੋਏ ਸਨ। ਜਦੋਂ ਸੰਤ ਜੀ ਮਹਾਰਾਜ ਨੇ ਤੱਕਿਆ ਕਿ ਉਸ ਨੇ ਦਾਹੜੀ ਮੁਨਾ ਦਿਤੀ ਹੈ ਤਦ ਮਹਾਰਾਜ ਨੇ ਉਸ ਨੂੰ ਮੂੰਹ ਨਹੀਂ ਲਗਾਇਆ ਤੇ ਫੁਰਮਾਇਆ ਭਾਈ! ਅਸੀਂ ਇਸ ਦਾ ਵਿਚਾਰਾਂ ਕਰਕੇ ਹੀ ਸਨਮਾਨ ਕਰਦੇ ਸੀ ਪਰ ਹੁਣ ਇਹ ਹਦੋਂ ਵੱਧ ਤੁਰਿਆ ਹੈ। ਜਦੋਂ ਇਸ ਨੇ ਇਤਨੀ ਸੁਤੰਤਰਤਾ, ਪ੍ਰਾਪਤ ਕਰ ਲਈ ਕਿ ਇਹ ਹੁਣ ਗੁਰੂ ਦੀ ਬਖਸ਼ਿਸ਼ ਦਾਹੜੀ ਨੂੰ ਬਰਦਾਸ਼ਤ ਨਹੀਂ ਕਰਦਾ, ਫਿਰ ਅਸੀਂ ਇਸ ਨੂੰ ਕਿਉਂ ਬਦੋ ਬਦੀ ਸਨਮਾਨ ਦੇਵੀਏ। ਇਹ ਗਿਆਨੀ ਹੋਵੇ ਉਹ ਧੰਨਭਾਗ ਪਰ ਇਹ ਨਿਰਾ ਹੀ ਬਾਹਰਮੁਖੀ ਜੀਵਨ ਅੰਦਰ ਸਿੱਖੀ ਤੋਂ ਬਾਹਰ ਚਲਾ ਜਾਵੇ ਇਹ ਸਾਹਿਬ ਬਾਬਾ ਬੀਰ ਸਿੰਘ ਜੀ ਦੇ ਦਰ ਦਾ ਅਸੂਲ ਨਹੀਂ, ਜਿਨ੍ਹਾਂ ਨੇ ਇਕ ਵਾਰ ਕਛਹਿਰਾ ਉਤਾਰ ਦੇਣ ਪਰ ਹੀ ਬਾਬਾ ਖੁਦਾ ਸਿੰਘ ਜੈਸੇ ਮਹਾਨ ਸੇਵਕ ਤੇ ਪੰਥ ਪ੍ਰਸਿੱਧ ਮਹਾਤਮਾ ਨੂੰ ਵੀ ਝਾੜ ਦਿਤਾ ਸੀ। ਐਸੀ ਮਸਤੀ ਬੇਕਾਰ ਹੈ ਜੋ ਸਾਥੋਂ ਬਾਬੇ ਦੀ ਸਿੱਖੀ ਹੀ ਖੋਹ ਲਵੇ।

ਸੋ ਸੰਤ ਜੀ ਮਹਾਰਾਜ ਵੀ ਇਹ ਪੁਸਤਕ ਹਰ ਅਭਿਆਸੀ ਖੋਜੀ ਤੇ ਵਿਚਾਰਵਾਨ ਪੁਰਸ਼ ਨੂੰ ਹੀ ਬਖਸ਼ਦੇ ਹਨ ਪਰ ਇਹ ਵੀ ਹਦਾਇਤ ਕਰਦੇ ਹਨ ਕਿ ਇਸ ਪੁਸਤਕ ਦੇ ਉਸਾਰੂ ਤੇ ਉਤਮ ਪੱਖ ਹੀ ਤਕ ਕੇ ਉਨ੍ਹਾਂ ਤੋਂ ਵਿਚਾਰ ਨੂੰ ਵਧਾਉ ਬਾਕੀ ਉਸ ਦੇ ਐਸੇ ਪੱਖ ਘੱਟ ਪੜ੍ਹੋ ਜੋ ਤੁਹਾਥੋਂ ਗੁਰੂ ਦੀ ਸਿੱਖੀ ਤੇ ਨਿਤਨੇਮ ਆਤਮ ਚਿੰਤਨ ਤੇ ਸਿਮਰਨ ਹੀ ਖੋਹ ਲੈਣ।

ਹੋਤੀ ਮਰਦਾਨ ਦੀ ਸੰਪਰਦਾਏ ਵਿਚੋਂ ਸੰਤ ਪ੍ਰੇਮ ਸਿੰਘ ਜੀ ਦੇ ਸੇਵਕ ਸੰਤ ਮਨੀ ਸਿੰਘ ਜੀ ਮਹਾਰਾਜ ਦੇ ਸੇਵਕ ਮੁਨੀ ਅਰਜਨ ਸਿੰਘ ਜੀ ਮਹਾਨ ਵੇਦਾਂਤ ਦੇ ਅਚਾਰੀਆਂ ਤੇ ਗੁਰਬਾਣੀ ਦੇ ਧੁਰੰਦਰ ਵਿਦਵਾਨ ਹਨ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹਿੰਦੀ ਅੰਦਰ ਅਰਥਾਂ ਸਹਿਤ ਛਪਵਾਏ ਸਨ। ਉਨ੍ਹਾਂ ਹਰ ਢੰਗ ਨਾਲ ਉਪਰਾਲਾ ਕਰਕੇ ਪਹਿਲੀ ਪੋਥੀ ਛਾਪ ਲਈ ਪਰ ਫਿਰ ਹੋਰ ਕੋਈ ਸਾਧਨ ਨਾ ਹੋ ਸਕੇ। ਉਹ ਦੂਸਰੀ ਪੋਥੀ ਜਿਸ ਦਾ ਖਰਚ ਹਜ਼ਾਰਾਂ ਰੁਪਏ ਸੀ ਛਾਪਣਾ ਚਾਹੁੰਦੇ ਸਨ ਪਰ ਰੁਪਿਆਂ ਦਾ ਇੰਤਜ਼ਾਮ ਨਾ ਹੋ ਸਕਿਆ। ਉਹ ਹੋਰ ਹਰ ਪਾਸੇ ਤੋਂ ਨਿਰਾਸ ਹੋ ਕੇ ਸੰਤ ਜੀ ਮਹਾਰਾਜ ਦੀ ਸ਼ਰਣ ਆਏ ਤੇ ਕਿਤਾਬਾਂ ਦੀ ਦੂਸਰੀ ਪੋਥੀ ਛਾਪਣ ਹਿਤ ਆਰਥਕ ਸਹਾਇਤਾ ਦੀ ਮੰਗ ਕੀਤੀ। ਸੰਤ ਜੀ ਮਹਾਰਾਜ ਨੇ ਪੋਥੀ ਦਾ ਸਾਰਾ ਹੀ ਖਰਚ ਆਪਣੇ ਜ਼ੁੰਮੇ ਲੈ ਲਿਆ। ਫਿਰ ਉਸ ਸਮੇਂ ਲਈ ਮੁਨੀ ਜੀ ਦੀ ਰਿਹਾਇਸ਼ ਤੇ ਹੋਰ ਹਰ ਕਿਸਮ ਦੇ ਖਰਚ ਕਰਨ ਇਥੋਂ ਤਕ ਕਿ ਉਨ੍ਹਾਂ ਦੀ ਬੀਮਾਰੀ ਦਾ ਖਰਚ ਅਤੇ ਆਵਾਜਾਈ ਦੇ ਹਰ ਇਕ ਸਾਧਨ ਵੀ ਉਨ੍ਹਾਂ ਨੂੰ ਦੇ ਦਿਤੇ। ਉਨ੍ਹਾਂ ਦੀ ਇਸ ਵੱਡੀ ਹਜ਼ਾਰ ਸਫੇ ਦੀ ਪੁਸਤਕ ਦੇ ਆਦਿ ਵਿਚ ਹੀ ਸੰਤ

ਮਹਾਰਾਜ ਦੀ ਇਸ ਉਦਾਰਤਾ ਦੀ ਕਹਾਣੀ ਸਦਾ ਲਈ ਇਕ ਅਮਰ ਯਾਦ ਬਣੀ ਰਹਿ ਜਾਏਗੀ। ਜਦੋਂ ਹੀ ਕੋਈ ਪਾਠਕ ਖੋਜੀ ਤੇ ਸਤ ਸ਼ਬਦ ਦਾ ਅਭਿਆਸੀ ਜਾਂ ਫਿਰ ਵਿਦਵਾਨ ਇਸ ਪੁਸਤਕ ਨੂੰ ਪੜ੍ਹੇਗਾ ਤਦੋਂ ਹੀ ਸੰਤ ਜੀ ਮਹਾਰਾਜ ਜੀ ਦੀ ਉਦਾਰਤਾ ਦੀ ਕਹਾਣੀ ਉਸ ਦੇ ਸਾਮ੍ਹਣੇ ਆਵੇਗੀ।

1962 ਵਿਚ ਸਰਦਾਰ ਪ੍ਰਤਾਪ ਸਿੰਘ ਜੀ ਕੈਰੋਂ ਡੇਰੇ ਆਏ ਤੇ ਜਾਂਦੀ ਵਾਰੀ ਮੈਨੂੰ ਸੰਤ ਜੀ ਮਹਾਰਾਜ ਦੇ ਬਜ਼ੁਰਗਾਂ ਬਾਰੇ ਪੁਸਤਕ ਲਿਖਣ ਲਈ ਕਹਿ ਗਏ। ਮੈਂ ਪਹਿਲਾਂ ਸੰਤ ਅਤਰ ਸਿੰਘ ਜੀ ਮਹਾਰਾਜ ਅਤੇ ਗੁਰੂ ਸਾਹਿਬਾਂ ਬਾਰੇ ਹੀ ਲਿਖਿਆ। ਇਹ ਠੀਕ ਹੈ ਕਿ ਉਹ ਪੁਸਤਕ ਹੋਰ ਵੀ ਚੰਗੀ ਲਿਖੀ ਜਾਂਦੀ ਜੇਕਰ ਮੈਂ ਉਸ ਪਰ ਅਧਿਕ ਮਿਹਨਤ ਕਰਦਾ। ਪਰ ਫਿਰ ਵੀ ਜਦੋਂ ਮੈਂ ਉਸ ਨੂੰ ਮੁਕੰਮਲ ਕੀਤਾ, ਉਸ ਸਮੇਂ ਸਰਦਾਰ ਪ੍ਰਤਾਪ ਸਿੰਘ ਇਸ ਦੁਨੀਆਂ ਵਿਚ ਹੀ ਨਹੀਂ ਸੀ ਜਿਨ੍ਹਾਂ ਪਾਸੋਂ ਮੈਂ ਕੋਈ ਮਦਦ ਕਰਵਾ ਲੈਂਦਾ। ਸੰਤ ਜੀ ਮਹਾਰਾਜ ਨੇ ਚਾਰ ਹਜ਼ਾਰ ਖਰਚ ਕੇ ਇਹ ਅਮਰ ਕਥਾ ਛਪਵਾਈ, ਫਿਰ ਮਜ਼ੇ ਦੀ ਗੱਲ ਹੈ ਕਿ ਇਹ ਪੁਸਤਕ ਕੇਵਲ ਆਪਣੇ ਸਾਥੀ ਸੇਵਕਾਂ ਤੇ ਨਾਮ ਸਿਮਰਨ ਦੇ ਚਾਹਵਾਨਾਂ ਨੂੰ ਮੁਫਤ ਹੀ ਵੰਡੀ ਪਰ ਵੱਡੇ-ਵੱਡੇ ਅਮੀਰ ਆਦਮੀਆਂ ਦੇ ਕਹਿਣ ਪਰ ਵੀ ਇਸ ਦੀ ਕੋਈ ਕੀਮਤ ਲੈਣ ਤੋਂ ਇਨਕਾਰ ਕਰ ਦਿਤਾ। ਕੇਵਲ ਇਕੋ ਹੀ ਕੀਮਤ ਚਾਹੁੰਦੇ ਹਨ ਕਿ ਕੋਈ ਇਸ ਪੁਸਤਕ ਨੂੰ ਪੜ੍ਹੇ ਫਿਰ ਇਸ ਤੋਂ ਸਤ, ਸੰਤੋਖ, ਦਇਆ, ਧਰਮ, ਸਤਿ ਮਾਰਗ ਜੋ ਮਹਾਂਪੁਰਸ਼ਾਂ ਦੀਆਂ ਕਰਨੀਆਂ ਤੇ ਮਹਾਨ ਸਾਧਨਾ ਕਰਕੇ ਧਾਰਨ ਕਰੀ ਰੱਖਿਆ ਸੀ ਲੋਕ ਉਸ ਤੋਂ ਕੋਈ ਛੋਟਾ ਮੋਟਾ ਗੁਣ ਹੀ ਗ੍ਰਹਿਣ ਕਰਨ ਜਾਂ ਫਿਰ ਘੱਟੋ ਘੱਟ ਆਪਣੇ ਆਪੇ ਅੰਦਰ ਹੀ ਝਾਤ ਮਾਰ ਕੇ ਇਹ ਤੱਕਣ ਕਿ ਆਤਮ ਦਰਸੀ ਲੋਕਾਂ ਦੇ ਰਸਤੇ ਤੋਂ ਮੈਂ ਕਿਤਨੀ ਦੂਰ ਹਾਂ ਤੇ ਉਸ ਪਰਮ ਪਦ ਦੀ ਪ੍ਰਾਪਤੀ ਜਿਨ੍ਹਾਂ ਮਹਾਨ ਪੁਰਸ਼ਾਂ ਨੇ ਕੀਤੀ ਹੈ ਉਨ੍ਹਾਂ ਨੇ ਕਿੰਨੇ ਜਫਰ ਜਾਲੇ ਹਨ।

ਅਮਰਕਥਾ ਦੇ ਛਾਪਣ ਦੀ ਦੇਰ ਸੀ ਸੰਤ ਜੀ ਮਹਾਰਾਜ ਨੂੰ ਸਾਹਿਤਕ ਖੋਜੀਆਂ ਨੇ ਆ ਘੇਰਿਆ। ਸਰਦਾਰ ਨਾਹਰ ਸਿੰਘ ਜੀ ਐਮ.ਏ. ਜੋ ਕਿਸੇ ਸਮੇਂ ਪਟਿਆਲੇ ਸੰਤ ਜੀ ਮਹਾਰਾਜ ਦੇ ਸਮਕਾਲੀ ਵੀ ਰਹੇ ਸਨ ਤੇ ਅਮਰ ਕਥਾ ਪੜ੍ਹ ਕੇ ਮੇਰੀ ਹੱਦੋਂ ਵਧ ਪ੍ਰਸੰਸਾ ਕੀਤੀ ਤੇ ਨਾਲ ਹੀ ਮੈਨੂੰ ਲਿਖਿਆ ਕਿ ਤੁਹਾਡੀ ਪੁਸਤਕ ਨੇ ਇਤਿਹਾਸਕ ਤੌਰ ਪਰ ਵੀ ਨਵਾਂ ਮੋੜ ਪੈਦਾ ਕਰ ਦਿਤਾ ਹੈ। ਉਨ੍ਹਾਂ ਸਾਰੀ ਇਸ ਸੰਪਰਦਾਏ ਦੇ ਮਹਾਨ ਮੁਖੀ ਮਹਾਤਮਾ ਸੰਤ ਬਾਬਾ ਮਹਾਰਾਜ ਸਿੰਘ ਜੀ ਬਾਰੇ ਅੰਗਰੇਜ਼ਾਂ ਦੀਆਂ ਖੁਫੀਆਂ ਫਾਈਲਾਂ ਵਿਚੋਂ ਕੋਈ ਢਾਈ ਸੌ ਸਫੇ ਦਾ ਸਾਹਿਤਕ ਮਸਾਲਾ ਟਾਈਪ ਕਰਵਾ ਕੇ ਰੱਖਿਆ ਹੋਇਆ ਸੀ। ਇਹ ਭਾਰਤ ਲਈ ਇਕ ਨਵਾਂ ਮੋੜ ਦੇਣ ਵਾਲਾ ਮਸਾਲਾ ਸੀ। ਇਸ ਤੋਂ ਪਹਿਲਾਂ ਆਹਲੂਵਾਲੀਆ ਸਾਹਿਬ ਨੇ ਇਕ ਪੁਸਤਕ "ਸੁਤੰਤਰਤਾ ਸੰਗਰਾਮ ਦੇ ਮੁਢਲੇ ਘੁਲਾਟੀਏ" ਵਿਚ ਬਾਬਾ ਮਹਾਰਾਜ ਸਿੰਘ ਜੀ ਬਾਰੇ ਲਿਖਿਆ ਸੀ।

ਸਰਦਾਰ ਨਾਹਰ ਸਿੰਘ ਜੀ ਨੇ ਲਿਖਿਆ ਸੀ ਕਿ ਥੋੜ੍ਹੇ ਜਿਹੇ ਰੁਪਏ ਖਰਚ ਹੋ ਕੇ ਇਹ ਸਾਹਿਤਕ ਸਾਮਗਰੀ ਪੰਜਾਬੀਆਂ ਦੇ ਗੌਰਵ ਹਿਤ ਮਹਾਨ ਕਾਰਜ ਕਰ ਸਕਦੀ ਹੈ। ਮੈਂ ਇਹ ਗੱਲ ਸੰਤ ਜੀ ਮਹਾਰਾਜ ਨਾਲ ਕੀਤੀ। ਉਨ੍ਹਾਂ ਨਾਹਰ ਸਿੰਘ ਨੂੰ ਸੱਦ ਕੇ ਸਾਰਾ ਹੀ ਖਰਚ ਬਰਦਾਸ਼ਤ ਕਰਨ ਦਾ ਵਾਅਦਾ ਦਿਤਾ, ਫਿਰ ਇਹ ਪੁਸਤਕ ਬਾਰਾਂ ਹਜ਼ਾਰ ਰੁਪਏ ਦੀ ਲਾਗਤ ਨਾਲ ਛਪਵਾ ਦਿਤੀ ਤੇ ਫਿਰ ਇਸ ਪੁਸਤਕ ਦੇ ਕਰਤਾ ਨੂੰ ਇਸ ਦੇ ਵੇਚਣ ਆਦਿਕ ਦੇ ਅਧਿਕਾਰ ਵੀ ਦੇ ਦਿਤੇ। ਇਸ ਤੋਂ ਵੱਧ ਉਦਾਰਤਾ ਸੰਸਾਰ ਅੰਦਰ ਕੋਈ ਵੀ ਨਹੀਂ ਕਿ ਉਸਦੀ ਬਾਜ਼ਾਰੀ ਵਿਕਰੀ ਨਾਲ ਆਪਣਾ ਕੋਈ ਵਾਸਤਾ ਨਾ ਰੱਖੇ।

ਹੁਣ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਤੇ ਸੰਤ ਅਤਰ ਸੰਘ ਜੀ ਮਹਾਰਾਜ ਰੇਰੂ ਸਾਹਿਬ, ਸੰਤ ਜੀ ਮਹਾਰਾਜ ਦੇ ਬਾਰੇ ਇਕ ਪੁਸਤਕ ਗਿਆਨੀ ਮੋਹਨ ਸਿੰਘ ਜੀ ਛਪਵਾ ਰਹੇ ਹਨ ਜਿਨ੍ਹਾਂ ਦਾ ਖਰਚ ਵੀ ਸੰਤ ਜੀ ਮਹਾਰਾਜ ਹੀ ਬਰਦਾਸ਼ਤ ਕਰਨਗੇ।

ਇਹ ਪੁਸਤਕ 'ਨੌਂ ਰਤਨ' ਦੇ ਬਲਾਕ ਤੇ ਲਿਖਣ ਸਮੇਂ ਦੀਆਂ ਸਹੂਲਤਾਂ ਵੀ ਸੰਤ ਜੀ ਮਹਾਰਾਜ ਨੇ ਹੀ ਦਿਤੀਆਂ ਹਨ ਤੇ ਹਰ ਇਕ ਪ੍ਰੇਰਨਾ ਦਿਤੀ ਹੈ। ਇਨ੍ਹਾਂ ਸਾਰੀਆਂ ਹੀ ਗੱਲਾਂ ਤੋਂ ਉਨ੍ਹਾਂ ਦੀ ਸਾਹਿਤਕ ਰੁਚੀਆਂ ਤੇ ਸਾਹਿਤਕ ਸੇਵਾ ਲਈ ਮਨ ਵਿਚ ਉਤਸ਼ਾਹ ਦਾ ਅੰਦਾਜ਼ਾ ਲਗਾ ਸਕੀਦਾ ਹੈ। ਇਸ ਤੋਂ ਬਿਨਾਂ ਵਾਹਿਗੁਰੂ ਮੰਤਰ ਦੀਆਂ ਕਾਪੀਆਂ ਹਰ ਸਮੇਂ ਮੁਫਤ ਸੰਤ ਜੀ ਤੋਂ ਪ੍ਰਾਪਤ ਹੁੰਦੀਆਂ ਹਨ। ਫਿਰ ਆਉਣ ਵਾਲੇ ਸਮਿਆਂ ਅੰਦਰ ਜਦੋਂ ਵੀ ਕੋਈ ਖੋਜੀ ਤੇ ਸਾਹਿਤਕਾਰ ਇਨ੍ਹਾਂ ਬਾਰੇ ਲਿਖੇਗਾ ਸੰਤ ਜੀ ਮਹਾਰਾਜ ਦੇ ਇਹ ਤਿਆਗ ਦੇ ਕਾਰਨ ਪੁਸਤਕ ਉਸ ਦੀਆਂ ਅੱਖਾਂ ਸਾਮ੍ਹਣੇ ਅਵੱਸ਼ ਹੀ ਆਵੇਗੀ। ਸੰਤਾਂ ਲਈ ਖੋਜ ਦੇ ਨਾਲ ਹੀ ਸੰਤ ਮਾਰਗ ਦੇ ਖੋਜੀਆਂ ਦਾ ਇਤਿਹਾਸ ਲੋਕਾਂ ਲਈ ਅਤੀ ਜ਼ਰੂਰੀ ਹੈ ਜਿਸਦੀ ਸਾਮਗਰੀ ਜੋੜਨ ਵਲ ਸੰਤ ਜੀ ਮਹਾਰਾਜ ਦਾ ਪੂਰਾ ਧਿਆਨ ਹੈ।

## ਹਰੀ ਕੀਰਤਨ ਦਾ ਪ੍ਰਵਾਹ

ਹਰੀ ਕੀਰਤਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੂੰ ਬਖਸ਼ੀਸ਼ ਵਜੋਂ ਵਿਰਾਸਤ ਵਿਚ ਹੀ ਮਿਲਿਆ ਹੋਇਆ ਹੈ। ਸੰਤ ਅਤਰ ਸਿੰਘ ਜੀ ਮਹਾਰਾਜ ਨੇ ਵਾਜੇ ਪਰ ਹੱਥ ਆਪ ਹੀ ਧਰਾਇਆ ਸੀ ਤੇ ਵਰ ਫੁਰਮਾਇਆ ਸੀ - "ਭਾਈ ਸੰਗਤਾਂ ਆਇਆ ਕਰਨਗੀਆਂ, ਲੋਕਾਂ ਦੀ ਰੁਚੀ ਤੇਰੇ ਪਾਸੋਂ ਸੁਣਨ ਦੀ ਹੋਇਆ ਕਰੇਗੀ। ਤੇਰੇ ਕੀਰਤਨ ਅੰਦਰ ਇਤਨੀ ਸੰਗਤ ਜੁੜਿਆ ਕਰੇਗੀ ਜਿਸ ਬਾਰੇ ਅੱਜ ਸੋਚਿਆ ਵੀ ਨਹੀਂ ਜਾ ਸਕਦਾ। ਫਿਰ ਕੋਈ ਪੁਸਤਕਾਂ ਪੜ੍ਹ ਕੇ ਇਤਿਹਾਸ ਦੀ ਪੜਤਾਲ ਕਰ ਲਿਆ ਕਰਨ, ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਕਰਿਆ ਕਰੇ, ਮਨ ਨੂੰ ਸਮਝਾਵਣ ਕਾਰਣ ਵੀ ਕੁਝ ਨਾ ਕੁਝ ਗਿਆਨ ਪੜ੍ਹ ਹੀ ਲਈਦਾ ਹੈ। ਪਰ ਜਦੋਂ ਮਨ ਹੀ ਹਰ ਸਮੇਂ ਹਰੀ ਸਿਮਰਨ ਅੰਦਰ ਰਹੇ ਤਦ ਫਿਰ ਉਸ ਨੂੰ ਵਿਹਲ ਕੱਢ ਕੇ ਵੀ ਪੜ੍ਹਨਾ ਹੀ ਪੈਂਦਾ ਹੈ ਤਾਂ ਕਿ ਇਹ ਸਰੀਰ ਨੇ ਜੋ ਵੀ ਸੱਤਾ ਧਾਰਨ ਕੀਤੀ ਹੋਈ ਹੈ ਉਸ ਨੂੰ ਨਿਭਾਹੁਣਾ ਵੀ ਤਾਂ ਧਰਮ ਹੈ। ਇਕ ਵਾਰ ਸੰਤ ਈਸ਼ਰ ਸਿੰਘ ਜੀ ਨੇ ਕੀਰਤਨ ਕਰਦਿਆਂ ਵੈਰਾਗ ਅੰਦਰ ਆ ਕੇ ਸ਼ਬਦ ਪੜ੍ਹਿਆ -

***"ਜਿਸ ਪਿਆਰੇ ਸਿਉ ਨੇਹੁੰ***

*ਤਿਸ ਆਗੈ ਹੀ ਮਰ ਚਲੀਐ*
*ਧ੍ਰਿਗ ਜੀਵਨ ਸੰਸਾਰ ਤਾਂ ਕੈ ਪਾਛੈ ਜੀਵਣਾ।*

ਇਸ ਦਿਨ ਰਾਤ ਸਮੇਂ ਗੋਖੇ ਦੀ ਛੱਪੜੀ ਤੋਂ ਜਾ ਕੇ ਪਰਮ ਕ੍ਰਿਪਾਲੂ ਮਹਾਂਪੁਰਖਾਂ ਨੇ ਸਿਰ ਪਰ ਹੱਥ ਧਰ ਕੇ ਕਿਹਾ। "ਬੀਬਾ! ਅਜੇ ਹੁਣੇ ਹੀ ਘਬਰਾ ਗਿਆ ਹੈਂ। ਅਸਾਂ ਤਾਂ ਤੇਰੇ ਪਾਸੋਂ ਵੱਡੀ ਸੇਵਾ ਲੈਣੀ ਹੈ। ਹਜ਼ਾਰਾਂ ਲੋਕਾਂ ਨੇ ਤੇਰੇ ਆਤਮ ਗਿਆਨ ਦੇ ਉਪਦੇਸ਼ ਸੁਣਨੇ ਹਨ। ਲੱਖਾਂ ਹੀ ਪ੍ਰਾਣੀ ਤੇਰੇ ਕੀਰਤਨ ਤੋਂ ਮਨ ਦੀ ਸ਼ਾਂਤੀ ਪ੍ਰਾਪਤ ਕਰਨਗੇ। ਲੱਖਾਂ ਹੀ ਗੁਨਾਹਗਾਰ ਤੇਰੀ ਇਕ ਮੇਹਰ ਭਰੀ ਦ੍ਰਿਸ਼ਟੀ ਨੂੰ ਹੀ ਲੱਭਦੇ ਰਿਹਾ ਕਰਨਗੇ। ਹਾਂ ਭਾਈ ਤੂੰ ਸਾਧ ਹੈਂ ਤੇਰੇ ਮਨ ਦੀ ਭਾਵਨਾ ਤੇ ਮਨ ਦੀ ਸਦਾ ਹਰ ਸਮੇਂ ਹੀ ਪ੍ਰਭੂ ਆਪ ਸੁਣਦਾ ਹੈ। ਸੋ ਤੂੰ ਨਿਸ਼ਚਿੰਤ ਹੋ ਕੇ ਰਹੁ, ਇਹ ਕਰਣੀ ਹੈ ਤੇ ਤੇਰੇ ਸਾਰੇ ਹੀ ਭਾਰ ਅਸਾਂ ਆਪਣੇ ਜ਼ੁੰਮੇ ਚੁੱਕ ਲਏ ਹਨ। ਲੋਕ ਸਮਝਦੇ ਹਨ ਕਿ ਤੇਰਾ ਕੋਮਲ ਸਰੀਰ ਇਹ ਖੱਦਰ ਦੇ ਛੇ ਕਲੀਏ ਕੁੜਤੇ ਤੇ ਧੌੜੀ ਦੀ ਜੁੱਤੀ ਨਾਲ ਰਗੜਾਂ ਖਾ ਕੇ ਉਚੜ ਗਿਆ ਹੈ। ਸੱਚ ਇਹ ਹੈ ਕਿ ਰਗੜਾਂ ਤੇ ਸਖਤੀ ਹੀ ਅੱਗੇ ਨੂੰ ਕਰਨੀ ਤੇ ਸੁਖਾਊ ਜੀਵਨ ਦਾ ਮੁੱਢ ਹੈ।"

ਸੰਤ ਜੀ ਮਹਾਰਾਜ ਦੇ ਜੋਤੀ ਜੋਤ ਸਮਾਣ ਉਪਰੰਤ ਢੱਕੀ ਵਿਚ ਨਿਵਾਸ ਕਰਨ ਸਮੇਂ ਪਹਿਲਾਂ ਚਿਮਟੇ ਨਾਲ ਹੀ ਖਲੋ ਕੇ ਕੀਰਤਨ ਕੀਤਾ ਕਰਦੇ ਸਨ ਪਰ ਫਿਰ ਵੱਡੇ ਬਾਬਾ ਜੀ ਦੀ ਆਗਿਆ ਕਰਕੇ ਹੀ ਵਾਜੇ ਦੀਆਂ ਸੁਰਾਂ ਪਰ ਹੱਥ ਧਰਣ ਲੱਗੇ ਤੇ ਉਹੀ ਹਥ ਅਜ ਤੱਕ ਟਿਕਿਆ ਆ ਰਿਹਾ ਹੈ। ਨਾ ਹੀ ਕੋਈ ਸਾਜ਼ ਤੇ ਨਾ ਹੀ ਕੋਈ ਨਵੀਂ ਸੁਰ ਹੈ ਬਸ ਇਕ ਲਿਵ ਹੈ। ਇੱਕ ਤਾਰ ਹੈ ਜੋ ਖੜਕਦੀ ਹੈ ਤੇ ਲੋਕ ਕਾਹਨ ਦੀ ਮੁਰਲੀ ਵੱਲ ਮਸਤ ਹੋ ਕੇ ਲੱਖਾਂ ਦੀ ਗਿਣਤੀ ਵਿਚ ਖਿਚੇ ਹੋਏ ਚਲੇ ਆਉਂਦੇ ਹਨ। ਹਰ ਸਾਲ ਦੇ ਅਰੰਭ ਵਿਚ ਹੀ ਕੀਰਤਨ ਤੇ ਦੀਵਾਨ ਲਈ ਸਮਾਂ ਮੰਗਣ ਵਾਲੇ ਲਾਈਨ ਬੰਨ੍ਹ ਕੇ ਆ ਖਲੋਂਦੇ ਹਨ। ਜੇ ਲੋਕ ਦਸ ਦਿਨ ਮੰਗਦੇ ਹਨ ਉਹਨਾਂ ਦੇ ਹਿੱਸੇ ਚਾਰ ਪੰਜ ਕੁ ਦਿਨ ਬੜੀ ਹੀ ਮੁਸ਼ਕਲ ਨਾਲ ਹੀ ਆਉਂਦੇ ਹਨ। ਹਰ ਜਗ੍ਹਾ ਦੀਵਾਨਾਂ ਦੀ ਹਾਜ਼ਰੀ ਰੋਜ਼ ਪਹਿਲਾਂ ਨਾਲੋਂ ਵੱਧ ਹੀ ਹੁੰਦੀ ਹੈ। ਹਰ ਇਕ ਪ੍ਰੋਗਰਾਮ ਅਜੇ ਮੁਕਦਾ ਨਹੀਂ ਕਿ ਦੂਸਰੇ ਮਹੀਨੇ ਦਾ ਪਹਿਲਾਂ ਹੀ ਮੁਕੰਮਲ ਹੋ ਜਾਂਦਾ ਹੈ। ਸੰਤ ਜੀ ਮਹਾਰਾਜ ਦਾ ਸਰੀਰ ਹੁਣ ਅਵਸਥਾ ਕਾਰਨ ਕਾਫੀ ਕਮਜ਼ੋਰ ਹੋ ਗਿਆ ਹੈ। ਭਾਵੇਂ ਸੇਵਕ ਤੇ ਡਾਕਟਰ ਜੋ ਕਿ ਮਹਾਰਾਜ ਜੀ ਦੇ ਹੋਰਨਾਂ ਵਾਂਗ ਹੀ ਸੇਵਕ ਹਨ ਆਪਣੇ ਹੱਥਾਂ ਨਾਲ ਪਵਿੱਤਰ ਸੇਵਾ ਕਰਨਾ ਆਪਣਾ ਧਰਮ ਹੀ ਮੰਨਦੇ ਹਨ। ਡਾਕਟਰ ਮਾਧੋ ਰਾਮ ਸਾਫ਼ਟ ਜੋ ਕਿ ਕਲਕੱਤਾ ਦਾ ਮਸ਼ਹੂਰ ਲੋਕ ਸੇਵਕ ਤੇ ਧਰਮ ਦੇ ਪ੍ਰਾਣੀਆਂ ਅੰਦਰ ਪੂਜਨੀਕ ਹਨ, ਹੱਥ ਧੋ ਕੇ ਤੌਲੀਏ ਨਾਲ ਸਾਫ ਕਰਕੇ ਫਿਰ ਹੱਥ ਬੰਨ੍ਹ ਕੇ ਬੇਨਤੀ ਕਰਦਾ ਸੀ ਮਹਾਰਾਜ! ਜੇਕਰ ਹੁਕਮ ਹੋਵੇ ਤਦ ਇਹ ਹੱਥ ਪਵਿੱਤਰ ਕਰ ਲਵਾਂ। ਫਿਰ ਉਹ ਪੂਰਨ ਸਤਿਕਾਰ ਨਾਲ ਹੀ ਉਹਨਾਂ ਦੇ ਸਾਰੇ ਸਰੀਰਕ ਅੰਗਾਂ ਨੂੰ ਟੋਹ ਕੇ ਤੱਕਦਾ ਸੀ। ਨਬਜ਼ ਆਦਿਕ ਬੜੀ ਗੌਹ ਨਾਲ ਤੱਕਦਾ ਸੀ। ਅਸੀਂ ਅਸਲ ਪਾਸੇ ਆਈਏ ਕਿ ਸੰਤ ਜੀ ਮਹਾਰਾਜ ਰੋਜ਼ਾਨਾ ਹੀ ਹਜ਼ਾਰਾਂ ਲੋਕਾਂ ਨੂੰ ਪਹਿਲਾਂ ਕੁਰਸੀ ਸਮੇਂ ਨਿਰਮਲ, ਉੱਚ ਤੇ ਗੁੱਝੇ ਗਿਆਨ ਤੇ ਹਰ ਕਿਸਮ ਦੇ ਸ਼ੰਕੇ ਨਵਿਰਤ ਕਰਨ ਹਿਤ ਹਰ ਗਿਆਨ ਦੇ ਵਿਚਾਰ ਦੱਸਦੇ ਹਨ। ਪਰ ਖੁਲ੍ਹੇ ਦੀਵਾਨ ਅੰਦਰ ਸਾਦਾ ਤੇ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀਆਂ ਗੱਲਾਂ ਰਾਹੀਂ ਭਗਤੀ ਵੇਦਾਂਤ, ਲੰਗਰ ਦੀ ਸੇਵਾ, ਸਤਿਗੁਰਾਂ ਦੀ ਸੇਵਾ, ਕੀਰਤਨ ਦੀ ਮਹਿਮਾ, ਸੰਤਾਂ ਦੀ ਸੰਗਤ ਕਰਕੇ ਮਨ ਆਦਿਕ ਦਾ ਉਧਾਰ, ਸਤਿਗੁਰਾਂ ਦੀ ਲੋੜ, 'ਨਿਗੁਰੇ ਦਾ ਹੈ ਨਾਉ ਬੁਰਾ' ਆਦਿਕ ਵਿਸ਼ਿਆਂ ਪਰ ਵਿਚਾਰ ਕਰਦੇ ਹਨ। ਪਿਛਲੇ ਚਾਲੀ ਪੰਜਤਾਲੀ ਸਾਲ ਤੋਂ ਇਹ ਗਿਆਨ ਭੰਡਾਰ, ਇਹ ਕੀਰਤਨ ਦੀਆਂ ਛਲਾਂ ਵਜਦੀਆਂ ਆ ਰਹੀਆਂ ਹਨ। ਫਿਰ ਇਹ ਨਹੀਂ ਕਿ ਸਿਰਫ ਅਨਪੜ੍ਹ ਜਾਂ ਫਿਰ ਦਿਹਾਤੀ ਹੀ ਇਸ ਸਿਧੇ ਕੀਰਤਨ ਤੋਂ ਲਾਭ ਉਠਾਉਂਦੇ ਹਨ ਸਗੋਂ ਆਪ ਜੀ ਦੀਆਂ ਵਿਚਾਰਾਂ ਦਾ ਇਕ ਵਾਧਾ ਹੈ, ਉਹ ਅਨਪੜ੍ਹਾਂ ਲਈ ਸਿਧੀਆਂ ਪਰ ਸਮਝ ਵਾਲੇ ਲਈ ਖੋਜ ਤੇ ਉਤਮਤਾ ਦਾ ਮਹਾਨ ਭੰਡਾਰ ਹਨ। ਸੰਤ ਜੀ ਮਹਾਰਾਜ ਦੇ ਵਿਚਾਰ ਮਾਨੋ ਇਕ ਤਰ੍ਹਾਂ ਸ਼ੀਸ਼ਾ ਹਨ ਜੋ ਜਿਸ ਵੀ ਤਰ੍ਹਾਂ ਦਾ ਮੂੰਹ ਕਰਕੇ ਜਿਸ ਵੀ ਭਾਵਨਾ ਨਾਲ ਸੁਣਦਾ ਹੈ ਉਸ ਨੂੰ ਉਸ ਵਿਚੋਂ ਉਹੀ ਗੱਲ ਤੇ ਗੁਣ ਲੱਭਦਾ ਹੈ।

ਉਹ ਸਿਧੀ ਤੇ ਆਮ ਸਮਝ ਦੀਆਂ ਗੱਲਾਂ ਰਾਹੀਂ ਵੱਡੇ-ਵੱਡੇ ਗਿਆਨੀਆਂ ਨੂੰ ਮਾਤ ਕਰਨ ਵਾਲੀਆਂ ਗੱਲਾਂ ਦਸ ਜਾਂਦੇ ਹਨ। ਫਰਕ ਕੇਵਲ ਇਤਨਾ ਹੈ ਕਿ ਗਿਆਨੀ ਨੇ ਉਹ ਗੱਲਾਂ ਕਿਧਰੋਂ ਸੁਣੀਆਂ ਹਨ ਜਾਂ ਫਿਰ ਪੜ੍ਹ ਹੀ ਲਈਆਂ ਹਨ ਪਰ ਮਹਾਂਪੁਰਖਾਂ ਨੇ ਉਹ ਗਿਆਨ ਦੀਆਂ ਮੰਜ਼ਲਾਂ ਅਤੇ ਗਹੁਜ ਭਰੇ ਭੇਦ ਆਪਣੀ ਕਰਣੀ ਘਾਲਣਾ ਤੇ ਤਪ ਕਰਕੇ ਹਲ ਕੀਤੇ ਹਨ। ਉਹ ਉਸੇ ਹੀ ਤਰ੍ਹਾਂ ਦਾ ਭੇਦ ਹੈ ਜਿਸ ਤਰ੍ਹਾਂ ਇਕ ਸਾਇੰਸ ਦਾ ਖੋਜੀ ਤਾਂ ਖੋਜ ਕਰਕੇ ਹੀ ਨਵੀਂ ਕਾਢ ਕੱਢਦਾ ਹੈ ਪਰ ਇਕ ਦੂਜਾ ਇਸ ਕੱਢੀ ਹੋਈ ਕਾਢ ਨੂੰ ਹੀ ਬਿਆਨ ਕਰਦਾ ਹੈ। ਉਸ ਬਾਰੇ ਆਪਣੀ ਰਾਏ ਨਹੀਂ ਰੱਖਦਾ, ਮੁੱਖ ਗਿਆਨੀ ਦੀ ਆਪਣੀ ਰਾਏ ਨਹੀਂ ਹੁੰਦੀ। ਪੇਸ਼ਾਵਰ ਰਾਗੀ ਦੇ ਅੰਦਰ ਸਤਿ ਕਹਿਣ ਦੀ ਸ਼ਕਤੀ ਨਹੀਂ ਹੁੰਦੀ। ਇਹੀ ਫਰਕ ਸੰਤਾਂ ਦੇ ਕੀਰਤਨ ਤੇ ਪੇਸ਼ਾਵਰ ਕੀਰਤਨੀਏ ਵਿਚ ਹੈ। ਉਹ ਆਤਮ ਸ਼ੁੱਧੀ ਦੇ ਨਿਤ ਆਪਣੇ ਨਿਜ ਦੇ ਤਜਰਬੇ ਬਿਆਨ ਕਰਦੇ ਹਨ। ਜਿਸ ਤਰ੍ਹਾਂ ਗੁਰਦੇਵ ਨੇ ਫੁਰਮਾਇਆ, ਸੰਤਾਂ ਦੀ ਸੱਚੀ ਸਾਖੀ ਸੁਣੋ ਕਿਉਂਕਿ ਉਹ ਉਹੀ ਕੁਝ ਆਖਦੇ ਹਨ ਜੋ ਉਹਨਾਂ ਅਖੀਂ ਡਿਠਾ ਹੈ।

ਇਸ ਉੱਤਮ ਉਪਦੇਸ਼ ਤੋਂ ਜਿਥੇ ਲੱਖਾਂ ਆਦਮੀ ਹਰੀ ਕੀਰਤਨ ਤੋਂ ਅਸਰ ਲੈ ਕੇ ਸਿੱਖੀ ਨਾਲ ਜੁੜੇ ਹਨ ਉਥੇ ਹਜ਼ਾਰਾਂ ਹੀ ਐਸੇ ਹਨ ਜਿਨ੍ਹਾਂ ਹਿੰਦੂ ਤੇ ਮੁਸਲਮਾਨ ਹੁੰਦੇ ਹੋਏ ਵੀ ਪ੍ਰਭੂ ਭਗਤੀ, ਅੱਲਾਹ ਨਾਲ ਪਿਆਰ ਤੇ ਅੰਦਰੋਂ ਹੱਕ ਦੀ ਪ੍ਰਾਪਤੀ ਦੀ ਰਾਹ ਲੱਭੀ ਹੈ। ਆਮ ਮਨੁੱਖ ਲਈ ਤਾਂ ਦਰਸ਼ਨ ਇਸ ਕਰਕੇ ਹੀ ਦੁਰਲਭ ਹਨ ਕਿਉਂਕਿ ਮਹਾਰਾਜ ਜੀ ਨੇ ਵਕਤ ਨੂੰ ਇਸ ਤਰ੍ਹਾਂ ਬੰਨ੍ਹ ਦਿਤਾ ਹੈ ਕਿ ਇਕ ਪਲ ਵੀ ਬਿਰਥਾ ਨਹੀਂ ਹੈ। ਉਹ ਸੁਬ੍ਹਾ ਹੀ ਦਸ ਵਜੇ ਕੁਰਸੀ ਪਰ ਆ ਕੇ ਹਰ ਮਨੁੱਖ ਨਾਲ ਸਾਹਮਣੇ ਤੇ ਖੁਲ੍ਹੀਆਂ ਗੱਲਾਂ ਸੁਣਦੇ ਹਨ ਕੁਰਸੀ ਹੋਰ ਕਿਸੇ ਵੀ ਕੰਮ ਨਹੀਂ ਹੈ। ਉਹ ਮਾਨੋ ਇਕ ਖੁਲ੍ਹਾ ਦਰਬਾਰ ਹੈ ਜਿਥੇ ਹਰ ਕੋਈ ਆਪਣੀ ਅਰਜ਼ ਵੀ ਕਰ ਸਕਦਾ

ਹੈ ਤੇ ਮਨ ਦੀ ਗਹੁਜ ਗੱਲ ਬਾਰੇ ਭੇਦ ਵੀ ਪੁੱਛ ਸਕਦਾ ਹੈ।

ਹਰੀ ਕੀਰਤਨ ਕਹਿਣ ਨੂੰ ਤਾਂ ਕੇਵਲ ਹਰੀ ਕੀਰਤਨ ਹੈ ਤੇ ਸੁਣਨ ਨੂੰ ਸਤਿਪੁਰਖਾਂ ਦੇ ਬਚਨ ਹੀ ਹਨ ਪਰ ਇਹ ਹਰ ਮਨੁੱਖ ਲਈ ਕਲਿਆਣਕਾਰੀ ਵੀ ਹਨ ਤੇ ਜੀਵਨ ਅੰਦਰ ਸੁੱਖਮਈ ਸਾਂਤਵਿਕ ਜੀਵਨ ਬਸਰ ਕਰਨ ਦਾ ਅਮੋਲਕ ਰਾਹ ਵੀ ਹਨ।

ਜਦੋਂ ਮਹਾਂਪੁਰਖ ਤਿੰਨ ਹਿੱਸਿਆਂ ਅੰਦਰ ਕੀਰਤਨ ਕਰਦੇ ਹਨ ਤਦ ਇਸ ਤਰ੍ਹਾਂ ਪ੍ਰਤੀਤ ਦੇਂਦਾ ਹੈ ਕਿ ਮਨੁੱਖ ਬਾਹਰਲੀਆਂ ਸੁਰਤਾਂ ਭੁੱਲ ਕੇ ਸਤ ਰੂਪ ਅੰਦਰ ਨਿਵਾਸ ਕਰ ਗਿਆ ਹੈ। ਲੋਕ ਬਿਰਤੀਆਂ, ਲੋਕ ਭਾਵਨਾਵਾਂ ਜਦੋਂ ਸੰਗਤ ਅੰਦਰ ਇਕ ਹੋ ਜਾਂਦੀਆਂ ਹਨ ਤਦ ਉਥੇ ਹੀ ਪ੍ਰਭੂ ਆਪ ਹੀ ਆ ਨਿਵਾਸ ਕਰਦਾ ਹੈ। ਇਹੀ ਗੱਲ ਸਤਿਗੁਰਾਂ ਕਹੀ ਹੈ ਕਿ ਸੰਗਤ ਅੰਦਰ ਜਦੋਂ ਉਹ ਹਰੀ ਕੀਰਤਨ ਦੀਆਂ ਸੁਰਾਂ ਨਾਲ ਸੁਰਤ ਜੋੜ ਕੇ ਲਿਵ ਅੰਦਰ ਟਿਕਦੀ ਹੈ।

***"ਵਿਚ ਸੰਗਤ ਹਰ ਪ੍ਰਭ ਵਸੇ ਜੀਉ"***

ਹੋਰ ਕਿਧਰੇ ਦਾ ਸਾਨੂੰ ਪਤਾ ਨਹੀਂ ਪਰ ਮੈਂ ਇਕ ਗੱਲ ਤੱਕੀ ਹੈ ਕਿ ਹਰਿਮੰਦਰ ਸਾਹਿਬ ਦੇ ਅੰਦਰ ਜੋ ਹਰੀ ਕੀਰਤਨ ਦੀਆਂ ਉਤਮ ਲਹਿਰਾਂ ਉਠਦੀਆਂ ਹਨ ਉਹ ਹੋਰ ਕਿਧਰੇ ਨਹੀਂ ਦਿਸਦੀਆਂ, ਇਸੇ ਹੀ ਤਰ੍ਹਾਂ ਹਰੀ ਕੀਰਤਨ ਦਾ ਜੋ ਅਨੰਦ ਇਸ ਦਰਬਾਰ ਅੰਦਰ ਆਉਂਦਾ ਹੈ ਉਸ ਦੀ ਮਹਿਮਾ ਵੀ ਕਹੀ ਨਹੀਂ ਜਾ ਸਕਦੀ। ਬੜੇ-ਬੜੇ ਨਾਸਤਕ ਤੇ ਨੀਵੇਂ ਮਨੁੱਖ ਕੀਰਤਨ ਸੁਣਨ ਉਪਰੰਤ ਸਿਧੇ ਹੀ ਨਹੀਂ ਹੋਏ ਸਗੋਂ ਐਸੇ ਸੁਧਰੇ ਕਿ ਉਹਨਾਂ ਰਾਹੀਂ ਹੋਰਨਾਂ ਦੇ ਜੀਵਨ ਵੀ ਸੁਧਰ ਗਏ ਹਨ। ਉਹ ਕੋਈ ਗੂੜ੍ਹਾ ਰਾਗ ਨਹੀਂ ਗਾਉਂਦੇ। ਸਿਧ ਪਧਰੀਆਂ ਧਾਰਨਾਂ ਤੇ ਸਿਧ ਪਧਰੀਆਂ ਗੱਲਾਂ ਰਾਹੀਂ ਜੀਵਨ ਮਨੋਰਥ ਦਾ ਸਿਧਾਂਤ ਬਿਆਨ ਕਰ ਦਿੰਦੇ ਹਨ। ਮੇਰੀ ਆਪਣੀ ਇਹ ਦਸ਼ਾ ਹੈ ਕਿ ਮਨੋ ਬਿਰਤੀ ਜੇਕਰ ਕਿਧਰੇ ਵੀ ਕਾਬੂ ਨਹੀਂ ਆਉਂਦੀ, ਉਹ ਸਾਧ ਸੰਗਤ ਅੰਦਰ ਇਥੇ ਆ ਕੇ ਆਪ ਹੀ ਐਨ ਟਿਕਾਣੇ ਵੱਲ ਹੋ ਤੁਰਦੀ ਹੈ। ਇਸ ਅੰਦਰ ਮੇਰੀ ਸ਼ਰਧਾ ਨੂੰ ਵੀ ਥਾਂ ਹੋ ਸਕਦੀ ਹੈ। ਪਰ ਨਿਰੀ ਸ਼ਰਧਾ ਹੀ ਨਹੀਂ ਸਤ ਤਾਂ ਇਹ ਹੈ ਕਿ ਹਰ ਇਕ ਵਕਤਾ ਦਾ ਆਪਣਾ ਜੀਵਨ ਨਿਸ਼ਾਨਾ, ਸਿਧਾਂਤ ਤੇ ਉਸ ਗੱਲ ਪਰ ਨਿਸ਼ਚਾ ਹੈ ਜੋ ਉਹ ਲੋਕਾਂ ਨੂੰ ਦੱਸ ਰਿਹਾ ਹੈ। ਉਹ ਆਪ ਹਰੀ ਕੀਰਤਨ ਕਰਦਿਆਂ ਜਦੋਂ ਅਨਹਦ ਸ਼ਬਦ ਦਾ ਬਿਆਨ ਕਰਦੇ ਹਨ ਤਦ ਇਹ ਮੁੱਖ ਗਿਆਨੀਆਂ ਵਾਲਾ ਨਹੀਂ ਸਗੋਂ ਤ੍ਰਿਕੁਟੀ ਦੇ ਮੁਕਾਮ ਪਰ ਸਹੰਸਰਾਰਦਲ ਕੰਵਲ ਤੋਂ ਅੱਗੇ ਕੁੰਡਲਨੀ ਦੇ ਝਰਨੇ ਉਸ ਅੰਦਰੋਂ ਸ਼ਬਦ ਦੀ ਧੁਨ ਆਪ ਹੀ ਪਹਿਲਾਂ ਸੁਣਦੇ ਹਨ, ਫਿਰ ਉਹੀ ਗਲ ਉਹ ਹੋਰ ਲੋਕਾਂ ਪ੍ਰਤੀ ਬਿਆਨ ਕਰਦੇ ਹਨ। "ਗੁਰਮੁਖਿ ਰੋਮ ਰੋਮ ਹਰਿ ਧਿਆਵੈ" ਦਾ ਕਥਨ ਹਰ ਇਕ ਗਿਆਨੀ ਕਰਦਾ ਹੈ। ਪਰ ਜਦੋਂ ਮਹਾਂਪੁਰਖ ਇਸ ਦਾ ਵਰਣਨ ਕਰਦੇ ਹਨ ਤਦ ਹਰ ਧਿਆਨਧਾਰੀ ਦਾ ਧਿਆਨ ਝੱਟ ਹੀ ਤ੍ਰਿਕੁਟੀ ਵੱਲ ਚਲਾ ਜਾਂਦਾ ਹੈ ਤੇ ਇਥੋਂ ਹੀ ਸੁਰਤ ਦਾ ਸ਼ਬਦ ਨਾਲ ਜੋੜ ਹੋ ਕੇ ਉਸ ਹੀ ਸਮੇਂ ਅੰਤਰੀਵ ਹੋ ਰਹੀ ਆਵਾਜ਼ ਫਰਾਟੇ ਮਾਰਦੀ ਹੋਈ ਹਰ ਰੋਮ ਅੰਦਰੋਂ ਇਕ ਹੀ ਸਮੇਂ ਸ਼ਾਂਤ ਅਕਹਿ ਤੇ ਅਜਬ ਸ਼ਕਤੀ ਸਹਿਤ ਰੋਮ-ਰੋਮ ਅੰਦਰ ਆਪਣੀ ਮਸਤੀ ਭਰੀ ਤਰੰਗ ਬਾਹਰ ਨੂੰ ਛੱਡੇਗੀ, ਫਿਰ ਉਹ ਫੁਹਾਰ ਤੇ ਆਵਾਜ਼ ਹਰ ਪਾਸੇ ਤੋਂ ਇਕੋ ਹੀ ਧੁੰਨ ਆਵੇਗੀ। ਦੱਸੋ ਇਹ ਹਰੀ ਕੀਰਤਨ ਇਹ ਅਨੰਤ ਤੇ ਇਹ ਰੰਗ ਹੋਰ ਕਿਸੇ ਜਗ੍ਹਾ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ? ਇਹੀ ਕਾਰਨ ਹੈ ਕਿ ਲੋਕ ਇਸ ਹਰੀ ਕੀਰਤਨ ਦੀ ਉਡੀਕ ਦੀਵਾਨਿਆਂ ਵਾਂਗ ਕਰਦੇ ਤੇ ਮੀਲਾਂ ਪੰਧ ਕਰਕੇ, ਲੰਬੇ ਸਫਰ ਮਾਰ ਕੇ ਤਕਲੀਫਾਂ ਝੱਲ ਕੇ, ਹੁੰਦੀ ਹੋਈ ਬਾਰਸ਼ ਵਗਦੇ ਹੋਏ ਝੱਖੜਾਂ ਅੰਦਰ ਵੀ ਇਸ ਕੀਰਤਨ ਦਾ ਅਨੰਦ ਮਾਣਦੇ ਹਨ। ਇਹ ਪ੍ਰਵਾਹ ਜਾਰੀ ਹੈ। ਵਾਹਿਗੁਰੂ ਜੀ ਦੀ ਮੇਹਰ ਕਰਕੇ ਲੰਬੇ ਸਮੇਂ ਤੱਕ ਚਲਦਾ ਹੀ ਰਹੇਗਾ।

ਕਿਉਂਕਿ ਇਹ ਸੰਤਾਂ ਦਾ ਗੁਰਬਾਣੀ ਕੀਰਤਨ ਜਿਸ ਅੰਦਰ ਲੋਕਾਂ ਤੋਂ ਕੋਈ ਵੀ ਮੰਗ ਨਹੀਂ ਕਰਨੀ, ਕੋਈ ਆਸ ਨਹੀਂ ਰੱਖਣੀ, ਸੰਤਾਂ ਦੇ ਕੀਰਤਨ ਕਰਣੀ ਤੇ ਕਥਨੀ ਤੋਂ ਇਕੋ ਹੀ ਗੱਲ ਪ੍ਰਗਟ ਹੋ ਸਕਦੀ ਹੈ ਕਿ ਉਹ ਸਤ-ਸੰਤੋਖ ਦਇਆ ਧਰਮ ਲੋਕਾਂ ਨੂੰ ਕਿਥੋਂ ਤੱਕ ਦ੍ਰਿੜ੍ਹ ਕਰਾਉਂਦਾ ਹੈ। ਮੁੱਖ ਗਿਆਨੀ ਤੇ ਪੇਸ਼ਾਵਰ ਰਾਗੀਆਂ ਦਾ ਉਦੇਸ਼ ਹੀ ਅਸਲ ਵਿਚ ਲੋਕ ਵਿਖਾਵਾ ਹੁੰਦਾ ਹੈ। ਜਾਂ ਫਿਰ ਪਹਿਲਾਂ ਹੀ ਭਾੜੇ ਤੇ ਆਏ ਹੁੰਦੇ ਹਨ, ਉਹ ਕਦੇ ਵੀ ਸਚ ਧਰਮ, ਸਚ ਕਰਣੀ, ਸਚ ਰਹਿਤ ਬਾਰੇ ਸੱਚਾ ਤੇ ਉੱਚਾ ਉਪਦੇਸ਼ ਕਰ ਹੀ ਨਹੀਂ ਸਕਦੇ। ਫਿਰ ਉਹ ਡਰਦੇ ਵੀ ਹਨ ਕਿ ਕਿਸੇ ਗੱਲ ਤੋਂ ਘਰ ਵਾਲੇ ਨਾਰਾਜ਼ ਹੀ ਨਾ ਹੋ ਜਾਣ ਤੇ ਇਸ ਤਰ੍ਹਾਂ ਮਿਲਣ ਵਾਲੀ ਪੂਜਾ ਪ੍ਰਤਿਸ਼ਠਾ ਹੀ ਮਾਰੀ ਜਾਂਦੀ ਹੋਵੇ। ਮੈਂ ਇਕ ਰਾਗੀ ਨੂੰ ਇਹ ਕਹਿੰਦੇ ਸੁਣਿਆ 'ਪਾਤਸ਼ਾਹੋ ਜੇਕਰ ਅਸੀਂ ਲੋਕਾਂ ਨੂੰ ਮਾਸ ਸ਼ਰਾਬ ਤੋਂ ਰੋਕੀਏ ਫਿਰ ਗੰਦੇ ਗੀਤ ਸੁਣਨੋਂ ਰੋਕੀਏ ਤਦ ਸਾਨੂੰ ਕੀ ਲਾਭ? ਅਸੀਂ ਤੇ ਆਪ ਉਨ੍ਹਾਂ ਹੀ ਗੀਤਾਂ ਦੇ ਵਸੀਭੂਤ ਹੋ ਕੇ ਉਨ੍ਹਾਂ ਹੀ ਤਰਜ਼ਾਂ ਪਰ ਰੱਬ ਦੇ ਗੀਤ ਗਾਉਂਦੇ ਹਾਂ, ਅਸਲੀਅਤ ਇਹ ਹੈ ਕਿ ਸਾਡੇ ਸਾਹਮਣੇ ਉਸੇ ਹੀ ਗਾਣੇ ਦੀ ਆਵਾਜ਼ ਉਸੇ ਹੀ ਗਾਇਕਾ ਜਾਂ ਫਿਰ ਗਾਇਨ ਕਰਨ ਵਾਲਾ ਹੁੰਦਾ ਹੈ। ਫਿਰ ਅਸੀਂ ਤਾਂ ਰੱਬ ਨਾਲੋਂ ਵੱਧ ਉਨ੍ਹਾਂ ਹੀ ਗਾਣ ਵਾਲਿਆਂ ਦੇ ਪੁਜਾਰੀ ਹਾਂ ਜਿਨ੍ਹਾਂ ਦੀ ਬਰਕਤ ਨਾਲ ਸਾਡੇ ਤੱਕ ਇਹ ਮਸਾਲਾ ਪੁੱਜਦਾ ਹੈ ਤੇ ਅਸੀਂ ਉਸ ਰਾਹੀਂ ਲੋਕ ਪਰਚਾਵਾ ਕਰਕੇ ਉਪਜੀਵਕਾ ਪੈਦਾ ਕਰਦੇ ਹਾਂ।"

ਸੰਤ ਜੀ ਮਹਾਰਾਜ ਦਾ ਕੀਰਤਨ ਹੈ "ਆਪਾ ਸੋਧ ਕੇ ਲੋਕਾਂ ਨੂੰ ਦ੍ਰਿੜ੍ਹ ਕਰਾਓ ਕਿ ਇਹ ਰਸਤਾ ਜੋ ਅਸਾਂ ਧਾਰਨ ਕੀਤਾ ਹੈ ਜਿਸ ਦਾ ਦਿਲ ਚਾਹੇ ਤੁਸੀਂ ਵੀ ਉਹ ਪਰਮ ਪਦ ਦੀ ਪ੍ਰਾਪਤੀ ਕਰ ਸਕੋਗੇ ਜੋ ਗੁਰ ਉਪਦੇਸ਼ ਦੇ ਬਲ ਕਰਕੇ ਅਸਾਂ ਪ੍ਰਾਪਤ ਕੀਤੀ ਹੈ। ਸੰਤ ਬਚਨ ਜੋ ਸੁਣੇ, ਕਮਾਵੇ ਉਹ ਸਤਿਗੁਰਾਂ ਦੀ ਮੇਹਰ ਦਾ ਸਦਕਾ ਭਵਜਲ ਨੂੰ ਤਾਰਦਾ ਹੈ ਇਸ ਦੁਨੀਆਂ ਨੂੰ ਵੀ ਸੁਖੀ ਤੇ ਮਹਾਨ ਬਣਾਉਣ ਦਾ ਯਤਨ ਕਰਦਾ ਹੈ।

ਇਹ ਸੰਪਰਦਾਏ ਜੋ ਸਾਹਿਬ ਭਾਈ ਦਿਆ ਸਿੰਘ ਜੀ ਨੇ ਨਾਮ ਬਾਣੀ ਦੇ ਮਹਾਨ ਉੱਤਮ ਪਰਵਾਹ ਹਿਤ ਸਤਿਗੁਰੂ ਦਸਮ ਪਿਤਾ ਜੀ ਦੀ ਵੀ ਬਖਸ਼ੀ ਹੋਈ ਅਮੋਲਕ ਦਾਤ, ਨਿਜ ਰੂਪ ਅੰਦਰ ਜਾਣਾ, ਫਿਰ ਸਾਰੀ ਰੱਬ ਦੀ ਦੁਨੀਆਂ ਨੂੰ ਉਸਦੇ ਰੂਪ

ਅੰਦਰ ਤੱਕਣਾ ਤੇ ਉਨ੍ਹਾਂ ਦੇ ਦੁੱਖ ਹਰਣ ਲਈ ਉਪਰਾਲਾ ਕਰਨਾ, ਹੋਰ ਕੁਝ ਨਾ ਹੋ ਸਕੇ ਤਦ ਉਸ ਲਈ ਮਨੋਂ ਹੋ ਕੇ ਰੋਜ਼ ਹੀ ਅਰਦਾਸ ਕਰਨ ਹਿਤ ਚਲਾਈ ਸੀ ਜੋ ਅੱਜ ਤੱਕ ਬਰਾਬਰ ਕਲਗੀਧਰ ਮਹਾਰਾਜ ਦੀ ਆਤਮ ਜੋਤ ਨੂੰ ਪ੍ਰਦੀਪਤ ਕਰ ਰਹੀ ਹੈ, ਇਹ ਜੋਤ ਕਦੇ ਵੀ ਮੱਧਮ ਨਹੀਂ ਹੋ ਸਕਦੀ।

## ਹਰੀ ਕੀਰਤਨ ਸੁਣਾਉ

ਪਟਿਆਲੇ ਦੀ ਧਰਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਥੇ ਕਈ ਪ੍ਰਤਾਪਵਾਨ ਮਹਾਂਪੁਰਖ ਆਪਣਾ ਤਪ ਤੇਜ ਤੇ ਕਰਣੀ ਪ੍ਰਗਟ ਕਰਦੇ ਰਹੇ ਹਨ। ਹੁਣ ਵੀ ਅਸੀਂ ਇਕ ਪਾਵਨ ਪੁਰਖ ਮਹਾਂ-ਤਪੀਸਰ, ਸੰਤ ਬਾਬਾ ਨੰਦ ਸਿੰਘ ਜੀ ਕੋਲ ਬਾਬਾ ਜੱਸਾ ਸਿੰਘ ਜੀ ਬਾਰੇ ਅਰਜ਼ ਕਰਨ ਲੱਗੇ ਹਾਂ। ਉਹ ਸ਼ਬਦ ਦੇ ਮਹਾਨ ਉਪਾਸ਼ਕ ਸਨ। ਉਹ ਤਕਰੀਬਨ ਜੀਵਨ ਭਰ ੭੦ ਸਾਲ ਕਦੇ ਵੀ ਕਿਸੇ ਕੋਠੇ ਵਿਚ ਨਹੀਂ ਸੁੱਤੇ। ਪਹਿਲਾਂ ਰੜੇ ਸੌਂਦੇ ਸਨ। ਪਿਛੋਂ ਜਦੋਂ ਸੰਗਤਾਂ ਦਾ ਪ੍ਰੇਮ ਵਧਿਆ ਤਦ ਸਫੈਦ ਜ਼ੀਨ ਦੀ ਵੱਡੀ ਛਤਰੀ ਹੀ ਉਨ੍ਹਾਂ ਦਾ ਸਿਰ ਢੱਕ ਰਹੀ ਸੀ। ਉਹ ਹਰ ਸਮੇਂ ਇਕਾਂਤ ਵਿਚ ਹੀ ਕਿਸੇ ਰੁੱਖ ਦੀ ਜੀਰਾਂਦ ਨਾਲ ਹੀ ਯਰਾਨਾ ਰੱਖਦੇ ਸਨ। ਸਫੈਦ ਕੱਪੜੇ, ਸਫੈਦ ਰੰਗ, ਸਫੈਦ ਬੀਬੀ ਦਾਹੜੀ ਪ੍ਰਕਾਸ਼ਵਾਨ ਚਮਕਦਾ ਚਿਹਰਾ ਹਰ ਇਕ ਨੂੰ ਆਪਣੇ ਵੱਲ ਖਿੱਚਦਾ ਸੀ। ਉਹ ਸਾਰਾ ਜੀਵਨ ਹੀ ਪਟਿਆਲੇ ਰਹੇ। ਸਾਲ ਵਿਚ ਇਕ ਵਾਰੀ ਦਾਨ ਸਿੰਘ ਵਾਲੇ ਆਪਣੇ ਡੇਰੇ ਜਾਂਦੇ ਸਨ। ਫਿਰ ਹੋ ਸਕੇ ਤਦ ਬਾਹਰ ਯਾਤਰਾ ਕਰ ਲੀਤੀ ਨਹੀਂ ਤਾਂ ਨਿਜ ਘਰ ਹੀ ਅਨੰਦ ਮਾਣਦੇ ਸਨ। ਰੋਜ਼ਾਨਾ ਸੁਬ੍ਹਾ ਅੰਮ੍ਰਿਤ ਵੇਲੇ ਉੱਠ ਕੇ ਪੰਝੀ ਵਾਰੀ ਜਪੁਜੀ ਸਾਹਿਬ ਦੇ ਪਾਠ ਕਰਕੇ ਫਿਰ ਹੀ ਨਿਤਨੇਮ ਮੁਕੰਮਲ ਹੋਣ ਤੋਂ ਉਪਰੰਤ ਜਲ ਪਾਨ ਆਦਿ ਕਰਦੇ ਸਨ। ਉਹ ਨਾ ਹੀ ਕਿਸੇ ਸਾਧੂ ਕੋਲ ਬੈਠਦੇ, ਨਾ ਹੀ ਹੋਰ ਨੂੰ ਆਪਣੇ ਨਜ਼ਦੀਕ ਹੀ ਬਿਠਾਉਂਦੇ ਸਨ। ਇਤਨੀ ਸੰਕੋਚਵੀਂ ਬਿਰਤੀ ਦੇ ਮਾਲਕ ਸਨ ਕਿ ਕਿਧਰੇ ਲਗਾਉ ਹੋਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਫਿਰ ਨਾ ਉਹ ਕਿਧਰੇ ਸਬੰਧ ਰੱਖਦੇ ਸਨ ਤੇ ਨਾ ਹੀ ਕਿਸੇ ਦੀ ਕਾਣ ਹੀ ਰੱਖਦੇ ਸਨ। ਪਰ ਸਾਰੇ ਹੀ ਜੀਵਨ ਵਿਚ ਤਿੰਨ ਪਰਮ ਪੁਰਖਾਂ ਦੇ ਕੀਰਤਨ ਨੇ ਉਨ੍ਹਾਂ ਦੀ ਆਤਮਾ ਤੇ ਮਨ ਨੂੰ ਪ੍ਰਭਾਵਿਤ ਕੀਤਾ ਸੀ। ਸੋ ਉਨ੍ਹਾਂ ਦਾ ਆਪਣੀ ਜ਼ਬਾਨੀ ਹੀ ਦਸਾਂਗੇ। ਜਦੋਂ ਸੰਤ ਈਸ਼ਰ ਸਿੰਘ ਜੀ ਦੇ ਡੇਰੇ ਬਾਰੇ ਉਨ੍ਹਾਂ ਭਾਈ ਵਰਿਆਮ ਸਿੰਘ ਜੀ ਧਮੋਟ ਤੋਂ ਸੁਣਿਆ ਕਿ ਉਹ ਦਬਲਾਨ ਹਨ। ਤਦ ਪ੍ਰਸੰਨ ਹੋਏ ਤੇ ਵਰਿਆਮ ਸਿੰਘ ਜੀ ਨੂੰ ਕਿਹਾ ਕਿ ਉਹ ਮਹਾਨ ਤੇ ਉੱਤਮ ਜੀਵਨ ਮਹਾਨ ਕਲਾਧਾਰੀ ਸੰਤ ਜੀ ਮਹਾਰਾਜ ਦਾ ਕੀਰਤਨ ਜਾਂ ਫਿਰ ਸ਼ਬਦ ਸੁਣਨਾ ਚਾਹੁੰਦੇ ਸਨ। ਪਰ ਸਰੀਰ ਕਮਜ਼ੋਰ ਹੋਣ ਕਰਕੇ ਹਾਜ਼ਰ ਹੋਣਾ ਮੁਸ਼ਕਲ ਹੈ। ਫਿਰ ਜਦੋਂ ਸੰਤ ਮਹਾਰਾਜ ਜੀ ਨੇ ਬਾਬਾ ਜੀ ਦੀ ਖਾਹਿਸ਼ ਬਾਰੇ ਸੁਣਿਆ ਤਦ ਤੁਰੰਤ ਹੀ ਆਪਣੀ ਕਾਰ ਭਾਈ ਵਰਿਆਮ ਸਿੰਘ ਜੀ ਧਮੋਟ ਵਾਲਿਆਂ ਨੂੰ ਦੇ ਕੇ ਮਹਾਂਪੁਰਸ਼ਾਂ ਨੂੰ ਲੈਣ ਲਈ ਭੇਜਿਆ। ਉਸ ਸਮੇਂ ਸੰਤ ਬਾਬਾ ਨੰਦ ਸਿੰਘ ਜੀ ਦੀ ਆਯੂ ਸੌ ਸਾਲ ਤੋਂ ਉੱਪਰ ਹੋ ਚੁੱਕੀ ਸੀ।

ਜਦੋਂ ਬਾਬਾ ਜੀ ਪੁੱਜੇ ਸੰਤ ਜੀ ਨੇ ਉਨ੍ਹਾਂ ਨੂੰ ਕਾਰ 'ਚੋਂ ਉਤਾਰ ਕੇ ਨਮਸਕਾਰ ਕੀਤੀ। ਬਾਹਰ ਗੁਫਾ ਅੰਦਰ ਲੈ ਗਏ। ਪਰ ਉਨ੍ਹਾਂ ਦੀ ਇੱਛਾ ਤੇ ਕਿਰਿਆ ਕਰਕੇ ਬਿਸਤਰਾ ਬਾਹਰ ਹੀ ਰੁੱਖਾਂ ਹੇਠਾਂ ਹੀ ਕਰਵਾ ਦਿਤਾ। ਉਪਰ ਇਕ ਚੰਦੋਆ ਤੇ ਫਿਰ ਥੱਲੇ ਚਾਦਰ ਲਾ ਦਿਤੀ ਸੀ। ਜੋ ਕਿ ਇਕ ਤਰ੍ਹਾਂ ਤੰਬੂ ਹੀ ਦਿਸਦਾ ਸੀ। ਉਸ ਸਮੇਂ ਅਜੇ ਅਡੰਬਰ ਬਹੁਤ ਦਬਲਾਨ ਵਿਖੇ ਨਹੀਂ ਸੀ, ਚਾਰ ਪੰਜ ਕਮਰੇ ਸਨ ਜੋ ਜਥੇ ਤੇ ਆਏ ਗਏ ਲਈ ਰਿਹਾਇਸ਼ ਦਾ ਕੰਮ ਦਿੰਦੇ ਸਨ। ਬਾਬਾ ਜੀ ਗੁਫਾ ਦੀ ਹੱਦ ਅੰਦਰ ਹੀ ਰਹਿੰਦੇ ਸਨ। ਜਿਥੇ ਬਾਹਰੋਂ ਆਏ, ਬਹੁਤੇ ਲੋਕ ਘੱਟ ਹੀ ਅੰਦਰ ਜਾ ਸਕਦੇ ਸਨ। ਉਸ ਰਾਤ ਨੂੰ ਦਸਵੀਂ ਦਾ ਦੀਵਾਨ ਸੀ। ਸੰਤ ਜੀ ਮਹਾਰਾਜ ਨੇ ਤਿੰਨ ਘੰਟੇ ਕੀਰਤਨ ਕੀਤਾ। ਬਾਬਾ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬਿਰਾਜਮਾਨ ਸਨ। ਹਰੀ ਕੀਰਤਨ ਅੰਦਰ ਮਸਤੀ ਤੇ ਰੰਗਣ ਇਤਨੀ ਡੂੰਘੀ ਤੇ ਰਸ ਭਿੰਨੀ ਸੀ ਕਿ ਬਾਬਾ ਜੀ ਸਰੀਰ ਤੋਂ ਕਿਧਰੇ ਦੂਰ ਮਹਾਨ ਅਰਸ਼ਾਂ ਨੂੰ ਛੋਹ ਰਹੇ ਸਨ। ਉਹ ਮਸਤੀ ਅੰਦਰ ਝੂੰਮਦੇ ਹੋਏ ਝਰਨਾਟ ਨਾਲ ਕਈ ਵਾਰ ਕੰਬਦੇ ਦਿਸਦੇ ਸਨ। ਕਦੇ ਤਾਂ ਪ੍ਰਤੀਤ ਹੁੰਦਾ ਸੀ ਕਿ ਉਹ ਹੁਣੇ ਹੀ ਗਿਰ ਜਾਣਗੇ। ਇਸੇ ਤਰ੍ਹਾਂ ਰੰਗ ਰੱਤੇ ਰੰਗ ਭਿੰਨੇ ਹੋਏ ਤਿੰਨ ਘੰਟੇ ਪਤਾ ਨਹੀਂ ਕਦੋਂ ਲੰਘ ਗਏ। ਸੰਤ ਜੀ ਮਹਾਰਾਜ ਨੇ ਗੁਰੂ ਸਤੋਤਰ ਪੜ੍ਹਿਆ ਤਦ ਬਾਬਾ ਜੀ ਦੀ ਸੁਰਤ ਵੀ ਮਹਾਨ ਅਰਸ਼ੀ ਮੰਡਲਾਂ ਤੋਂ ਫਿਰ ਸਰੀਰ ਅੰਦਰ ਆਈ। ਉਹ ਰੰਗ ਰੱਤੇ, ਹਰ ਕਦਮ ਵਾਹੁ-ਵਾਹੁ ਕਰਦੇ ਹੋਏ ਹੀ ਡੇਰੇ ਪਰ ਪੁੱਜੇ ਸਨ।

ਦੂਸਰੇ ਦਿਨ ਸਵੇਰੇ ਫੁਰਮਾਇਆ ਇਹ ਮੇਰਾ ਸ਼ਬਦ ਸੁਣਨ ਦਾ ਤੀਸਰਾ ਸਮਾਂ ਹੈ। ਪਹਿਲਾ ਸ਼ਬਦ ਅਸਾਂ ਸਾਹਿਬ ਬਾਬਾ ਰਾਮ ਸਿੰਘ ਜੀ ਨਾਮਧਾਰੀ ਤੋਂ ਸੁਣਿਆ ਸੀ। ਉਨ੍ਹਾਂ ਦੇ ਮਹਾਨ ਸੇਵਕ ਬਾਬਾ ਕਾਹਨ ਸਿੰਘ ਜੀ, ਨਿਹੰਗ ਸਿੰਘ ਸਨ ਉਹ ਉਨ੍ਹਾਂ ਦੀ ਬਖਸ਼ਸ਼ ਕਰਦੇ ਸ਼ਬਦ ਗਾਉਂਦੇ ਤੇ ਸੁਣਾਉਂਦੇ ਸਨ। ਆਪ ਵੀ ਨੱਚਦੇ ਸਨ ਤੇ ਹੋਰ ਲੋਕ ਵੀ ਨ੍ਰਿਤ ਕਰਨ ਲੱਗ ਜਾਂਦੇ ਸਨ। ਬਾਬਾ ਰਾਮ ਸਿੰਘ ਜੀ ਦੇ ਕੀਰਤਨ ਤੇ ਬਚਨਾਂ ਅੰਦਰ ਅਮੋਘ ਬਾਣ ਦੀ ਸ਼ਕਤੀ ਸੀ। ਉਨ੍ਹਾਂ ਜਿਸ ਦੇ ਕੰਨਾਂ ਅੰਦਰ ਵੀ ਗੁਰੂ ਮੰਤ੍ਰ ਦਿਤਾ ਉਹ ਦੀਵਾਨੇ ਹੋ ਗਏ। ਬਾਬਾ ਕਾਹਨ ਸਿੰਘ ਪਟਿਆਲੇ ਤੋਂ ਬਦਰ ਕੀਤੇ ਗਏ। ਪਰ ਬਾਬਾ ਰਾਮ ਸਿੰਘ ਜੀ ਸਿੰਘ ਦੇ ਨਾਦ ਤੇ ਅੰਮ੍ਰਿਤ ਸ਼ਬਦ ਹੁਣ ਵੀ ਕੰਨਾਂ ਅੰਦਰ ਗੂੰਜਦੇ ਹਨ, ਪਰ ਉਹ ਅੰਗਰੇਜ਼ ਨੇ ਪ੍ਰਦੇਸੀ ਬਣਾ ਦਿਤੇ, ਪੰਜਾਬ ਉਸ ਅੰਮ੍ਰਿਤ ਤੇ ਸ਼ਬਦ ਤੋਂ ਸੁੰਨਾ ਹੋ ਕੇ ਰਹਿ ਗਿਆ।

ਸਮਾਂ ਲੰਘ ਗਿਆ। ਫਿਰ ਉਹੀ ਸ਼ਬਦ ਦੀ ਗੂੰਜ ਤੇ ਉਹੀ ਦ੍ਰਿੜ੍ਹਤਾ ਸਹਿਤ ਸਿੰਘ ਨਾਦ ਮਾਲਵੇ ਦੀ ਮਹਾਨ ਧਰਤੀ ਪਰ ਮਸਤੂਆਣੇ ਗੂੰਜਿਆ, ਮਾਲਵੇ ਦੀ ਧਰਤੀ ਮੌਲ ਉਠੀ। ਹਰ ਪਾਸੇ ਸ਼ਬਦ ਦੇ ਹਿਰਦੇ ਵਿਧੇ ਤੇ ਧਰਤੀ ਰੰਗਾਵਲੀ ਹੋ ਉਠੀ। ਜਦੋਂ ਉਹ ਸ਼ਬਦ ਦੀ ਮਹਾਨ ਲੈਅ ਚੁਕਦੇ ਸਨ ਤਦ ਉਨ੍ਹਾਂ ਦੇ ਬੁਲੇ ਨਾਲ ਹੀ ਮਨ ਵੀ ਅਰਸ਼ਾਂ ਨੂੰ ਛੋਂਹਦਾ ਪ੍ਰਤੀਤ ਹੁੰਦਾ ਸੀ। ਪਰ ਕਾਫੀ ਲੰਮਾ ਸਮਾਂ ਸ਼ਬਦ ਦੀ ਲਹਿਰ ਚਲਾ ਕੇ ਤਪਤ ਤੇ ਅਸ਼ਾਂਤ ਹਿਰਦਿਆਂ ਨੂੰ ਠਾਰਦੇ ਹੋਏ ਸੰਤ ਅਤਰ ਸਿੰਘ ਜੀ ਵੀ ਅਕਾਲ ਪੁਰਖ ਪਾਸ ਪੁੱਜ ਗਏ ਪਰ ਇਹ ਸਰੀਰ

ਅਜੇ ਵੀ ਚੱਲਦਾ ਹੈ। ਹੁਣ ਇਹ ਉਸੀ ਸ਼ਬਦ, ਉਹੀ ਨਾਦ, ਉਹੀ ਧੁਨ, ਉਹੀ ਮਸਤੀ, ਉਹੀ ਲਹਿਰ ਫੇਰ ਉਠ ਰਹੀ ਹੈ ਤੇ ਸੰਤ ਈਸ਼ਰ ਸਿੰਘ ਉਨ੍ਹਾਂ ਦੀ ਹੀ ਰੀਤ ਮਹਾਨਤਾ ਆਤਮ ਬਲ ਕਿਰਿਆ ਤੇ ਸਮਾਨਤਾ ਨੂੰ ਬਲਵਾਨ ਬਣਾ ਰਹੇ ਹਨ। ਇਹ ਸ਼ਬਦ ਨਹੀਂ ਗਾਉਂਦੇ ਇਹ ਸ਼ਬਦ ਦੇ ਹੀ ਰੂਪ ਹੋ ਜਾਂਦੇ ਹਨ। ਜਦੋਂ ਸ਼ਬਦ ਉਚਾਰਣ ਕਰਦੇ ਹਨ ਇਨ੍ਹਾਂ ਮੰਜ਼ਲਾਂ ਤੋਂ ਉਠਾ ਕੇ ਮਹਾਨ ਅਰਸ਼ਾਂ ਪਰ ਉਡਾਰੀਆਂ ਮਾਰਦੇ ਹਨ। ਫਿਰ ਕੀਰਤਨ ਤੋਂ ਕੀਰਤਨ ਦਾ ਰਸੀਆ ਉਸੇ ਹੀ ਰੰਗ ਵਿਚ ਰੰਗਿਆ ਹੋਇਆ ਏਨ੍ਹਾਂ ਹੀ ਅਰਸ਼ਾਂ ਪਰ ਤਾਰੀਆਂ ਲਗਾਉਂਦਾ ਹੈ। ਸੋ ਇਹੀ ਕਾਰਨ ਹੈ ਕਿ ਸਰੀਰ ਕਦੇ-ਕਦੇ ਇਤਨਾ ਹਲਕਾ ਤੇ ਸੂਖਸ਼ਮ ਹੋ ਜਾਂਦਾ ਹੈ ਕਿ ਰੰਗ ਰਤਾ ਹੋਇਆ ਇਸ ਨੂੰ ਆਪਣੀ ਹੋਸ਼ ਤੇ ਸੰਭਾਲ ਵੀ ਭੁੱਲ ਜਾਂਦੀ ਹੈ। ਇਹ ਸ਼ਬਦ ਹੁਣ ਇਥੇ ਹੀ ਨਹੀਂ ਭਾਰਤ ਭੂਮੀ ਤੋਂ ਅਫਰੀਕਾ ਤੇ ਫਿਰ ਵਲੈਤਾਂ ਦੀਆਂ ਕੱਲਰ ਬਸਤੀਆਂ ਨੂੰ ਵੀ ਭਾਗ ਲਗਾਏ ਹਨ। ਸਾਡੀ ਚਾਹ ਹੈ ਕਿ ਇਤਨਾ ਪ੍ਰਬਲ ਹੋਵੇ ਕਿ ਸਾਰਾ ਸੰਸਾਰ ਹੀ ਦੀਵਾਨਾ ਹੋ ਕੇ ਨੱਚ ਉਠੇ ਫਿਰ ਸ਼ਬਦ ਹੀ ਰਹਿ ਜਾਏ।

## ਇਕ ਕਰੜੀ ਪ੍ਰੀਖਿਆ

ਅਸੀਂ ਉੱਪਰ ਦੱਸ ਚੁਕੇ ਹਾਂ ਕਿ ਬਾਬਾ ਨੰਦ ਸਿੰਘ ਜੀ ਪਟਿਆਲਾ ਕਿਵੇਂ ਕੀਰਤਨ ਸਮੇਂ ਸੰਤ ਜੀ ਮਹਾਰਾਜ ਤੋਂ ਪ੍ਰਭਾਵਿਤ ਹੋਏ ਸਨ। ਦੋ ਦਿਨ ਆਇਆਂ ਨੂੰ ਹੋ ਚੁਕੇ ਸਨ। ਡੇਰੇ ਦਾ ਹਰ ਪ੍ਰਾਣੀ ਹਰ ਸਮੇਂ ਬਾਬਾ ਜੀ ਦੀ ਖੁਸ਼ੀ ਤੇ ਉਨ੍ਹਾਂ ਤੋਂ ਪ੍ਰਸੰਸਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਦਿਸਦਾ ਸੀ। ਕਿਉਂਕਿ ਉਨ੍ਹਾਂ ਦੀ ਬਚਨ ਸਿਧੀ ਤੋਂ ਮਗਰੋਂ ਹਾਵੀ ਹੋਣ ਬਾਰੇ ਸੰਤ ਜੀ ਮਹਾਰਾਜ ਸਭ ਨੂੰ ਦੱਸ ਹੀ ਬੈਠੇ ਸਨ। ਡੇਰੇ ਤੇ ਸੇਵਕਾਂ ਵੱਲੋਂ ਹੋਈ ਸੇਵਾ ਤੋਂ ਵੀ ਬਾਬਾ ਜੀ ਬਹੁਤ ਪ੍ਰਸੰਨ ਸਨ।

ਤੀਸਰੇ ਦਿਨ ਸ੍ਰੀ ਆਸਾ ਦੀ ਵਾਰ ਦੀ ਸਮਾਪਤੀ ਪਰ ਅਰਦਾਸ ਹੋ ਚੁੱਕੀ ਸੀ। ਸੰਗਤਾਂ ਸੁਬ੍ਹਾ ਦੀਆਂ ਨਮਕੀਨ ਰੋਟੀਆਂ ਤੇ ਫਿਰ ਲੱਸੀ ਚਾਹ ਆਦਿਕ ਲਈ ਲੰਗਰ ਵੱਲ ਚੱਲ ਪਈਆਂ ਸਨ। ਉਸੇ ਹੀ ਸਮੇਂ ਅਚਾਨਕ ਬਾਬਾ ਨੰਦ ਸਿੰਘ ਜੀ ਮੰਜੇ ਤੋਂ ਉੱਠ ਕੇ ਸੰਤ ਜੀ ਮਹਾਰਾਜ ਦੇ ਕੋਠੇ ਵੱਲ ਨੂੰ ਆਏ। ਸੰਤ ਮਹਾਰਾਜ ਉਪਰਲੀ ਮੰਜ਼ਲ ਪਰ ਹੀ ਬੈਠੇ ਸਨ। ਦੋ ਚਾਰ ਹੋਰ ਸਤਸੰਗੀ ਵੀ ਵਾਰਤਾਲਾਪ ਵਿਚ ਲੱਗੇ ਹੋਏ ਸਨ। ਬਾਬਾ ਨੰਦ ਸਿੰਘ ਜੀ ਮਹਾਰਾਜ ਨੂੰ ਅੰਦਰ ਆਉਂਦੇ ਤੱਕ ਤੇ ਸੰਤ ਮਹਾਰਾਜ ਹੈਰਾਨ ਹੋਏ ਪਰ ਉਹ ਪੂਰਨ ਸਤਿਕਾਰ ਵਜੋਂ ਬਜ਼ੁਰਗਾਂ ਦੇ ਮਾਣ ਲਈ ਉੱਠ ਕੇ ਖਲੋ ਗਏ ਤੇ ਚਰਨਾਂ ਵੱਲ ਨੂੰ ਹੱਥ ਵਧਾਏ। ਬਾਬਾ ਜੀ ਨੇ ਉੱਪਰ ਹੀ ਰੋਕ ਕੇ ਜੱਫੀ ਭਰ ਲਈ ਤੇ ਫਿਰ ਸੰਤ ਮਹਾਰਾਜ ਦੇ ਕਹਿਣ ਪਰ ਪਲੰਘ ਪਰ ਅਰੂੜ ਹੋ ਗਏ।

ਸੰਤ ਈਸ਼ਰ ਸਿੰਘ ਜੀ ਮਹਾਰਾਜ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਮੇਰੇ ਤੋਂ ਕੋਈ ਭੁੱਲ ਹੋਈ ਹੈ ਤਦ ਖਿਮਾ ਮੰਗਦਾ ਹਾਂ, ਮੈਨੂੰ ਆਪ ਹਜ਼ੂਰ ਦੀ ਸ਼ਰਣ ਅੰਦਰ ਪੁੱਜ ਕੇ ਸੇਵਾ ਪੁੱਛਣੀ ਚਾਹੀਦੀ ਸੀ। ਪਰ ਹੁਣ ਜਦੋਂ ਆਪ ਹੀ ਆ ਗਏ ਹੋ ਤਦ ਮੈਨੂੰ ਕੋਈ ਸੇਵਾ ਕਰਨ ਦਾ ਸਮਾਂ ਬਖਸ਼ੋ?

ਬਾਬਾ ਜੀ ਕਿਹਾ, "ਅਸੀਂ ਸਾਰੀ ਉਮਰ ਰੁੱਖਾਂ ਹੇਠਾਂ ਜੀਵਨ ਗੁਜ਼ਾਰ ਦਿਤਾ ਹੈ। ਪਰ ਹੁਣ ਉਹ ਕਰੜੀ ਤੇ ਗਾਖੜੀ ਕਮਾਈ ਮੁਸ਼ਕਲ ਹੀ ਦਿਸਦੀ ਹੈ। ਤੇਰੇ ਅਸਥਾਨ ਪਰ ਸਾਨੂੰ ਆਤਮ ਸ਼ਾਂਤੀ ਮਿਲੀ ਹੈ। ਫਿਰ ਐਸਾ ਇਕਾਂਤ ਸਥਾਨ ਹੋਰ ਕਿਧਰੇ ਸਾਨੂੰ ਮਿਲਣਾ ਵੀ ਨਹੀਂ। ਸੋ ਜੇਕਰ ਠੀਕ ਸਮਝੋ ਤਦ ਇਹ ਅਸਥਾਨ ਸਾਨੂੰ ਦੇ ਦਿਉ। ਤਾਂ ਜੋ ਹੁਣ ਇਹ ਬਿਰਧ ਅਵਸਥਾ ਤੇ ਫਿਰ ਬਾਕੀ ਦੇ ਦਿਨ ਇਸੇ ਹੀ ਤੇਰੇ ਡੇਰੇ ਅੰਦਰ ਰਹਿ ਕੇ ਬਤੀਤ ਕਰੀਏ। ਅਸਾਂ ਜੀਵਨ ਭਰ ਕਦੇ ਵੀ ਮਕਾਨ ਅੰਦਰ ਰਹਿਣ ਦਾ ਸੰਕਲਪ ਨਹੀਂ ਕੀਤਾ। ਪਰ ਪਤਾ ਨਹੀਂ ਕਿਉਂ ਹੁਣ ਸਾਡੀ ਆਤਮਾ ਸੰਤੁਸ਼ਟ ਹੈ ਕਿ ਐਸੀ ਇਕਾਂਤ ਤੇ ਰਮਣੀਕ ਭੂਮੀ ਪਰ ਸਹਿਜੇ ਹੀ ਆਤਮ ਅਨੰਦ ਦੀ ਪ੍ਰਾਪਤੀ ਹੁੰਦੀ ਰਹੇਗੀ। ਨਾਲੇ ਸ਼ਹਿਰ ਦੇ ਝਮੇਲੇ ਵੀ ਦੂਰ ਹੋ ਜਾਣਗੇ। ਸ਼ਹਿਰੀ ਲੋਕ ਵਾਸ਼ਨਾਵਾਂ ਦੀ ਪੰਡ ਹਰ ਸਮੇਂ ਹੀ ਚੁੱਕੀ ਫਿਰਦੇ ਹਨ ਤੇ ਫਿਰ ਲਗਦੇ ਹੱਥ ਆਪਣਾ ਬੋਝ ਸੰਤਾਂ ਦੇ ਕੰਧੇ ਪਰ ਵੀ ਧਰ ਦਿੰਦੇ ਹਨ। ਸੋ ਹੁਣ ਉਨ੍ਹਾਂ ਤੋਂ ਬਚਣ ਦਾ ਵੀ ਇਹ ਚੰਗਾ ਸਾਧਨ ਹੈ। ਸੋ ਜੇਕਰ ਤਕਲੀਫ ਨਾ ਮੰਨੋ ਤਦ ਇਹ ਸਾਰਾ ਸਥਾਨ ਸਾਨੂੰ ਦੇ ਜਾਉ। ਹੋਰ ਅਸੀਂ ਕੁਝ ਨਹੀਂ ਮੰਗਦੇ।"

ਮਸ਼ਹੂਰ ਹੈ ਕਿ ਸੌ ਫ਼ਕੀਰ ਇਕੋ ਹੀ ਗੋਦੜੀ ਅੰਦਰ ਸਮਾ ਜਾਂਦੇ ਹਨ ਪਰ ਦੋ ਬਾਦਸ਼ਾਹ ਇਕ ਦੇਸ਼ ਵਿਚ ਨਹੀਂ ਸਮਾ ਸਕਦੇ। ਅਸੀਂ ਤੱਕਦੇ ਹਾਂ ਕਿ ਅਜੋਕੇ ਦੌਰ ਅੰਦਰ ਇਕ ਸਾਧ ਕਿਸੇ ਹੋਰ ਦੀ ਮਹਿਮਾ ਤੇ ਵਡਿਆਈ ਬਰਦਾਸ਼ਤ ਨਹੀਂ ਕਰ ਸਕਦਾ। ਪਰ ਸਾਡੀ ਮਹਾਨ ਆਤਮਾ ਦੇ ਕੌਤਕ ਹੀ ਦੁਨੀਆਂ ਤੋਂ ਵੱਖਰੇ ਸਨ। ਆਪ ਜੀ ਇੱਕ ਮਿੰਟ ਚੁੱਪ ਰਹੇ, ਫਿਰ ਬਾਹਰ ਆਏ ਅਤੇ ਬਾਬੂ ਰਲਾ ਸਿੰਘ ਜੀ ਨੂੰ ਸਦ ਕੇ ਕਿਹਾ "ਦੇਖੋ ਬਾਬੂ ਜੀ! ਜੋ ਸੱਜਣ ਇਥੇ ਰਹਿਣ ਉਹ ਹੁਣ ਬਾਬਾ ਜੀ ਦੀ ਆਗਿਆ ਅੰਦਰ ਹੀ ਰਹਿਣਗੇ ਪਰ ਜੋ ਜਾਣਾ ਚਾਹੁਣ ਉਹ ਕੇਵਲ ਕੱਛਾ ਤੌਲੀਆ ਤੇ ਗਲ ਦੇ ਕੱਪੜੇ ਹੀ ਨਾਲ ਲੈ ਜਾਣਗੇ। ਹੋਰ ਕੋਈ ਸਾਮਾਨ ਇਥੋਂ ਬਾਹਰ ਨਹੀਂ ਜਾ ਸਕਦਾ। ਇਹ ਸਥਾਨ ਹੁਣ ਤੋਂ ਹੀ ਸੰਤ ਬਾਬਾ ਨੰਦ ਸਿੰਘ ਜੀ ਦਾ ਹੈ।" ਫਿਰ ਅੰਦਰ ਪੁੱਜ ਕੇ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਇਸ ਸਮੇਂ ਕੋਈ ਬਹੁਤੀ ਮਾਇਆ ਹਾਜ਼ਰ ਨਹੀਂ ਹੈ ਪਰ ਜੋ ਵੀ ਗਿਆਰਾਂ ਕੁ ਹਜ਼ਾਰ ਹਾਜ਼ਰ ਹੈ ਉਹੀ ਭੇਟ ਕਰਦੇ ਹਾਂ। ਲੰਗਰ ਲਈ ਸਾਲਾਂ ਦੀ ਸਾਰੀ ਸਾਮਗਰੀ ਪਈ ਹੈ। ਲਾਂਗਰੀ ਤੇ ਬਾਕੀ ਸੇਵਕ ਤੁਹਾਡੇ ਹੁਕਮ ਅਨੁਸਾਰ ਹੀ ਰਹਿਣਗੇ ਜਾਂ ਫਿਰ ਕਿਨਾਰਾ ਕਰਨਗੇ। ਸਾਡੀ ਸੇਵਾ ਹਰ ਸਮੇਂ ਹੀ ਹਾਜ਼ਰ ਸਮਝੋ ਜੋ ਵੀ ਹੁਕਮ ਕਰੋਗੇ ਉਹ ਪੂਰਨ ਹੋਵੇਗਾ।

"ਤੁਸੀਂ ਹਰ ਤਰ੍ਹਾਂ ਹੀ ਵੱਡੇ ਹੋ। ਉਮਰ, ਕਰਣੀ, ਮਹਾਨਤਾ, ਤਿਆਗ, ਤਪ ਤੇ ਸਾਧਨ ਅੰਦਰ ਕੌਣ ਤੁਹਾਨੂੰ ਪੁੱਜ ਸਕਦਾ ਹੈ ਜਿਨ੍ਹਾਂ ਵੀਹ ਸਾਲ ਦੀ ਆਯੂ ਤੋਂ 100 ਸਾਲ ਭਾਵ ਅੱਸੀ ਸਾਲ ਮਾਰਕੰਡੇ ਦੇ ਪੂਲੇ ਵਾਂਗ ਇਕ ਛਤਰੀ ਹੇਠਾਂ ਲੰਘਾ ਦਿਤੇ ਹਨ। ਧੰਨ ਭਾਗ ਹਨ ਜੋ ਤੁਸਾਡੇ ਜਿਹੇ ਪਾਵਨ ਪਰਮ ਪੁਰਖਾਂ ਦੀ ਸੇਵਾ ਲਈ ਇਹ ਸਥਾਨ ਸਕਾਰਥ ਹੋਣ ਲੱਗਾ ਹੈ। ਧੰਨ ਭਾਗ ਜੋ ਬਾਬਾ ਨੰਦ ਸਿੰਘ ਜੀ ਇਹ ਤੁੱਛ ਤੇ ਨਿਗੂਣੀ ਜਿਹੀ ਸੇਵਾ ਇਸ ਸੇਵਕ ਤੋਂ ਲੈਣੀ ਮਨਜ਼ੂਰ ਕੀਤੀ ਹੈ। ਮੇਰੇ ਗੁਰਦੇਵ ਆਪ ਹੀ ਰੂਪ ਧਾਰ ਕੇ ਪੁੱਜੇ ਹਨ।" ਬਾਬਾ

ਨੰਦ ਸਿੰਘ ਜੀ ਨੇ ਚੁੱਪ ਕਰਕੇ ਸਾਰੀ ਗੱਲ ਸੁਣੀ ਤੇ ਖਿੜ-ਖਿੜਾ ਕੇ ਹੱਸ ਪਏ।

"ਵਾਹ ਭਾਈ ਈਸ਼ਰ ਸਿਆਂ, ਤੂੰ ਹੁਣ ਆਪਣਾ ਜਾਲ ਸਾਡੇ ਗਲ ਪਾਉਣ ਦੀ ਸੋਚੀ ਹੈ। ਇਹ ਲੋਕ ਜੋ ਤੁਹਾਡੇ ਕੋਲ ਆ ਕੇ ਸਿਧੀਆਂ ਗੱਲਾਂ ਰਾਹੀਂ ਮਹਾਨ ਗਿਆਨ ਤੇ ਆਤਮ ਗਿਆਨ ਹਾਸਲ ਕਰਦੇ ਹਨ। ਇਹ ਸਾਡੇ ਵਸੋਂ ਬਾਹਰ ਹੋ ਜਾਣਗੇ।"

"ਸਾਡੀ ਵਾਹਿਗੁਰੂ ਨੇ ਮੇਹਰ ਕਰਕੇ ਰੁੱਖਾਂ ਤੇ ਛੱਤਰੀਆਂ ਨਾਲ ਹੀ ਲੰਘਾਣੀ ਹੈ। ਜੋ ਕੁਝ ਦਿਨ ਬਾਕੀ ਹਨ ਉਹ ਵੀ ਲੰਘ ਹੀ ਜਾਣੇ ਹਨ। ਫਿਰ ਇਹ ਕਲਰੀ ਧਰਤੀ ਨੂੰ ਗੁਲਜ਼ਾਰ ਕਰਨ ਦਾ ਜੋ ਭਾਰ ਕਰਤਾਰ ਨੇ ਤੇਰੇ ਜੁੰਮੇ ਲਾਇਆ ਹੈ, ਉਹ ਹੋਰ ਕੋਲੋਂ ਹੋ ਹੀ ਨਹੀਂ ਸਕਦਾ। ਸੋ ਭਾਈ ਇਹ ਭਾਰੀ ਪੰਡ ਆਪਣੇ ਹੀ ਪਾਸ ਰੱਖ। ਲੋਕ ਸੌ ਗੋਗੇ ਉਡਾਂਦੇ ਸਨ। ਰੁਪਏ ਪੈਸੇ ਤੇ ਅਡੰਬਰ ਦੀਆਂ ਵੀ ਕਹਾਣੀਆਂ ਕਰਦੇ ਸੁਣੀਦੇ ਸਨ। ਸਾਨੂੰ ਸ਼ੰਕਾ ਹੋ ਆਈ। ਅਸੀਂ ਗੱਲਾਂ ਨਾਲ ਨਹੀਂ ਕਰਮ ਦੀ ਕਸਵੱਟੀ ਪਰ ਪਰਖ ਕੇ ਹੀ ਇਸ ਸੋਨੇ ਨੂੰ ਬਾਰਾਂ ਵੰਨੀ ਦਾ ਸੋਨਾ ਕਹਿ ਸਕਦੇ ਹਾਂ ਤੇ ਕਹਿ ਰਹੇ ਹਾਂ। ਜਾਹ ਤੇਰੀ ਚਾਰ ਚੱਕ ਜਾਗੀਰ ਹੈ ਤੇਰੇ ਰਾਹ ਰੋਕਣ ਵਾਲੇ ਆਪ ਹੀ ਰੁਕ ਜਾਣਗੇ। ਅੱਗੇ ਭਾਈ ਅਤਰ ਸਿੰਘ ਤੇ ਸੰਤ ਅਤਰ ਸਿੰਘ ਮਸਤੂਆਣੇ ਦੇ ਵਰ ਲੈ ਲਏ ਹਨ। ਹੁਣ ਇਹ ਗਰੀਬ ਸਾਧ ਪਾਸ ਜੋ ਹੈ ਉਹ ਵੀ ਤੇਰਾ ਹੈ।"

## ਅਫਰੀਕਾ ਦਾ ਦੌਰਾ

ਪੰਜਾਬੀ ਦਾ ਇਕ ਗੁਣ ਮਸ਼ਹੂਰ ਹੈ ਕਿ ਉਹ ਕਦੇ ਵੀ ਮੁਸ਼ਕਲਾਂ ਤੋਂ ਘਬਰਾ ਕੇ ਪਿਛਾਂਹ ਨਹੀਂ ਭੱਜਦਾ ਸਗੋਂ ਹਰ ਔਕੜ ਨੂੰ ਸਿਧੇ ਮੱਥੇ ਪ੍ਰਵਾਨ ਕਰਕੇ ਸਫਲਤਾ ਦੇ ਝੰਡੇ ਗੱਡਦਾ ਹੈ। ਇਹੀ ਕਾਰਨ ਹੈ ਕਿ ਅਤੀ ਵਿਕਟ ਜਗਾ ਉਤੇ ਗੋਰਾ ਸ਼ਾਹੀ ਨੇ ਸਦਾ ਹੀ ਪੰਜਾਬੀਆਂ ਨੂੰ ਭੇਜਿਆ ਸੀ। ਜਿਸ ਤਰ੍ਹਾਂ ਬਰਮਾ ਦੇ ਜੰਗਲ, ਸਿੰਘਾਪੁਰ ਮਲਾਇਆ ਆਦਿਕ ਥਾਵਾਂ ਦੀ ਕਠਿਨ ਪਹਿਰੇਦਾਰੀ ਤੇ ਅਫਰੀਕਾ ਵਿਚ ਘਣੇ ਜੰਗਲਾਂ ਨੂੰ ਜੀਵਨ ਦੇਣ ਹਿਤ ਕੇਵਲ ਪੰਜਾਬੀ ਹੀ ਕੰਮ ਆਏ ਸਨ। ਭਾਵੇਂ ਇਹ ਵੀ ਦਰੁਸਤ ਹੈ ਕਿ ਪਿਛੋਂ ਜਦੋਂ ਧਰਤੀਆਂ ਆਬਾਦ ਸਰ ਸਬਜ਼ ਤੇ ਫਿਰ ਫਲ ਦੇਣ ਯੋਗ ਹੋ ਜਾਣ, ਤਦ ਇਨ੍ਹਾਂ ਸੁਜਾਨ ਮਿਹਨਤੀ ਤੇ ਜਫਾਕਸ਼ ਕਿਰਤੀਆਂ ਦੀ ਹੋਂਦ ਵੀ ਕਈਆਂ ਨੂੰ ਰੜਕਣ ਲਗ ਜਾਂਦੀ ਹੈ। ਇਹੀ ਗੱਲ ਅਫਰੀਕਾ ਅੰਦਰ ਵੀ ਹੋਈ ਹੈ। ਪਰ ਜਦੋਂ ਮਹਾਰਾਜ ਪਹਿਲੀ ਵਾਰੀ ਗਏ ਤਦ ਗੱਲ ਹੀ ਹੋਰ ਸੀ। ਆਪ ਜੀ ਨੂੰ ਸਰਦਾਰ ਸੁਦਾਗਰ ਸਿੰਘ ਤੇ ਹੋਰ ਨਰੋਬੀ ਨਿਵਾਸੀ ਸੱਜਣਾਂ ਨੇ ਭੇਖੀ ਤੇ ਮਾਇਆ ਦੇ ਮਾਰੇ ਸਾਧਾਂ ਹੱਥੋਂ ਤੰਗ ਲੋਕਾਂ ਦੀ ਕਥਾ ਦੱਸੀ ਸੀ। ਕਈ ਸੱਜਣ ਜੋ ਲੁਧਿਆਣਾ ਆਦਿਕ ਦੇ ਵਸਨੀਕ ਸਨ ਬਨਾਵਟੀ ਸਾਧਾਂ ਤੇ ਫਿਰ ਭੇਖੀ ਤੇ ਟਕੇ ਬਟੋਰੂ ਰਾਗੀਆਂ ਹੱਥੋਂ ਕਾਫੀ ਦੁਖੀ ਸਨ। ਸੋ ਸੰਗਤ ਦੀ ਇਹ ਬੇਨਤੀ ਮੰਨ ਕੇ ਕਿ ਸੰਤ, ਨਾਮ, ਦੀ ਮਹਾਨਤਾ ਤੇ ਸਿਖੀ ਘਰ ਦੀ ਮਹਾਨਤਾ ਨੂੰ ਪ੍ਰਗਟ ਕਰਨ ਹਿਤ ਸੰਤ ਮਹਾਰਾਜ ਨੇ ਅਫਰੀਕਾ ਜਾਣਾ ਪ੍ਰਵਾਨ ਕਰ ਲਿਆ ਸੀ।

ਸੋ 8 ਜਨਵਰੀ 1951 ਨੂੰ ਆਪ ਬੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਰਵਾਨਾ ਹੋਏ ਸਨ। ਮਜ਼ੇ ਦੀ ਗੱਲ ਹੈ ਕਿ ਇਸ ਲੰਬੇ ਸਫਰ ਸਮੇਂ ਹੀ ਪੋਹ ਸੁਦੀ ਸਪਤਮੀ ਦਾ ਮਹਾਨ ਗੁਰਪੁਰਬ ਰਾਹ ਵਿਚ ਹੀ ਆਇਆ ਸੀ। ਸੰਗਤਾਂ ਕਾਫੀ ਸਨ। ਪਾਠੀ ਸੰਤ ਮਹਾਰਾਜ ਦੇ ਪ੍ਰੇਮੀ ਸਨ। ਸੋ ਪਾਠ ਹੋਇਆ ਪ੍ਰਸ਼ਾਦਿ ਵਰਤਿਆ ਤੇ ਗੁਰੂ ਕਾ ਲੰਗਰ ਵੀ ਤਿਆਰ ਹੋਇਆ ਸੀ। ਉਸ ਦੌਰੇ ਸਮੇਂ ਸੰਤ ਮਹਾਰਾਜ ਜੀ ਦੇ ਨਾਲ ਬਾਬੂ ਰਲਾ ਸਿੰਘ ਜੀ, ਸ੍ਰੀ ਭਾਈ ਹਰਭਜਨ ਸਿੰਘ, ਭਾਈ ਬਚਨ ਸਿੰਘ ਜਗੌੜਾ, ਭਾਈ ਲਿਵਤਾਰ ਸਿੰਘ ਜੀ, ਭਾਈ ਭਾਗ ਸਿੰਘ ਜੀ, ਜਥੇਦਾਰ ਮਹਿੰਦਰ ਸਿੰਘ ਜੀ ਸਨ।

ਬਾਬੂ ਜੀ ਤੋਂ ਬਿਨਾਂ ਜੋ ਸੰਤ ਮਹਾਰਾਜ ਦੇ ਨਿਜੀ ਸੇਵਕ ਸਨ ਬਾਕੀ ਸੱਜਣ ਤੇ ਫਿਰ ਕਥਾ, ਕੀਰਤਨ ਪਾਠ ਤੇ ਫਿਰ ਅੰਮ੍ਰਿਤ ਪ੍ਰਚਾਰ ਲਈ ਤਿਆਰ ਬਰ ਤਿਆਰ ਸਨ। ਸੋ ਰੰਗ ਰਤੇ ਮਸਤਾਨੇ ਨਾਹਰੇ ਮਾਰਦੇ ਹਰੀ ਰੰਗ ਵੰਡਦੇ ਹੋਏ ਪ੍ਰੇਮੀ ਸੱਜਣ ਸੰਤ ਮਹਾਰਾਜ ਸਮੇਤ ਨੌਵੇਂ ਦਿਨ 17 ਜਨਵਰੀ ਮੁੰਬਾਸਾ ਦੀ ਬੰਦਰਗਾਹ ਵਿਚ ਪੁੱਜ ਗਏ। ਸ. ਉਜਾਗਰ ਸਿੰਘ ਜੀ ਗਿੱਲ ਤੇ ਹੋਰ ਸੰਗਤਾਂ ਦਰਸ਼ਨਾਂ ਹਿਤ ਪੁਜੀਆਂ। ਸਤਿਕਾਰ ਕਰਕੇ ਕੋਠੀ ਉਤਾਰਾ ਕੀਤਾ। ਮੁੰਬਾਸਾ ਦੀ ਸੰਗਤ ਦੇ ਪ੍ਰੇਮ ਵਸ ਕਾਫੀ ਦੇਰ ਕੀਰਤਨ ਹੋਇਆ। ਫਿਰ ਨਿਰੋਬੀ ਦੀ ਸੰਗਤ ਆਪ ਜੀ ਨੂੰ ਨਿਰੋਬੀ ਲੈ ਗਈ। ਇਸ ਜਗ੍ਹਾ ਕਾਫੀ ਸਿੱਖ ਵਸੋਂ ਸੀ ਜੋ ਕਿਸੇ ਵੀ ਪੰਜਾਬ ਦੇ ਸ਼ਹਿਰ ਤੋਂ ਵੱਧ ਹੀ ਸਿੱਖ ਸੰਗਤ ਸੀ। ਇਥੇ ਜਾਤ ਬਰਾਦਰੀ ਮਾਝਾ, ਮਾਲਵਾ ਤੇ ਦੁਆਬੇ ਦੇ ਕਾਫੀ ਝਗੜੇ ਸਨ ਪਰ ਸੰਤ ਮਹਾਰਾਜ ਨੇ ਫੁਰਮਾਇਆ, "ਮੇਰਾ ਦੇਸ਼ ਹਿੰਦ ਤੇ ਫਿਰ ਪੰਜਾਬ ਹੈ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਲੇਵਾ ਦੀ ਜੀਵਨ ਰਾਸ ਇਕ ਹੈ, ਫਿਰ ਅਸੀਂ ਕੋਈ ਵੀ ਵੰਡ ਕਿਉਂ ਮੰਨੀਏ।" ਪਹਿਲਾਂ ਰਾਮਗੜ੍ਹੀਆਂ ਦੇ ਗੁਰਦੁਆਰੇ ਅੰਮ੍ਰਿਤ ਵਰਖਾ ਹੋਈ।

ਗੋਰਾ ਸਰਕਾਰ ਹਰ ਆਦਮੀ ਨੂੰ ਗਹੁ ਨਾਲ ਤੱਕਦੀ ਸੀ ਕਿ ਮਤੇ ਕੋਈ ਸਰਕਾਰ ਵਿਰੁੱਧ ਸ਼ਕਤੀ ਹੀ ਆਪਣਾ ਕੰਮ ਕਰਦੀ ਹੋਵੇ। ਸੋ ਇਕ ਪੁਲਿਸ ਦੇ ਇਨਸਪੈਕਟਰ ਦੀ ਡਿਊਟੀ ਸੰਤ ਮਹਾਰਾਜ ਪਰ ਲੱਗੀ ਪਰ ਉਹ ਆਪ ਹੀ ਸ਼ਰਧਾਵਾਨ ਹੋ ਗਿਆ ਤੇ ਸਰਕਾਰ ਨੂੰ ਸੰਤ ਮਹਾਰਾਜ ਦੇ ਧਾਰਮਿਕ ਵਿਚਾਰਾਂ ਬਾਰੇ ਲਿਖ ਦਿਤਾ।

## ਪ੍ਰੇਮ ਨੇ ਨੇਮ ਤੋੜ ਦਿਤੇ

ਮੁੰਬਾਸਾ ਵਿਖੇ ਦੀਵਾਨ ਹੋ ਰਹੇ ਸਨ। ਦੂਰ ਨੇੜੇ ਤੋਂ ਸੰਗਤ ਦਰਸ਼ਨਾਂ ਨੂੰ ਆਉਂਦੀ ਸੀ। ਹਰ ਪਾਸੇ ਸੰਤ ਜੀ ਮਹਾਰਾਜ ਦੀ ਹੀ ਚਰਚਾ ਸੀ। ਕੋਈ ਉਨ੍ਹਾਂ ਦੀ ਕਰਣੀ, ਕੋਈ ਨਾਮ ਬਾਣੀ, ਸਿਮਰਨ ਸਾਧਨ ਤੇ ਹੋਰ ਗੱਲਾਂ ਕਰਦਾ ਸੀ। ਕਈ ਸੱਜਣਾਂ ਪਰ ਸੰਤ ਮਨੀ ਸਿੰਘ ਜੀ ਦਿਆਲਪੁਰੇ ਦਾ ਵੀ ਅਸਰ ਸੀ ਕਿ ਮੈਂ ਤੇ ਮੋਟਾ ਮੋਟਾ ਹਲ ਵਾਹੁਣ ਆਇਆ ਹਾਂ। ਮਹਾਂਪੁਰਖ ਆਉਣਗੇ ਜੋ ਟੋਏ ਟਿਬੇ ਮੇਟ ਕੇ ਹਿਰਦੇ ਅੰਦਰ ਵਸ ਰਹੇ ਸਭ ਹਿਸਾਬ ਮੇਟ ਕੇ ਤੁਹਾਨੂੰ ਆਤਮਕ ਤੌਰ ਮਹਾਨ ਬਣਾ ਦੇਣਗੇ। ਸੰਤ ਈਸ਼ਰ ਸਿੰਘ ਮਹਾਨ ਸ਼ਕਤੀਵਾਨ ਤੇ ਪਰਮ ਯੋਗੀ ਹਨ। ਇਥੇ ਹੀ ਇਕ ਸੱਜਣ ਪੁਜੇ ਜਿਸ ਦਾ ਨਾਮ ਠਾਕੁਰ ਸਿੰਘ ਸੀ। ਇਹ ਪਿਛੋਂ ਮੁਕੰਦਪੁਰ ਜਾਲੰਧਰ ਦੇ ਵਸਨੀਕ ਸਨ। ਹੁਣ ਨਿਰੋਬੀ ਰੇਲਵੇ ਵਿਚ ਫਿਟਰ ਸੀ ਇਸ ਨੇ ਦਰਸ਼ਨ ਵਾਸਤੇ ਪ੍ਰਾਰਥਨਾ ਕੀਤੀ ਸੀ ਕਿ ਮੈਂ ਇਕ ਕਾਲੇ ਰੰਗ ਦੀ ਬਹੁਤ

ਕੀਮਤੀ ਗਰਮ ਐਚਕਨ ਭੇਟ ਕਰਕੇ ਪਹਿਨਾ ਕੇ ਫੋਟੋ ਲਾਹੁਣ ਲਈ ਪ੍ਰਾਰਥਨਾ ਕੀਤੀ। ਇਹ ਇਸ ਦੇ ਮਨ ਦੀ ਚਾਹ ਸੀ ਕਿ ਸੰਤ ਮਹਾਰਾਜ ਕਾਲੀ ਐਚਕਨ ਸਮੇਤ ਫੋਟੋ ਲੁਹਾ ਕੇ ਉਸ ਨੂੰ ਦੇਣ। ਜਦੋਂ ਠਾਕੁਰ ਸਿੰਘ ਜੀ ਨੇ ਪ੍ਰਾਰਥਨਾ ਕੀਤੀ ਤਦ ਇਸ ਨੂੰ ਉੱਕਾ ਹੀ ਪਤਾ ਨਹੀਂ ਸੀ ਕਿ ਉਸ ਦੀ ਬੇਨਤੀ ਪ੍ਰਵਾਨ ਹੋਣ ਵਿਚ ਕਿਤਨੀ ਕੁਝ ਰੁਕਾਵਟ ਹੈ ਜਾਂ ਫਿਰ ਕੋਈ ਹੋਰ ਪਹਿਲੂ ਵੀ ਹੈ। ਇਸ ਲਈ ਤਾਂ ਇਹ ਇਕ ਬਹੁਤ ਮਾਮੂਲੀ ਹੀ ਗੱਲ ਸੀ ਪਰ ਇਥੇ ਤਾਂ ਮਸਲਾ ਹੀ ਹੋਰ ਸੀ।

ਮਹਾਂਪੁਰਖ ਉਸ ਸਮੇਂ ਤੱਕ ਗਲ ਇਕ ਕਫ਼ਨੀ ਹੀ ਰੱਖਦੇ ਸਨ। ਉੱਪਰ ਕਿਸੇ ਸਮੇਂ ਕਾਲੀ ਚਾਦਰ ਉਹੜਦੇ ਸਨ ਪਰ ਉਹ ਗੱਲ ਹੋਰ ਸੀ ਕਿ ਕਫਨੀ ਹੀ ਉਤਾਰ ਕੇ ਉਸ ਦੀ ਜਗ੍ਹਾ ਹੀ ਹੋਰ ਮੁੱਢਲੀ ਪੁਸ਼ਾਕ ਹੀ ਬਦਲ ਜਾਂਦੀ ਸੀ। ਫਿਰ ਇਕ ਵਾਰ ਗਲੋਂ ਉਤਾਰੀ ਹੋਈ ਕਫ਼ਨੀ ਫਿਰ ਪੈ ਸਕਦੀ ਹੈ। ਇਹ ਗੱਲ ਵੀ ਆਪ ਜੀ ਦੇ ਸਾਹਵੇਂ ਸੀ ਇਸ ਸਮੇਂ ਉਨ੍ਹਾਂ ਦੇ ਸਾਹਵੇਂ ਸੈਦੂ ਦਾ ਉਹ ਦ੍ਰਿਸ਼ ਆਇਆ ਜਦੋਂ ਬਾਬਾ ਅਤਰ ਸਿੰਘ ਜੀ ਨੇ ਬਾਬਾ ਕਰਮ ਸਿੰਘ ਜੀ ਦੀ ਸਮਾਧੀ ਪਰ ਖਲੋ ਕੇ ਕਿਹਾ ਸੀ "ਹੇ ਬਾਬਾ ਕਰਮ ਸਿੰਘ ਤੇਰੇ ਦਰਬਾਰ ਵਿਚ ਖਲੋ ਕੇ ਇਸ ਬੱਚੇ ਨੂੰ ਕਫ਼ਨੀ ਪਵਾਣ ਲੱਗਾ ਹਾਂ ਇਸ ਦੀ ਲਾਜ ਤੂੰ ਹੀ ਰੱਖਣੀ ਹੈ।" ਫਿਰ ਦੋਰਾਹੇ ਬਾਬੂ ਕਿਸ਼ੋਰੀ ਲਾਲ ਭੱਲਾ ਦੇ ਗ੍ਰਹਿ ਵਿਖੇ ਅਖੰਡ ਪਾਠ ਦੀ ਸਮਾਪਤੀ ਦਾ ਦ੍ਰਿਸ਼ ਵੀ ਅਖਾਂ ਸਾਹਵੇਂ ਸੀ ਜਦੋਂ ਭੱਲਾ ਸਾਹਿਬ ਇਕ ਕੀਮਤੀ ਕਸ਼ਮੀਰੀ ਸ਼ਾਲ ਭੇਟ ਕਰਨਾ ਚਾਹੁੰਦੇ ਸਨ। ਤਦ ਬਾਬਾ ਜੀ ਨੇ ਫੁਰਮਾਇਆ ਸੀ।

"ਭਾਈ ਸਮਾਂ ਆ ਰਿਹਾ ਹੈ ਕਿ ਜਦੋਂ ਇਸ ਅਗੇ ਉਪਹਾਰਾਂ ਦੇ ਢੇਰ ਲਗਿਆ ਕਰਨਗੇ। ਉਸ ਸਮੇਂ ਇਸ ਪਰ ਇਹ ਵਰਦੀ ਦੀ ਵੀ ਬੰਦਸ਼ ਨਹੀਂ ਰਹਿ ਜਾਏਗੀ। ਇਹ ਸੁਤੰਤਰ ਹੋਵੇਗਾ ਪੁਸ਼ਾਕ ਵੀ ਮਰਜ਼ੀ ਅਨੁਸਾਰ ਪਹਿਨਣ ਦੇ ਹੱਕ ਇਸ ਨੂੰ ਹੋਣਗੇ, ਪਰ ਅਜੇ ਤਾਂ ਇਹ ਸਾਧਨ ਵਿਚ ਹੈ। ਫਿਰ ਵੀ ਜੋ ਪੂਜਾ ਲੋਕਾਂ ਨੇ ਇਸ ਦੀ ਸਾਡੇ ਪਿਛੋਂ ਕਰਨੀ ਹੈ ਜੇਕਰ ਇਹ ਹੁਣੇ ਹੀ ਅਰੰਭ ਹੋਵੇ ਤਦ ਅਸੀਂ ਰੋਕਦੇ ਨਹੀਂ ਹਾਂ।"

ਸੰਤ ਜੀ ਮਹਾਰਾਜ ਨੇ ਸਾਰੀ ਗੱਲ ਇਕ ਮਨ ਹੋ ਕੇ ਸੋਚੀ, ਨਿਯਮ, ਸਾਧਨ, ਫਿਰ ਵਿਚਾਰਾਂ ਦੀ ਪੁਖਤਾਈ ਤੇ ਖਿਆਲਾਂ ਪਰ ਕੋਈ ਵੀ ਬੁਰਾ ਅਸਰ ਜਾਂ ਫਿਰ ਆਪਣੇ ਤੇ ਹੋਰਨਾਂ ਦੇ ਆਚਰਣ ਪਰ ਅਸਰ ਪਾਣ ਦੀ ਗੱਲ ਤੱਕ ਕੇ ਆਪ ਜੀ ਨੇ ਕਹਿਆ ਸੀ "ਚਲੋ ਜੇਕਰ ਤੁਹਾਡੀ ਇਹੀ ਚਾਹ ਹੈ ਤਦ ਅਸੀਂ ਪ੍ਰੇਮ ਪਿਛੇ ਕਫਨੀ ਦਾ ਨੇਮ ਤੋੜ ਦਿੰਦੇ ਹਾਂ।" ਫਿਰ ਨਾਲ ਹੀ ਹੱਸ ਪਏ। ਜਿਥੇ ਜੀਵਨ ਅੰਦਰ ਹਰ ਗੱਲ ਹੀ ਤਰਕ ਕਰ ਦਿਤੀ ਉਥੇ ਇਹ ਮਾਇਆ ਦਾ ਹੀ ਦੂਸਰਾ ਰੂਪ ਬਾਹਰਲੀ ਵਰਦੀ ਵੀ ਹੈ। ਜੋ ਮਨ ਨੂੰ ਪ੍ਰਭਾਵਿਤ ਕਰਦੀ ਹੈ। ਉਸ ਦਾ ਵੀ ਤਿਆਗ ਕਰ ਦਿਤਾ ਸਮਝੋ।

ਸੋ ਆਪ ਜੀ ਨੇ ਠਾਕੁਰ ਸਿੰਘ ਜੀ ਦੀ ਬਣਵਾਈ ਕਾਲੀ ਐਚਕਨ ਤੇ ਚੂੜੀਦਾਰ ਪਜਾਮਾ ਪਹਿਨ ਕੇ ਹੀ ਫੋਟੋ ਉਤਰਵਾਈ। ਮਾਨੋ ਪਿਛਲੀ ਕਿਰਿਆ ਦਾ ਹੀ ਪਰੀਤਿਆਗ ਹੋ ਗਿਆ ਜੋ ਫਿਰ ਮੁੜ ਕੇ ਸੰਤ ਜੀ ਮਹਾਰਾਜ ਦੀ ਕਿਰਿਆ ਦਾ ਕਦੇ ਵੀ ਅੰਗ ਨਹੀਂ ਬਣਿਆ। ਧੰਨ ਹਨ ਮਹਾਂਪੁਰਖ ਜਿਸ ਨੇ ਪ੍ਰੇਮ ਭੇਟ ਪ੍ਰਵਾਨ ਕਰਨ ਹਿਤ ਫਕੀਰੀ ਦੇ ਇਕ ਅੰਗ ਨੂੰ ਹੀ ਨਛਾਵਰ ਕਰ ਦਿਤਾ ਸੀ। ਫਕੀਰੀ ਨੇ ਸ਼ਾਹਾਂ ਦੀ ਧਾਰਨਾ ਤਾਂ ਧਾਰ ਲਈ ਪਰ ਫਕੀਰੀ ਦਾ ਆਦਰਸ਼ ਤੇ ਆਤਮ ਗਿਆਨ ਦਾ ਮਾਹੌਲ ਸਦਾ ਉਹੀ ਰਿਹਾ।

## ਅੰਮ੍ਰਿਤ ਦੀ ਦਾਤ

ਸੰਤ ਜੀ ਮਹਾਰਾਜ ਦਾ ਹਰ ਦੀਵਾਨ ਦਾ ਅੰਤਮ ਦਿਨ ਅੰਮ੍ਰਿਤ ਪ੍ਰਚਾਰ ਦਾ ਦਿਨ ਹੁੰਦਾ ਸੀ। ਉਹ ਪ੍ਰਾਣੀ ਜੋ ਦੀਵਾਨ ਤੋਂ ਅਸਰ ਕਬੂਲ ਕੇ ਜਿਨ੍ਹਾਂ ਪਰ ਪ੍ਰਚਾਰ ਤੇ ਵਿਚਾਰਾਂ ਦਾ ਅਸਰ ਹੁੰਦਾ ਇਸੇ ਤੋਂ ਹੀ ਦਿਸਦਾ ਸੀ ਕਿ ਉਹ ਨਾਮ ਬਾਣੀ ਨਾਲ ਜੁੜਨ ਤੇ ਫਿਰ ਸਿਖੀ ਅੰਦਰ ਆ ਗੁਰੂ ਜੀ ਨਾਲ ਜੁੜਨ ਦਾ ਸਾਧਨ ਮੁੱਢਲਾ ਹੀ ਇਹ ਹੈ ਇਸ ਅੰਦਰ ਕੋਈ ਵੀ ਜਗਿਆਸੂ ਪਹਿਲਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਕੇ ਗੁਰੂ ਮੰਤਰ ਦਾ ਧਾਰਣੀ ਹੋ ਕੇ ਗੁਰੂ ਵਾਲਾ ਹੋ ਚੁਕਾ ਹੋਵੇ, ਫਿਰ ਹੀ ਮਹਾਂ ਪੁਰਖ ਸਿਮਰਨ ਸਾਧਨ ਦੀ ਕੋਈ ਜੁਗਤ ਦੱਸਦੇ ਸਨ। ਫਿਰ ਜੋ ਸਿੱਖ ਨਹੀਂ ਉਸ ਨੂੰ ਆਪ ਦੂਸਰਾ ਹੀ ਮੰਤਰ ਜੋ ਉਸ ਦੇ ਨਿਸ਼ਚੇ ਅਨੁਸਾਰ ਹੋਵੇ ਉਸ ਦਾ ਹੀ ਜਾਪ ਦੱਸਦੇ ਸਨ।

ਅਫਰੀਕਾ ਦੇ ਦੌਰੇ ਸਮੇਂ ਸੰਤ ਜੀ ਮਹਾਰਾਜ ਦੀ ਜੋ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੀ ਗੱਲ ਸੀ, ਉਹ ਇਹ ਸੀ ਕਿ ਸੰਤ ਜੀ ਮਹਾਰਾਜ ਆਪ ਖੁਦ ਹੀ ਪੰਜ ਪਿਆਰਿਆਂ ਦੇ ਮੁਖੀ ਹੋ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਤੇ ਫਿਰ ਕਰਮ ਵਾਰ ਸਿਘਾਂ ਨੂੰ ਛਕਾਉਂਦੇ ਸਨ। ਇਹ ਗੱਲ ਸੌ ਫੀ ਸਦੀ ਦਰੁਸਤ ਹੈ ਕਿ ਜੋ ਵੀ ਪ੍ਰਾਣੀ ਜਿਸ ਕਿਸਮ ਦੇ ਸਿੰਘ ਤੋਂ ਅੰਮ੍ਰਿਤ ਪਾਨ ਕਰਦਾ ਹੈ ਉਸ ਦੇ ਮਨ ਪਰ ਉਸ ਹੀ ਕਿਸਮ ਦੀ ਮੋਹਰ ਛਾਪ ਵੀ ਲੱਗਦੀ ਹੈ। ਆਮ ਮਨੁੱਖ ਜੋ ਕਿ ਅੰਮ੍ਰਿਤਪਾਨ ਕਰਦਾ ਹੈ ਉਸ ਦੇ ਮਨ ਪਰ ਪੰਜ ਪਿਆਰਿਆਂ ਦੀ ਮੋਹਰ ਛਾਪ ਲੱਗਣੀ ਜ਼ਰੂਰੀ ਹੈ। ਸੋ ਜਿਨ੍ਹਾਂ ਵੀ ਸੱਜਣਾਂ ਨੇ ਅਫਰੀਕਾ ਦੇ ਦੌਰੇ ਸਮੇਂ ਅੰਮ੍ਰਿਤ ਪਾਨ ਕੀਤਾ, ਉਨ੍ਹਾਂ ਵਿਚੋਂ ਕੋਈ ਵੀ ਪਤਿਤ ਸਾਬਤ ਨਹੀਂ ਹੋਇਆ। ਸਗੋਂ ਚੜ੍ਹਦੀਆਂ ਕਲਾਂ ਅੰਦਰ ਰਹੇ ਤੇ ਹੁਣ ਵੀ ਹਨ। ਅਫਰੀਕਾ ਅੰਦਰ ਐਸੇ ਸੈਂਕੜੇ ਹੀ ਸਿੰਘ ਸਨ ਜਿਨ੍ਹਾਂ ਸੰਤ ਮਹਾਰਾਜ ਤੋਂ ਅੰਮ੍ਰਿਤ ਪਾਨ ਕੀਤਾ ਸੀ, ਉਹ ਉਥੇ ਹੀ ਨਹੀਂ ਪਿਛੋਂ ਜਦੋਂ ਉਹ ਅਫਰੀਕਾ ਛੱਡ ਕੇ ਇੰਗਲੈਂਡ ਵੀ ਜਾ ਕੇ ਕਾਰੋਬਾਰ ਕਰਦੇ ਸਨ ਫਿਰ ਵੀ ਉਹ ਤਿਆਰ ਬਰ ਤਿਆਰ ਤੇ ਲੋਕਾਂ ਲਈ ਸਿਖੀ ਦੀ ਮਿਸਾਲ ਹਨ। ਅਫਰੀਕਾ ਅੰਦਰ ਹੀ ਕਈ ਵਿਚਾਰਾਂ ਦੇ ਲੋਕ ਸਨ। ਜੋ ਸੰਤ ਮਹਾਰਾਜ ਦੇ ਵਿਰੋਧੀ ਵੀ ਸਨ। ਕਈ ਫਕੀਰਾਂ ਨੂੰ ਕੁਲੀ, ਜੁਲੀ, ਗੁਲੀ ਤਿੰਨ ਹੀ ਚੀਜ਼ਾਂ ਨਾਲ ਨਿਰਬਾਹ ਕਰਨ ਦੀ ਰਾਏ ਦਿੰਦੇ ਸਨ। ਪਰ ਸੰਤ ਮਹਾਰਾਜ ਖੁਲ੍ਹੇ ਤੌਰ ਪਰ ਇਸ ਰਾਏ ਦੇ ਸਨ ਕਿ ਸਿੰਘ ਨਾਮ ਹੀ ਯੋਗ ਗੱਲ ਹੈ। ਗੁਰੂ ਦੀ ਆਗਿਆ ਹੈ। ਸੰਸਾਰ ਭਰ ਦੇ ਸੁੱਖ ਤੁਹਾਡੇ ਹੀ ਅਰਥ ਹਨ ਪਰ ਇਹ ਗੱਲ ਕਦੇ ਨਹੀਂ ਭੁੱਲਣੀ ਕਿ ਇਹ ਕੇਵਲ ਤੁਹਾਨੂੰ ਸਰੀਰਕ ਨਿਰਬਾਹ ਤੱਕ ਹੀ ਰੱਖਣੇ ਚਾਹੀਦੇ ਹਨ। ਉਹ ਖਾਵੇ ਜੋ ਖਾ ਕੇ ਸਰੀਰ ਬੀਮਾਰ ਤੇ ਲੋਕਾਂ ਲਈ ਉਪਾਧੀ ਪੈਦਾ ਨਾ ਕਰੇ। ਉਹ ਬਸਤਰ ਜੋ ਪਹਿਨ ਕੇ ਸਰੀਰ ਬੀਮਾਰ ਤੇ ਦੁਖੀ ਹੋਵੇ, ਉਹ ਸਿਖੀ ਅੰਦਰ ਵਿਵਰਜਤ ਹੈ। ਬਾਕੀ ਤੁਸੀਂ ਬਾਹਰਲੀ ਕਿਰਿਆ ਤੋਂ ਕਿਸੇ ਮਹਾਨ ਆਤਮਾ ਤੇ ਸਿੱਖ ਦੀ ਪਰਖ ਨਹੀਂ ਕਰ ਸਕਦੇ।

ਸੋ ਆਪ ਜੀ ਸਿੰਘਾਂ ਨੂੰ ਅੰਮ੍ਰਿਤ ਦਾ ਧਾਰਨੀ ਕਰਕੇ ਫਿਰ ਜੀਵਨ ਨੂੰ ਗੁਰੂ ਪਰਾਇਣ ਕਰਕੇ ਜੀਵਨ ਦੀ ਜਾਂਚ ਦੱਸਦੇ ਸਨ। ਇਹੀ ਕਾਰਣ ਸੀ ਕਿ ਸੰਤ ਜੀ ਮਹਾਰਾਜ ਦੀ ਗੰਢ ਜਿਸ ਵੀ ਸੱਜਣ ਨਾਲ ਪਈ ਉਹ ਜੀਵਨ ਪ੍ਰਯੰਤ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਭਾਵੇਂ ਅਫਰੀਕਾ ਰਹਿਣ, ਹਿੰਦ ਆ ਜਾਣ ਜਾਂ ਹੋਰ ਕਿਧਰੇ ਜਾਣ। ਸੰਤ ਈਸ਼ਰ ਸਿੰਘ ਜੀ ਦਾ ਇਹ ਸਿਮਰਨ ਦਾ ਬੂਟਾ ਸਦਾ ਹੀ ਟਹਿਕਦਾ ਰਹਿੰਦਾ ਹੈ। ਮੇਰਾ ਵਿਚਾਰ ਹੈ ਕਿ ਕਰਮਸਰ ਦਬਲਾਨ ਦਾ ਸੰਤ ਆਸ਼ਰਮ ਛੱਡ ਕੋਈ ਹੀ ਕਰਮਵਾਨ ਧਰਤੀ ਹੋਵੇਗੀ ਜਿਥੇ ਸੰਤ ਮਹਾਰਾਜ ਨੇ ਛੇ ਮਹੀਨੇ ਇਕ ਟੱਕ ਹੀ ਇਤਨਾ ਲੰਬਾ ਸਮਾਂ ਨਿਵਾਸ ਤੇ ਕਥਾ ਕੀਰਤਨ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾਇਆ ਹੋਵੇ। ਸੰਤ ਮਹਾਰਾਜ ਨੇ ਪੰਜ ਸੌ ਤੋਂ ਉੱਪਰ ਪ੍ਰਾਣੀਆਂ ਨੂੰ ਗੁਰੂ ਕੇ ਜਹਾਜ਼ ਚੜ੍ਹਾਇਆ ਸੀ।

ਜਿਥੇ ਸੰਤ ਜੀ ਦੇ ਲੋਕ ਸ਼ਰਧਾਲੂ ਸਨ ਉਥੇ ਵਿਰੋਧੀਆਂ ਦੀ ਵੀ ਘਾਟ ਨਹੀਂ ਸੀ। ਇਥੇ ਹੀ ਕਾਫੀ ਕਾਫਰ ਸਨ ਜੋ ਮੂੰਹ ਆਈਆਂ ਹੀ ਅਰਲ ਬਰਲ ਗੱਲਾਂ ਕਰਦੇ ਸਨ। ਕਈ ਤਾਂ ਬਹੁਤ ਹੀ ਅੱਗੇ ਵੱਧ ਤੁਰਦੇ ਹਨ ਪਰ ਸੰਤ ਮਹਾਰਾਜ ਨੇ ਕਦੇ ਕਿਸੇ ਨੂੰ ਬੁਰਾ ਨਹੀਂ ਕਿਹਾ। ਹਾਂ, ਜਦੋਂ ਕੋਈ ਪਸ਼ਚਾਤਾਪ ਕਰਕੇ ਗੁਰੂ ਵਾਲਾ ਬਣਨ ਦੀ ਸੋਚੇ ਤਦ ਆਪ ਨੇ ਕਦੇ ਉਸ ਨੂੰ ਧੱਕਾ ਵੀ ਨਹੀਂ ਦਿਤਾ ਸੀ। ਕਈ ਗੁਨਾਹਗਾਰ ਵੀ ਇਥੇ ਹੀ ਬਖਸ਼ੇ ਗਏ ਸਨ। ਇਕ ਸੱਜਣ ਸੁਦਾਗਰ ਸਿੰਘ ਰੂਮੀ ਸੀ। ਇਹ ਦੁਨੀਆਂ ਦੇ ਅਤਿ ਨੀਵੇਂ ਕਰਮ ਕਰਦਾ ਸੀ। ਕੋਈ ਨਸ਼ਾ ਨਹੀਂ ਸੀ ਜੋ ਇਹ ਨਾ ਕਰਦਾ ਹੋਵੇ, ਮੂੰਹ ਵੀ ਮਾਂਜ ਕੇ ਰੱਖਦਾ ਸੀ। ਇਕ ਵਾਰ ਇਸ ਦਾ ਲੜਕਾ ਬੀਮਾਰ ਹੋਇਆ, ਉਸ ਦੇ ਬਚਣ ਦੀ ਆਸ ਨਹੀਂ ਸੀ ਰਹੀ। ਲੋਕਾਂ ਵਿਚ ਬਾਬੇ ਕਰਮ ਸਿੰਘ ਦੀਆਂ ਬਖਸ਼ਸ਼ਾਂ ਤੇ ਰਹਿਮਤਾਂ ਦੀ ਚਰਚਾ ਸੀ।

ਉਸ ਦੇ ਘਰ ਵਾਲੀ ਨੇ ਸੰਤ ਜੀ ਮਹਾਰਾਜ ਦੀ ਅਰਾਧਨਾ ਕੀਤੀ। ਬੱਚੇ ਨੂੰ ਬੀਮਾਰੀ ਤੋਂ ਮੋੜ ਪਿਆ ਸੀ। ਸ੍ਵਾਸ ਜੋ ਰੁਕੇ ਹੋਏ ਸਨ ਫਿਰ ਚੱਲ ਪਏ। ਇਸ ਦੇ ਘਰ ਵਾਲਾ ਸੁਦਾਗਰ ਸਿੰਘ ਵੀ ਆਇਆ ਤਦ ਇਹ ਦਰਸ਼ਨ ਲਈ ਪੁੱਜੇ। ਸੰਤ ਜੀ ਮਹਾਰਾਜ ਅੰਦਰ ਸਿੰਘਾਊਪਨ ਜਾਗ ਪਿਆ। ਆਪ ਜੀ ਇਸ ਨੂੰ ਜੋ ਬਾਹਰ ਹੀ ਖੜਾ ਸੀ। ਕਿਹਾ –

"ਕਈ ਮਨੁੱਖ ਤਾਂ ਕੇਵਲ ਮਨੁੱਖਾ ਜਨਮ ਹੋਣ ਕਰਕੇ ਹੀ ਮਨੁੱਖ ਹਨ ਵਰਨਾ ਉਨ੍ਹਾਂ ਦੀ ਤੇ ਜਾਨਵਰਾਂ ਦੀ ਕਿਰਿਆ ਕਦੇ ਵੀ ਵੱਖਰੀ ਨਹੀਂ ਹੋਈ, ਕਈ ਗੱਲਾਂ ਅੰਦਰ ਮਨੁੱਖ ਉਨ੍ਹਾਂ ਤੋਂ ਸੌ ਦਰਜੇ ਨੀਵਾਂ ਹੈ। ਸੂਅਰ ਤੇ ਕੁੱਤੇ ਬੁਰੀ ਖੁਰਾਕ ਤੋਂ ਚੰਗੀ ਖੁਰਾਕ ਕੱਢਦੇ ਹਨ ਪਰ ਮਨੁੱਖ ਚੰਗੇ ਅੰਮ੍ਰਿਤ ਮਈ ਪਦਾਰਥ ਖਾ ਕੇ ਉਨ੍ਹਾਂ ਨੂੰ ਖਰਾਬ ਕਰਦੇ ਹਨ ਤੇ ਫਿਰ ਉਸ ਅੰਦਰ ਗੰਦਗੀ ਪੈਦਾ ਕਰਦੇ ਹਨ। ਕੀ ਮਨੁੱਖਾ ਜਨਮ ਕੇਵਲ ਖਾਣ ਪੀਣ ਤੇ ਬਦ ਮਸਤੀਆਂ ਕਰਕੇ ਹੀ ਦਿਨ ਲੰਘਾਉਣ ਹਿਤ ਮਿਲਿਆ ਹੈ? ਅਸਾਂ ਬੀਬੀ ਦੀ ਬੇਨਤੀ ਮੰਨ ਕੇ ਵਾਹਿਗੁਰੂ ਪਾਸੋਂ ਬੱਚੇ ਲਈ ਦੇਹ ਅਰੋਗਤਾ ਮੰਗੀ, ਤੇਰੀ ਸ਼ਕਲ ਤਾਂ ਕੁਝ ਹੋਰ ਹੀ ਮੰਗਦੀ ਹੈ?"

ਇਹ ਪਸ਼ੇਮਾਨ ਹੋਇਆ, ਅੰਮ੍ਰਿਤ ਧਾਰੀ ਬਣਿਆ ਤੇ ਸਦਾ ਲਈ ਆਦਰਸ਼ਕ ਨਮੂਨੇ ਦਾ ਸਿੱਖ ਸਜ ਗਿਆ। ਇਹੀ ਇਕ ਐਸੀ ਕਰਾਮਾਤ ਹੈ ਜੋ ਸੰਤ ਮਹਾਰਾਜ ਤੇ ਹੋਰ ਸਾਧਾਂ ਨੂੰ ਵੱਖ ਦਰਸਾਉਂਦੀ ਹੈ। ਪ੍ਰੇਤ ਨੂੰ ਸਿਧੇ ਕਰਨਾ ਔਖਾ ਨਹੀਂ ਪਰ ਮਨੁੱਖ ਦੇ ਵਿਗੜੇ ਜ਼ਮੀਰ ਨੂੰ ਬਦਲਣਾ ਇਹ ਸੰਤ ਮਹਾਰਾਜ ਦੀ ਵਿਰਸਾ ਸੀ।

ਅਫਰੀਕਾ ਅੰਦਰ ਮੁੰਬਾਸੇ ਹੀ ਪੁੱਜੇ ਸਨ ਫਿਰ ਉਥੋਂ ਹੀ ਆਪ ਨਿਰੋਬੀ ਪੁੱਜੇ ਸਨ ਜਿਥੇ ਕਾਫੀ ਸਮਾਂ ਬਿਸਰਾਮ ਤੇ ਹਰੀ ਕੀਰਤਨ ਦੀ ਛਹਿਬਰ ਲਗਾਈ ਸੀ। ਨਰੋਬੀ ਤੋਂ ਨਕੋਰੇ ਗਏ ਤੇ ਫਿਰ ਇਥੋਂ ਐਲਟੋਰੇਟ ਪਧਾਰੇ ਸਨ। ਐਲਟੋਰੇਟ ਤੋਂ ਕੌਸਮੂ ਗਏ। ਕੌਸਮੂ ਤੋਂ ਜੇਕਾਰਟਨ ਆਏ।

ਹਰ ਜਗ੍ਹਾ ਦੇ ਦੀਵਾਨ ਦਾ ਆਖਰੀ ਦਿਨ ਅੰਮ੍ਰਿਤ ਪ੍ਰਚਾਰ ਦਾ ਹੁੰਦਾ ਸੀ। ਸੈਂਕੜੇ ਹੀ ਗੁਰੂ ਨਾਲੋਂ ਵਿਛੜੀਆਂ ਰੂਹਾਂ ਗੁਰੂ ਨਾਲ ਜੋੜ ਪਾ ਕੇ ਸਦੀਵੀ ਗੁਰੂ ਵਾਲੀਆਂ ਹੋ ਗਈਆਂ ਸਨ। ਅੱਜ ਅਫਰੀਕਾ ਤੋਂ ਆਏ ਸੱਜਣ ਜੋ ਤਿਆਰ ਬਰ ਤਿਆਰ ਤੇ ਸਿਖ ਲਗਨ ਵਾਲੇ ਉਹੀ ਸੱਜਣ ਦਿਸਦੇ ਹਨ ਜਿਨ੍ਹਾਂ ਨੇ ਅਫਰੀਕਾ ਦੇ ਦੌਰੇ ਸਮੇਂ ਕਦੇ ਇਕ ਵਾਰੀ ਵੀ ਮਹਾਂਪੁਰਖਾਂ ਦੇ ਦਰਸ਼ਨ ਕੀਤੇ ਸਨ।

**L L L L L L L**

---

(ਪੰਨਾ 19 ਦੀ ਬਾਕੀ)

ਹਨ ਉਦੋਂ ਕੁਝ ਖਾਸ ਵਿਧੀ ਨਾਲ ਜੇ ਸਾਹ ਲਿਆ ਜਾਵੇ ਤਾਂ ਬਹੁਤ ਲਾਭਕਾਰੀ ਹੁੰਦਾ ਹੈ। ਮਨ ਅਤੇ ਸ੍ਵਾਸ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ ਇਹ ਜੁੜਵਾਂ ਮਿਤਰ ਹਨ।

6. ਸਾਧਨਾ ਦਾ ਸਭ ਤੋਂ ਵੱਡਾ ਮੰਤਵ ਸੁਖਮਨਾ ਨੂੰ ਕ੍ਰਿਆਸ਼ੀਲ ਕਰਨਾ ਹੈ, ਦੂਸਰਾ ਉਸ ਪ੍ਰਭੂ ਬਾਰੇ ਜਾਨਣ ਅਤੇ ਅੰਦਰ ਦੇ ਸੰਸਾਰ ਦੀਆਂ ਪਰਤਾਂ ਨੂੰ ਜਾਨਣ ਨੂੰ ਕੁੰਡਲਨੀ ਜਾਗਰਨ ਕਰਨਾ ਵੀ ਕਿਹਾ ਜਾਂਦਾ ਹੈ ਅਤੇ ਅੰਤ ਵਿਚ ਸਮਾਧੀ ਸਥਿਤ ਹੋਣਾ।

7. ਸਮਾਧੀ ਦਾ ਅਨੁਭਵ ਕਰਨ ਲਈ ਸਾਧਕ ਬ੍ਰਹਮਚਰੀਯ ਰਹਿਣ ਦੀ ਸ਼ਪਤ ਲੈਂਦਾ ਹੈ। ਬ੍ਰਹਮਚਰੀਯਤੋਂ ਭਾਵ ਕਾਮ ਵਾਸ਼ਨਾ ਨੂੰ ਦਬਾਉਣਾ ਨਹੀਂ, ਬ੍ਰਹਮਚਰੀਯ ਤੋਂ ਭਾਵ ਹੈ ਬ੍ਰਹਮ ਵਿਚ ਚੇਤਨ ਰਹਿ ਕੇ ਬ੍ਰਹਮ ਵਿਚ ਹੀ ਵਿਚਰਨਾ। ਬ੍ਰਹਮਾ ਤੋਂ ਭਾਵ ਹੈ ਸ਼ਕਤੀ, ਚਾਰੀਆ ਦਾ ਅਰਥ ਹੈ ਸੋਧਣਾ, ਬ੍ਰਹਮਚਰੀਯ ਆਪਣੀ ਸ਼ਕਤੀ ਨੂੰ ਪ੍ਰਾਪਤ ਕਰਕੇ ਫੇਰ ਸੋਧ ਕੇ ਚੇਤਨਤਾ ਦੇ ਸਿਖਰ ਤੇ ਲੈ ਜਾਂਦਾ ਹੈ, ਬ੍ਰਹਮਚਰੀਯ ਕੇਵਲ ਕਾਮ ਤੇ ਹੀ ਕਾਬੂ ਨਹੀਂ ਪਾਉਂਦਾ, ਮਨ, ਕਥਨੀ ਕ੍ਰਿਆ ਤੇ ਪੂਰਾ ਨਿਅੰਤਰਣ ਰੱਖਣ ਨੂੰ ਹੀ ਬ੍ਰਹਮਚਰੀਯ ਕਿਹਾ ਜਾਂਦਾ ਹੈ, ਸਾਰੀਆਂ ਸ਼ਕਤੀਆਂ ਬ੍ਰਹਮ ਚੇਤਨਤਾ ਦੇ ਪਾਸੇ ਹੀ ਲਗਣੀਆਂ ਚਾਹੀਦੀਆਂ ਹਨ ਤਾਂ ਜੋ ਮਨ ਇਕਾਗਰ ਹੋ ਕੇ ਅੰਤਰਮੁਖੀ ਹੋ ਜਾਵੇ। ਇਸ ਤਰ੍ਹਾਂ ਜਦੋਂ ਮਾਨਸਿਕ ਸ਼ਕਤੀਆਂ ਅੰਤਰਮੁਖੀ ਹੋ ਜਾਂਦੀਆਂ ਹਨ ਆਤਮ ਮਾਰਗ ਦੇ ਜੰਦਰੇ ਖੁਲ੍ਹ ਜਾਂਦੇ ਹਨ ਚੇਤਨਤਾ ਦਾ ਬਿੰਦੂ ਦਿਸਣ ਲਗ ਪੈਂਦਾ ਹੈ।

8. ਅੰਤ ਵਿਚ ਯੋਗੀ ਆਪਣੇ ਅੰਦਰ ਦੇ ਅਨੇਕ ਅਨੁਭਵ ਜਾਣ ਜਾਂਦਾ ਹੈ, ਇਹ ਸਾਰੇ ਅਨੁਭਵ ਬੜੇ ਹੀ ਸੁਹਾਵਣੇ ਹੁੰਦੇ ਹਨ, ਇਹੋ ਜਿਹਾ ਮਹਾਂਪੁਰਖ ਅੰਤ ਵਿਚ ਆਤਮਾ ਵਿਚ ਲੀਨ ਹੋ ਜਾਂਦਾ ਹੈ।

**L L L L L L L**

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ - 51 )*

ਬੈਰਾਗ ਕਿਸ ਨੂੰ ਆਖਿਆ ਜਾਂਦਾ ਹੈ, ਇਹ ਕੀ ਹੁੰਦਾ ਹੈ ? ਕਿਉਂਕਿ ਜਦੋਂ ਤਕ ਬੈਰਾਗ ਨਹੀਂ ਆਉਂਦਾ, ਮਾਇਆ ਦੇ ਕਰੜੇ ਸੰਗਲ ਟੁਟਿਆ ਨਹੀਂ ਕਰਦੇ। ਬੈਰਾਗ ਦੇ ਦੋ ਰੂਪ ਹੁੰਦੇ ਹਨ। ਪਹਿਲੇ ਵਿਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੀ ਪੂਰਨ ਇੱਛਾ ਹੁੰਦੀ ਹੈ, ਚਿਤ ਵਿਚ ਖਿੱਚ ਪਈ ਰਹਿੰਦੀ ਹੈ। ਅੱਖਾਂ ਵਿਚ ਹੰਝੂ ਵਗਦੇ ਹਨ। ਹਰ ਵਕਤ ਮਿਲਾਪ ਦੀ ਭਾਵਨਾ ਪਰਬਲ ਰਹਿੰਦੀ ਹੈ ਜਿਵੇਂ ਕਿ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਦੂਸਰੇ ਹਿੱਸੇ ਵਿਚ ਉਹ ਚੀਜ਼ਾਂ ਜਿਹੜੀਆਂ ਵਾਹਿਗੁਰੂ ਜੀ ਦੀ ਪ੍ਰਾਪਤੀ ਵਿਚ ਵਿਘਨਕਾਰੀ ਹੋਣ, ਉਨ੍ਹਾਂ ਦਾ ਪੂਰਨ ਰੂਪ ਵਿਚ ਤਿਆਗ ਮਨ ਵਿਚ ਪਰਪੱਕ ਹੋਇਆ ਕਰਦਾ ਹੈ। ਸੰਸਾਰ ਵਿਚ ਸੁਖਾਂ ਦੀ ਕੋਈ ਗਿਣਤੀ ਨਹੀਂ ਹੈ, ਸੰਸਾਰ ਵਿਚ ਇਛਾਵਾਂ ਦੀ ਪੂਰਤੀ ਹੋਣ ਕਰਕੇ ਥੋੜ੍ਹੀ ਦੇਰ ਲਈ ਮਨ ਵਿਚ ਸੁੱਖ ਦਾ ਝਲਕਾ ਦਿੰਦੀ ਹੈ ਅਤੇ ਆਦਮੀ ਦੇ ਮਨ ਵਿਚ ਖਿਆਲ ਹੁੰਦੇ ਹਨ ਕਿ ਜੇ ਇਹ ਛਿਨਭੰਗਰ ਵਸਤੂਆਂ ਮੈਨੂੰ ਪ੍ਰਾਪਤ ਹੋ ਜਾਣ ਤਾਂ ਮੈਂ ਸੁਖੀ ਹੋ ਜਾਵਾਂ, ਇਸ ਕਰਕੇ ਉਹ ਅਕਾਰਨ ਹੀ ਤੇਲੀ ਦੇ ਬਲਦ ਵਾਂਗ ਪੈੜ ਵਿਚ ਚਲਦਾ ਕੋਲੂ ਖਿੱਚਣ ਵਿਚ ਹੀ ਜੁਟਿਆ ਰਹਿੰਦਾ ਹੈ, ਸੁਖ ਇਹ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ। ਭਰਥਰੀ ਜੀ ਕਹਿੰਦੇ ਹਨ ਜਿਉਂ-ਜਿਉਂ ਅਸੀਂ ਭੋਗਾਂ ਨੂੰ ਭੋਗਦੇ ਹਾਂ, ਉਹ ਪਰਤ ਕੇ ਬੰਦੇ ਨੂੰ ਭੋਗਣੇ ਸ਼ੁਰੂ ਕਰ ਦਿੰਦੇ ਹਨ। ਆਦਮੀ ਭੋਗਾਂ ਵਿਚ ਰਚਿਆ ਹੋਇਆ ਭੋਗਾਂ ਦੇ ਅਸਰ ਨਾਲ ਗਲ ਜਾਇਆ ਕਰਦਾ ਹੈ ਜਿਵੇਂ ਕਿ-

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥*** ***ਪੰਨਾ - 932***

ਕਾਮ ਭੋਗ ਪਹਿਲਾਂ ਖਿਚ ਵਾਲੇ ਪ੍ਰਤੀਤ ਦਿੰਦੇ ਹਨ ਪਰ ਜਿਉਂ-ਜਿਉਂ ਆਦਮੀ ਇਸ ਵਿਚ ਰਚਦਾ ਜਾਂਦਾ ਹੈ ਤਿਉਂ-ਤਿਉਂ ਇਨ੍ਹਾਂ ਦੀ ਸੀਮਾ ਅੱਗੇ ਹੀ ਅੱਗੇ ਵਧਦੀ ਜਾਂਦੀ ਹੈ। ਮਾਨਸਿਕ ਭੁੱਖ ਕਦੇ ਨਹੀਂ ਉਤਰਦੀ, ਚਾਹੇ ਉਹ ਭੋਗ ਸਰੀਰਕ ਹੋਣ, ਚਾਹੇ ਮਾਨਸਿਕ ਹੋਣ, ਚਾਹੇ ਕਾਮ ਭੋਗ ਹੋਣ, ਚਾਹੇ ਉਹ ਕੰਨਾਂ ਨਾਲ ਸੁਣਨ ਵਾਲੇ ਕਾਮੁਕ ਗੀਤਾਂ ਦੇ ਰੂਪ ਵਿਚ ਭੋਗ ਹੋਣ। ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ-

***ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥***
***ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥***
***ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥***
***ਪੰਨਾ - 15***

ਸੋ ਇਨ੍ਹਾਂ ਭੋਗਾਂ ਦੀ ਵਾਸ਼ਨਾ ਅਤੇ ਭੋਗਾਂ ਦੇ ਰਸ ਸਰੀਰ ਦੇ ਕਣ-ਕਣ ਵਿਚ ਸਮਾਅ ਜਾਂਦੇ ਹਨ। ਭਾਵੇਂ ਸਾਰੇ ਭੋਗ ਪ੍ਰਭੂ ਪਿਆਰ ਤੋਂ ਵਿਮੁਖ ਕਰਦੇ ਹਨ ਪਰ ਫੇਰ ਵੀ ਇਹ ਭੁੱਲਿਆ ਹੋਇਆ ਬੰਦਾ ਇਨ੍ਹਾਂ ਭੋਗਾਂ ਵਿਚ ਬਾਰ-ਬਾਰ ਪਰਚਦਾ ਹੈ। ਕੁੱਤੇ ਨੂੰ ਨਹੀਂ ਪਤਾ ਹੁੰਦਾ ਕਿ ਹੱਡੀ ਚੱਬਣ ਸਮੇਂ ਮੈਨੂੰ ਕਿਥੋਂ ਰਸ ਆ ਰਿਹਾ ਹੈ। ਉਹ ਹੱਡੀ ਨੂੰ ਚੱਬਦਾ ਰਹਿੰਦਾ ਹੈ। ਉਸ ਨੂੰ ਨਹੀਂ ਪਤਾ ਜੋ ਮੈਨੂੰ ਰਸ ਆ ਰਿਹਾ ਹੈ ਉਹ ਉਸ ਦੇ ਹੀ ਜਬਾੜਿਆਂ ਵਿਚੋਂ ਨਿਕਲੇ ਹੋਏ ਖੂਨ ਦਾ ਆ ਰਿਹਾ ਹੈ ਉਹ ਸਮਝਦਾ ਹੈ ਕਿ ਮੈਨੂੰ ਹੱਡੀ ਵਿਚੋਂ ਸੁਆਦ ਆ ਰਿਹਾ ਹੈ। ਇਸੇ ਤਰ੍ਹਾਂ ਨਾਲ ਭੋਗਾਂ ਵਿਚ ਗੁਲਤਾਨ ਹੋਏ ਜੀਵ ਨੂੰ ਨਹੀਂ ਪਤਾ ਹੁੰਦਾ ਕਿ ਇਹ ਸਾਰੇ ਭੋਗ ਮੈਨੂੰ ਹੀ ਭੋਗ ਰਹੇ ਹਨ ਅਤੇ ਮੈਨੂੰ ਕਮਜ਼ੋਰ ਕਰ ਰਹੇ ਹਨ, ਕਾਇਆ ਨੂੰ ਖਰਾਬ ਕਰ ਰਹੇ ਹਨ। ਇਸ ਤੋਂ ਵੀ ਵੱਧ ਜੋ ਆਪਣੇ ਸਰੂਪ ਨੂੰ ਪਛਾਨਣ ਵਾਸਤੇ ਮਾਨਸ ਜਨਮ ਧਾਰਨ ਕਰਿਆ ਹੈ, ਉਹ ਭੋਗਾਂ ਵਿਚ ਰਚਿਆ ਹੋਣ ਕਰਕੇ ਬਿਰਥਾ ਹੀ ਲੰਘਦਾ ਜਾ ਰਿਹਾ ਹੈ। ਜਿਵੇਂ ਪਹਿਲਾਂ ਵੀ ਦਸਿਆ ਸੀ ਕਿ ਸ੍ਰੀ ਰਾਮ ਚੰਦਰ ਦੇ ਦਰਬਾਰ ਵਿਚ ਕਥਾ ਹੋ ਰਹੀ ਸੀ। ਵਸ਼ਿਸ਼ਟ ਜੀ ਕਥਾ ਕਰ ਰਹੇ ਸਨ। ਅਚਾਨਕ ਸ੍ਰੀ ਰਾਮ ਚੰਦਰ ਜੀ ਜਦੋਂ ਤਾੜੀ ਮਾਰ ਕੇ ਹੱਸ ਪਏ ਤਾਂ ਵਸ਼ਿਸ਼ਟ ਜੀ ਨੇ ਆਪ ਦੇ ਹੱਸਣ ਦਾ ਕਾਰਨ ਪੁਛਿਆ। ਤਾਂ ਸ੍ਰੀ ਰਾਮ ਚੰਦਰ ਜੀ ਨੇ ਦਸਿਆ ਕਿ ਮੈਂ ਇਸ ਕੀੜੇ ਨੂੰ ਦੇਖ ਕੇ ਹਸ ਰਿਹਾ ਹਾਂ। ਜਦੋਂ ਵਸਿਸ਼ਟ ਜੀ ਨੇ ਅਸਲੀ ਭਾਵ ਪੁਛਿਆ ਤਾਂ ਸ੍ਰੀ ਰਾਮ ਚੰਦਰ ਜੀ ਨੇ ਦਸਿਆ ਕਿ ਇਸ ਕੀੜੇ ਦੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ ਅਤੇ ਇਹ ਕੰਧ ਉਤੇ ਚੜਦਾ ਹੈ ਤੇ ਫੇਰ ਗਿਰ ਜਾਂਦਾ ਹੈ ਪਰ ਇਸ ਦੇ ਮਨ ਵਿਚ ਪ੍ਰਬਲ ਵਾਸ਼ਨਾ ਸਮਾਈ ਹੋਈ ਹੈ ਕਿ ਮੈਂ ਇਹ 84 ਲੱਖ ਜੂਨਾਂ ਦਾ ਗੇੜਾ ਪੂਰਾ ਕਰਕੇ ਮਾਨਸ ਜਨਮ ਪ੍ਰਾਪਤ ਕਰਕੇ ਵਿਧੀ ਪੂਰਵਕ ਯੱਗ ਕਰਕੇ ਕਰੋੜਾਂ ਸਾਲ ਫੇਰ ਇੰਦਰ ਲੋਕ ਵਿਚ ਸੁਖ ਭੋਗਾਂਗਾ। ਕਹਿਣ ਲੱਗੇ ਕਿ ਇਸ ਜੀਵ ਉਪਰ ਕਿੰਨਾਂ ਭੋਗਾਂ ਦਾ ਅਸਰ ਹੁੰਦਾ ਹੈ ਅਤੇ ਇਹ ਨਖਿੱਧ ਜੂਨੀਆਂ ਵਿਚ ਪਿਆ ਹੋਇਆ ਵੀ ਆਪਣੀ ਸਿਮ੍ਰਤੀ ਭੋਗਾਂ ਦੇ ਰਸਾਂ ਦੀ ਯਾਦ ਵਿਚ ਲਾ ਰਿਹਾ ਹੈ ਅਤੇ ਇਸ ਮੂਰਖ ਨੂੰ ਇਹ ਪਤਾ ਨਹੀਂ ਕਿ ਆਪਣੇ ਸਰੂਪ ਦੀ ਪਹਿਚਾਣ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਕਰਾਂ।

ਭੋਗਾਂ ਦੀ ਲਾਲਸਾ ਇਥੇ ਹੀ ਖਤਮ ਨਹੀਂ ਹੁੰਦੀ। ਜੀਵ ਮਾਨਸ ਸਰੀਰ ਛੱਡ ਦਿੰਦਾ ਹੈ। ਪਰਲੋਕ ਵਿਚ ਜਦੋਂ ਆਪਣੇ ਕਰਮ ਭੋਗਣ ਲਈ, ਦੂਤਾਂ ਦੇ ਵਸ ਆਇਆ ਹੋਇਆ ਮੰਦੇ ਕਰਮਾਂ ਦੇ ਫਲ ਵਜੋਂ ਦੁਖ ਸਹਾਰਦਾ ਹੋਇਆ ਦਰਗਾਹ ਵਿਚ ਜਾਂਦਾ ਹੈ। ਉਸ ਨੂੰ ਆਪਣੇ ਜੀਵਨ ਕਾਲ ਵਿਚ ਕੀਤੇ ਹੋਏ ਪੁੰਨ ਕਰਮ ਯਾਦ ਆਉਂਦੇ ਹਨ। ਉਨ੍ਹਾਂ ਪੁੰਨਾਂ ਦਾ ਬਦਲਾ ਚਾਹੁੰਦਾ ਹੈ। ਕਿਸੇ ਨੂੰ ਗੰਧਰਭ ਲੋਕ ਦੀ ਪ੍ਰਾਪਤੀ ਹੋ ਜਾਂਦੀ ਹੈ। ਉਥੇ ਮਾਤ ਲੋਕ ਦੇ ਰਾਜੇ ਨਾਲੋਂ ਸੌ ਗੁਣ ਜ਼ਿਆਦਾ ਸੁਖ ਹੋਇਆ ਕਰਦਾ ਹੈ। ਕਿਸੇ ਨੂੰ ਪਿਤਰ ਲੋਕ ਦੀ ਪ੍ਰਾਪਤੀ ਹੋ

ਜਾਂਦੀ ਹੈ, ਕੋਈ ਸਰਵਗ ਲੋਕ, ਇੰਦਰ ਲੋਕ, ਪ੍ਰਜਾਪਤ ਲੋਕ, ਅਜਾਨ ਦੇਵ ਲੋਕ, ਕਰਮ ਦੇਵ ਲੋਕ ਵਿਚ ਉਚੇ ਸੁਖਾਂ ਦੀ ਭਾਵਨਾ ਨਾਲ ਪਹੁੰਚਦਾ ਹੈ। ਕੋਈ ਲੱਖਾਂ ਸਾਲ ਬ੍ਰਹਮ ਲੋਕ ਦੇ ਸੁਖਾਂ ਦੀ ਲਾਲਸਾ ਨਾਲ ਉਸ ਲੋਕ ਵਿਚ ਪਹੁੰਚਦਾ ਹੈ। ਇਨ੍ਹਾਂ ਭੋਗਾਂ ਦੀ ਇਛਿਆ ਰੱਖਣ ਵਾਲਾ ਜੀਵ ਬੈਰਾਗੀ ਨਹੀਂ ਹੋਇਆ ਕਰਦਾ। ਬੈਰਾਗ ਉਸ ਨੂੰ ਆਖਦੇ ਹਨ ਜਿਹੜਾ ਇਨ੍ਹਾਂ ਸਾਰੇ ਸੁਖਾਂ ਨੂੰ ਤਿਆਗੇ ਅਤੇ ਕਿਸੇ ਭੀ ਭੋਗ ਦੀ ਮਨ ਵਿਚ ਵਾਸ਼ਨਾ ਨਾ ਰਹਿਣ ਦੇਵੇ, ਉਸ ਨੂੰ ਬੈਰਾਗ ਕਿਹਾ ਜਾਂਦਾ ਹੈ ਜਿਵੇਂ ਕਿ ਮਹਾਂਪੁਰਸ਼ਾਂ ਦਾ ਫੁਰਮਾਨ ਹੈ -

***ਬ੍ਰਹਮ ਲੋਕ ਲੌਂ ਭੋਗ ਜੋ ਚਹੈ ਸਬਨ ਕੋ ਤਿਆਗ॥***
***ਵੇਦ ਅਰਥ ਗਿਆਤਾ ਮੁਨੀ ਕਹਤ ਤਾਹਿ ਵੀਰਾਗ॥***

ਬ੍ਰਹਮ ਲੋਕ ਤੋਂ ਲੈ ਕੇ ਜਿੰਨੇ ਭੀ ਸੰਸਾਰ ਦੇ ਵਿਚ ਭੋਗ ਹਨ ਉਨ੍ਹਾਂ ਸਾਰਿਆਂ ਹੀ ਭੋਗਾਂ ਨੂੰ ਪੂਰਨ ਰੂਪ ਵਿਚ ਜਿਹੜਾ ਤਿਆਗਣ ਦੇ ਲਈ ਤਿਆਰ ਹੋ ਜਾਂਦਾ ਹੈ, ਉਸ ਨੂੰ ਵੇਦਾਂ ਦੇ ਅਰਥ ਭਾਵ ਨੂੰ ਜਾਨਣ ਵਾਲਾ ਮੁਨੀ ਪੁਰਸ਼ ਵਿਰਾਗੀ ਆਖਦਾ ਹੈ ਅਰਥਾਤ ਇਸੇ ਦਾ ਨਾਮ ਬੈਰਾਗ ਹੈ।

ਸੋ ਭਾਈ ਤਿਲੋਕਾ ਜੀ ਦੇ ਸਰੀਰ ਛੱਡਣ ਪਿਛੋਂ ਰਾਜਕੁਮਾਰੀ ਦੇ ਹਿਰਦੇ ਵਿਚ ਬਹੁਤ ਹੀ ਗਹਿਰੀ ਚੋਟ ਆਈ ਜਿਸ ਨੂੰ ਨਾ ਤਾਂ ਉਹ ਮੂੰਹੋਂ ਆਖ ਕੇ ਪ੍ਰਗਟ ਕਰ ਸਕਦੀ ਹੈ, ਨਾ ਹੀ ਕਿਸੇ ਹੋਰ ਹਾਵ ਭਾਵ ਨਾਲ ਪ੍ਰਗਟ ਕਰ ਸਕਦੀ ਹੈ। ਉਹ ਸੱਟ ਇਸ ਤਰ੍ਹਾਂ ਦੀ ਹੈ ਜਿਵੇਂ ਕਿਸੇ ਨੇ ਬਾਣ ਮਾਰ ਕੇ ਹਿਰਦਾ ਵਿੰਨ ਦਿਤਾ ਹੋਵੇ। ਜਿਸ ਤਰ੍ਹਾਂ ਕਿ ਸੰਕੇਤ ਆਉਂਦਾ ਹੈ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***
***ਪੰਨਾ - 1374***

ਸੋ ਉਸਦੇ ਹਿਰਦੇ ਵਿਚ ਛੇਕ ਪੈ ਗਿਆ ਉਸ ਨੂੰ ਨਾ ਚੰਗੇ ਕਪੜੇ ਲੁਭਾਉਂਦੇ ਹਨ, ਨਾ ਸੋਹਣੇ ਘੋੜਿਆਂ ਦੀ ਸਵਾਰੀ ਮਨ ਨੂੰ ਖਿੱਚ ਪਾਉਂਦੀ ਹੈ, ਨਾ ਉਹ ਆਪਣੀਆਂ ਸਹੇਲੀਆਂ ਨੂੰ ਲੈ ਕੇ ਕਿਸ਼ਤੀਆਂ ਤੇ ਬੈਠ ਕੇ ਦਰਿਆ ਦੀਆਂ ਤਰੰਗਾਂ ਨਾਲ ਕਲੋਲ ਬਾਜੀਆਂ ਕਰਨ ਦਾ ਉਤਸ਼ਾਹ ਰਖਦੀ ਹੈ, ਨਾ ਹੀ ਸ਼ਿਕਾਰ ਨੂੰ ਜਾਂਦੀ ਹੈ, ਨਾ ਹੀ ਉਹ ਖਾਣ ਪੀਣ ਦੀ ਰੁਚੀ ਰਖਦੀ ਹੈ। ਜੋ ਮਾਂ ਬਾਪ ਪਿਆਰ ਨਾਲ ਦਿੰਦੇ ਹਨ, ਉਸ ਵਿਚੋਂ ਥੋੜ੍ਹਾ ਅੰਗੀਕਾਰ ਕਰ ਲੈਂਦੀ ਹੈ ਉਹ ਵੀ ਤਾਂ ਕਿ ਮਾਂ ਬਾਪ ਨੂੰ ਦੁਖ ਨਾ ਹੋਵੇ। ਮਾਂ ਬਾਪ ਨੂੰ ਉਸ ਦੇ ਬ੍ਰਿਹੋਂ ਦਾ ਪਤਾ ਹੈ ਉਹ ਪੂਰਾ ਯਤਨ ਕਰਦੇ ਹਨ ਕਿ ਰਾਜਕੁਮਾਰੀ ਪਹਿਲਾਂ ਦੀ ਤਰ੍ਹਾਂ ਹੋ ਜਾਵੇ। ਜਿਵੇਂ ਪਹਿਲਾਂ ਇਹ ਘੋੜਿਆਂ ਤੇ ਚੜ੍ਹ ਕੇ ਜੰਗਲੀ ਜਾਨਵਰਾਂ ਨਾਲ ਝੜੱਪਾ ਲੈਂਦੀ ਸੀ। ਉਸ ਦੇ ਮਨ ਵਿਚ 24 ਘੰਟੇ ਭਾਈ ਤਿਲੋਕਾ ਜੀ ਦੀ ਮੂਰਤੀ ਸਮਾਈ ਰਹਿੰਦੀ ਹੈ ਅਤੇ ਉਸ ਦੇ ਬਚਨ ਕਿ ਜੇ ਤੂੰ ਮੈਨੂੰ ਮਿਲਣਾ ਹੈ ਤਾਂ ਮੈਂ ਤੈਨੂੰ ਰਸਤੇ ਪਾ ਦਿੰਦਾ ਹਾਂ। ਤੂੰ ਗੁਰੂ ਨਾਨਕ ਪਾਤਸ਼ਾਹ ਵਲੋਂ ਦਸੇ ਸ੍ਰੇਸ਼ਟ ਮੰਤਰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦੀ ਰਿਹਾ ਕਰ। ਇਸ ਤਰ੍ਹਾਂ ਦੇ ਨਾਲ ਜੋ ਵਿਥ ਜਨਮਾਂ ਜਨਮਾਂ ਦੇ ਸੰਸਕਾਰਾਂ ਨਾਲ ਵਾਹਿਗੁਰੂ ਜੀ ਨਾਲੋਂ ਪੈ ਚੁਕੀ ਹੈ ਉਹ ਘਟਦੀ ਜਾਵੇਗੀ। ਯਾਦ ਦੇ ਪੁਲ ਨਾਲ ਮਾਇਆ ਦੀ ਜੋ ਡੂੰਘੀ ਖਾਈ ਹੈ ਉਥੇ ਪੁਲ ਬਣ ਜਾਵੇਗਾ, ਫੇਰ ਨਾਮ ਮੰਡਲ ਤਕ ਸਹਿਜੇ ਹੀ ਤੂੰ ਪਹੁੰਚ ਜਾਵੇਂਗੀ। ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਪੂਰਨ ਪ੍ਰਮੇਸ਼ਰ ਹਨ ਉਹ ਜੀਵਾਂ ਦੇ ਉਧਾਰ ਲਈ ਕਲਜੁਗ ਵਿਚ ਵਿਚਰ ਰਹੇ ਹਨ। ਕਈ ਵਾਰੀ ਕਹਿਣਾ ਕਿ ਮੇਰੇ ਸਤਿਗੁਰੂ ਜੀ ਤੇਰੇ ਪਾਸ ਜ਼ਰੂਰ ਹੀ ਆਉਣਗੇ। ਮੈਂ ਤਾਂ ਇਕ ਕਿਣਕਾ ਹੀ ਉਨ੍ਹਾਂ ਤੋਂ ਪਿਆਰ ਦਾ ਲਿਆ ਹੈ ਜਿਸ ਕਰਕੇ ਤੈਨੂੰ ਮੇਰੇ ਨਾਲ ਪਿਆਰ ਹੋ ਗਿਆ। ਉਹ ਤਾਂ ਪਿਆਰ ਦਾ ਸਰੂਪ ਹੀ ਹਨ ਅਤੇ ਉਹ ਸਾਰੇ ਸੰਸਾਰ ਵਿਚ ਨਿਰਗੁਣ ਹੋ ਕੇ ਸੰਸਾਰ ਨੂੰ ਪਿਆਰਦੇ, ਸੰਭਾਲਦੇ ਹਨ ਅਤੇ ਸਰਗੁਣ ਸਰੂਪ ਵਿਚ ਜਿਵੇਂ ਤੂੰ ਤੇ ਮੈਂ ਹਾਂ ਇਸ ਸਰੂਪ ਵਿਚ ਉਹ ਪਿਆਰ ਕਰਦੇ ਹਨ ਅਤੇ ਵਿਛੜਿਆਂ ਹੋਇਆਂ ਨੂੰ ਉਨ੍ਹਾਂ ਦੇ ਪ੍ਰੀਤਮ (ਆਪਣੇ ਨਿਰਗੁਨ ਸਰੂਪ) ਨਾਲ ਮਿਲਾ ਦਿੰਦੇ ਹਨ। ਤੂੰ ਮਨ ਵਿਚ ਆਸ ਰੱਖੀਂ, ਉਹ ਜ਼ਰੂਰ ਹੀ ਤੇਰੇ ਪਾਸ ਆਉਣਗੇ ਪਰ ਤੈਨੂੰ ਜਿਵੇਂ ਦਸਿਆ ਹੈ ਕਿ ਉਨ੍ਹਾਂ ਦੇ ਦਸੇ ਮੰਤਰ ਦਾ ਜਾਪ ਕਰਦੀ ਰਹੀ, ਕਦੇ ਇਸ ਵਾਹਿਗੁਰੂ-ਵਾਹਿਗੁਰੂ ਨੂੰ ਜਪਣ ਵਲੋਂ ਭੁੱਲ ਵਿਚ ਨਾ ਆਈਂ ਫੇਰ ਉਹ ਜ਼ਰੂਰ ਹੀ ਤੇਰੇ ਪਾਸ ਆਉਣਗੇ ਅਤੇ ਤੈਨੂੰ ਆਪਣੇ ਆਤਮ ਸਰੂਪ ਦਾ ਪੂਰਨ ਗਿਆਨ ਬਖਸ਼ਣਗੇ। ਉਸ ਲੋਕ ਵਿਚ ਪਹੁੰਚਾ ਦੇਣਗੇ ਜਿਥੇ ਕਦੇ ਜੰਮਣਾ ਮਰਨਾ ਨਹੀਂ ਹੁੰਦਾ ਅਤੇ ਸਦੀਵੀ ਜੀਵਨ ਪ੍ਰਾਪਤ ਹੋ ਜਾਂਦਾ ਹੈ ਪਰ ਰਾਜਕੁਮਾਰੀ! ਇਕ ਗੱਲ ਦਾ ਤੂੰ ਧਿਆਨ ਰੱਖੀਂ ਜੇ ਤੂੰ ਉਸ ਪਰਮ ਲੋਕ ਵਿਚ ਪਹੁੰਚਣਾ ਹੈ ਤਾਂ ਤੈਨੂੰ ਆਪਣੀ ਹੋਂਦ ਮਿਟਾਉਣੀ ਪਵੇਗੀ। ਤੇਰੀ ਹੋਂਦ ਹੀ ਤੇਰੇ ਅਤੇ ਮੇਰੇ ਵਿਚ ਫਰਕ ਪਾ ਰਹੀ ਹੈ। ਇਸ ਹੋਂਦ ਨੂੰ ਮੇਰੇ ਸਤਿਗੁਰੂ ਜੀ ਹਉਮੈ ਆਖਦੇ ਹਨ। ਇਸ ਹਉਮੈ ਨੇ ਹੀ ਜੀਵ ਨੂੰ ਹਨ੍ਹੇਰੇ ਵਿਚ ਸੁੱਟ ਦਿਤਾ ਹੈ। ਸੋ ਇਹ ਬਚਨ ਰਾਜਕੁਮਾਰੀ ਨੂੰ ਮੁੜ-ਮੁੜ ਕੇ ਯਾਦ ਆ ਰਹੇ ਹਨ ਅਤੇ ਸੁਤੇ ਸਿੱਧ ਉਸ ਦੇ ਬੁਲ੍ਹ ਹਿਲਦੇ ਹਨ ਅਤੇ ਵਾਹਿਗੁਰੂ ਸ਼ਬਦ ਦਾ ਜਾਪ ਐਉਂ ਹੋਣਾ ਸ਼ੁਰੂ ਹੋ ਗਿਆ ਜਿਵੇਂ ਕਿ ਸੁਤੇ ਸਿਧ ਹੀ Artizen well (ਆਪੇ ਪਾਣੀ ਦੇਣ ਵਾਲੇ ਖੂਹ) ਵਿਚੋਂ ਆਪੇ ਪਾਣੀ ਨਿਕਲ ਰਿਹਾ ਹੋਵੇ ਅਤੇ ਉਸ ਦੇ ਬੁਲ੍ਹ ਸਦਾ ਹੀ ਹਿਲਦੇ ਰਹਿੰਦੇ ਸਨ। ਉਸ ਨੂੰ ਕਿਸੇ ਮਾਲਾ ਦੀ ਲੋੜ ਨਹੀਂ ਅਤੇ ਉਸ ਨੂੰ ਇਹ ਵੀ ਕਹਿਣ ਦੀ ਲੋੜ ਨਹੀਂ ਸੀ ਕਿ ਤੂੰ ਢਾਈ ਘੰਟੇ ਰੋਜ਼ ਵਾਹਿਗੁਰੂ-ਵਾਹਿਗੁਰੂ ਕਹਿ ਕੇ ਮਾਲਾ ਫੇਰਿਆ ਕਰ। ਇਸ ਦੇ ਪੂਰਬ ਜਨਮ ਦੇ ਕਰਮ ਅੰਕੁਰ ਪ੍ਰਗਟ ਹੋ ਕੇ ਤੱਤ ਬੇਤੇ ਮਹਾਂਪੁਰਸ਼ ਨਾਲ ਮਿਲਾਪ ਹੋ ਗਿਆ ਅਤੇ ਕਾਇਆ ਕਲਪ ਹੋ ਗਈ। ਰਾਜਕੁਮਾਰੀ ਨੇ ਪਿਛਲੇ ਜਨਮ ਪ੍ਰਭੂ ਦਰਸ਼ਨ ਦੀ ਤਾਂਘ ਵਿਚ ਬਤੀਤ ਕੀਤੇ ਹੋਏ ਸਨ। ਪਰ ਕੋਈ ਤੱਤ ਬੇਤਾ ਮਹਾਪੁਰਸ਼ ਨਹੀਂ ਸੀ ਮਿਲਿਆ ਜੋ ਉਸ ਨੂੰ ਗਿਆਨ ਕਰਾ ਦਿੰਦਾ। ਸਾਧਨ ਇਸ ਦੇ ਕੀਤੇ ਹੋਏ ਸਨ। ਜਿਵੇਂ ਮਹਾਂਪੁਰਸ਼ ਦੇ ਸਿਧਾਂਤ ਅਨੁਸਾਰ ਜੋ ਸਾਧਨ ਕਰਦਾ ਹੋਇਆ ਸਰੀਰ ਛੱਡ ਦੇਵੇ ਉਸ ਦੀ ਉਸੇ ਤਰ੍ਹਾਂ ਦੀ ਗਤੀ ਹੋਇਆ ਕਰਦੀ ਹੈ। ਪਹਿਲਾਂ ਉਹ ਬ੍ਰਹਮ ਲੋਕ ਦੇ ਸੁਖਾਂ ਨੂੰ ਭੋਗਦਾ ਹੈ ਫੇਰ ਉਹ ਪਿਛਲੀ ਕੀਤੀ ਹੋਈ ਨਾਮ ਦੀ ਕਮਾਈ ਨੂੰ ਨਾਲ ਲੈ ਕੇ ਮਾਨਸ ਸਰੀਰ ਧਾਰਦਾ ਹੈ ਅਤੇ ਕਮਾਈ ਦੇ ਬਲ ਕਰਕੇ ਨਾਮ ਜਪਦਾ ਹੈ। ਫੇਰ ਉਸ ਦੇ ਚੰਗੇ ਭਾਗ ਹੋਣ ਕਰਕੇ ਤੱਤ ਬੇਤੇ ਮਹਾਂਪੁਰਸ਼ ਦਾ ਮਿਲਾਪ ਹੋ ਜਾਇਆ ਕਰਦਾ ਹੈ ਜਿਸ ਦੇ ਮਿਲਾਪ ਨਾਲ ਮਨ ਵਿਚ ਪਿਆ ਹਨ੍ਹੇਰਾ ਪੂਰਨ ਰੂਪ ਵਿਚ ਖਤਮ ਹੋ ਜਾਂਦਾ ਹੈ। ਗਿਆਨ ਹੋਣ ਨਾਲ ਉਸ

ਨੂੰ ਜਾਗ ਆ ਜਾਂਦੀ ਹੈ ਅਤੇ ਦ੍ਵੈਤ ਖਤਮ ਕਰਕੇ ਇਕੋ ਸਰੂਪ ਨੂੰ ਪ੍ਰਤੱਖ ਦੇਖ ਕੇ ਸਾਰੇ ਦੁਖਾਂ ਤੋਂ ਬਰੀ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ – 204***

ਗਿਆਨ ਗੱਲਾਂ ਨਾਲ ਕਦੇ ਵੀ ਨਹੀਂ ਹੋਇਆ ਕਰਦਾ ਅਤੇ ਨਾ ਹੀ ਗੱਲਾਂ ਦਾ ਗਿਆਨ ਪ੍ਰਤੱਖ ਗਿਆਨ ਹੋਇਆ ਕਰਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥***
***ਪੰਨਾ – 465***

ਗੱਲਾਂ ਵਾਲੇ ਗਿਆਨ ਪ੍ਰਾਪਤ ਕਰਨ ਵਾਲੇ ਜਗਿਆਸੂ ਨੂੰ ਇਹ ਦਸਿਆ ਜਾਂਦਾ ਹੈ ਕਿ ਤੂੰ ਇਹ ਸਮਝ ਕਿ ਮੈਂ ਆਤਮਾ ਹਾਂ, ਮੈਂ ਸਰੀਰ ਨਹੀਂ ਹਾਂ, ਮੈਂ ਗਿਆਨ ਇੰਦ੍ਰੀਆਂ ਨਹੀਂ ਹਾਂ, ਮੈਂ ਪੰਜ ਪ੍ਰਾਣ ਨਹੀਂ ਹਾਂ, ਮੈਂ ਬੁੱਧੀ ਨਹੀਂ ਹਾਂ, ਮੈਂ ਚਿੱਤ ਨਹੀਂ ਹਾਂ, ਮੈਂ ਹੰਗਤਾ ਤੇ ਮਮਤਾ ਦਾ ਵੇੜ੍ਹਿਆ ਜੀਵ ਨਹੀਂ ਹਾਂ। ਮੈਂ ਸੁਧ ਆਤਮਾ ਹਾਂ, ਮੈਂ ਜੰਮਦਾ ਮਰਦਾ ਨਹੀਂ, ਸਦਾ ਪਰਮ ਸੁਖੀ ਹਾਂ, ਮੈਨੂੰ ਕਦੇ ਵਿਛੋੜਾ ਨਹੀਂ ਹੁੰਦਾ, ਮੈਂ ਸਦਾ-ਸਦਾ, ਨਿਤ ਪ੍ਰਾਪਤ ਹਾਂ। ਇਹ ਇਕ ਮੁਹਾਰਨੀ ਹੈ ਜੋ ਗਿਆਨ ਪ੍ਰਾਪਤ ਕਰਨ ਵਾਲੇ ਸਦਾ ਹੀ ਲਾਉਂਦੇ ਹਨ ਪਰ ਗੁਰਮਤਿ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ ਜੋ ਤੱਤ ਵਸਤੂ ਇਸ ਵਿਚ ਪਾਈ ਹੈ ਤੱਤ ਬੇਤੇ ਮਹਾਂਪੁਰਸ਼ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਭਾਵੇਂ ਆਤਮਾ ਨਿਤ ਪ੍ਰਾਪਤ ਹੈ ਪਰ ਜੀਵ ਦਾ ਗਿਆਨ ਉਸ ਤਕ ਪਹੁੰਚਦਾ ਨਹੀਂ ਹੈ। ਇਸ ਕਰਕੇ ਇਸ ਮਤ ਵਾਲੇ ਨੂੰ ਆਤਮਾ ਦਾ ਗਿਆਨ ਨਹੀਂ ਹੋਇਆ ਕਰਦਾ। ਚਾਹੇ ਹਜ਼ਾਰਾਂ ਸਾਲ ਕਹੀ ਜਾਓ ਕਿ ਮੈਂ ਆਤਮਾ ਹਾਂ ਤਾਂ ਵੀ ਦੇਹ ਦਾ ਅਧਿਆਸ ਨਹੀਂ ਟੁਟਿਆ ਕਰਦਾ। ਦੇਹ ਦਾ ਮਿਲਾਪ ਅਤੇ ਵਿਛੋੜਾ, ਦੇਹ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ, ਦੇਹ ਦੇ ਸੁਖ ਅਤੇ ਦੁਖ ਸਦਾ ਹੀ ਬਣੇ ਰਹਿੰਦੇ ਹਨ। ਇਹ ਅਧਿਆਸ ਟੁਟਿਆ ਨਹੀਂ ਕਰਦਾ। ਇਸ ਗਿਆਨ ਨੂੰ ਗੁਰੂ ਮਹਾਰਾਜ ਜੀ ਮੁਖ ਗਿਆਨੀ ਜਾਂ ਚੁੰਚ ਗਿਆਨੀ ਆਖਦੇ ਹਨ ਅਤੇ ਇਸ ਨੂੰ ਕਈ ਥਾਂ ਗੁਰਬਾਨੀ ਵਿਚ ਕਊਆ ਗਿਆਨ ਵੀ ਆਖਿਆ ਗਿਆ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਗਤ ਕਾਂ ਦੀ ਤਰ੍ਹਾਂ ਹੈ। ਇਸ ਦੀ ਚੁੰਝ ਰੂਪ ਮੂੰਹ ਵਿਚ ਗਿਆਨ ਹੈ, ਭਾਵ ਗਿਆਨ ਦੀਆਂ ਗੱਲਾਂ ਜ਼ੁਬਾਨ ਤੇ ਹਨ ਪਰ ਹਿਰਦੇ ਵਿਚ ਕੋਈ ਅਸਰ ਨਹੀਂ ਹੈ। ਹਿਰਦੇ ਵਿਚ ਵਿਸ਼ੇ ਵਿਕਾਰਾਂ, ਗੰਦ ਮੰਦ ਨੂੰ ਭੋਗਣ ਦੀ ਇੱਛਾ ਹੈ, ਅੰਦਰ ਲੋਭ ਝੂਠ ਤੇ ਅਭਿਮਾਨ ਵਿਕਾਰਾਂ ਦੇ ਢੇਰਾਂ ਦੇ ਢੇਰ ਲੱਗੇ ਹੋਏ ਹਨ। ਜਿਨ੍ਹਾਂ ਦੀ ਦੁਰਗੰਧ ਪਵਿੱਤਰ ਪਉਣ ਨੂੰ ਦੁਰਗੰਧਿਤ ਕਰ ਰਹੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਗੁ ਕਊਆ ਮੁਖਿ ਚੁੰਚ ਗਿਆਨੁ॥***
***ਅੰਤਰਿ ਲੋਭੁ ਝੂਠੁ ਅਭਿਮਾਨੁ॥***
***ਬਿਨੁ ਨਾਵੈ ਪਾਜੁ ਲਹਗੁ ਨਿਦਾਨਿ॥ ਪੰਨਾ – 832***

ਹਰੀ ਦੇ ਦਰ ਤੇ ਚੁੰਚ ਗਿਆਨ ਪ੍ਰਵਾਨ ਨਹੀਂ ਹੋਇਆ ਕਰਦਾ ਕਿਉਂਕਿ ਉਸ ਥਾਂ ਉਤੇ ਕੇਵਲ ਅੰਤਸ਼ਕਰਣ ਦੀ ਸਫਾਈ ਕਿਸੇ ਗਿਣਤੀ ਵਿਚ ਪੈਂਦੀ ਹੈ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਨਾਮ ਤੋਂ ਬਗੈਰ ਕੋਈ ਕਰਮ ਲੇਖੇ ਨਹੀਂ ਪਿਆ ਕਰਦਾ। ਨਾਮ ਦੀ ਪ੍ਰਾਪਤੀ ਪੂਰੇ ਸਤਿਗੁਰੂ ਦੀ ਸੇਵਾ ਕਰਕੇ ਹੁੰਦੀ ਹੈ ਅਤੇ ਨਾਮ ਚਿਤ ਵਿਚ ਵਸ ਜਾਇਆ ਕਰਦਾ ਹੈ। ਜਦੋਂ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ ਤਾਂ ਉਹ ਚਿੱਤ ਵਿਚ ਨਾਮ ਦਾ ਵਾਸਾ ਕਰਾ ਦਿੰਦਾ ਹੈ ਕਿਉਂਕਿ ਨਾਮ ਤੋਂ ਬਿਨਾਂ ਸਭ ਪ੍ਰਾਪਤੀਆਂ ਝੂਠੀਆਂ ਹਨ ਅਤੇ ਜੀਵ ਨੂੰ ਫਸਾਉਣ ਵਾਲੀਆਂ ਹਨ, ਭਾਵੇਂ ਉਤੋਂ ਸਭ ਕੁਝ ਬੜਾ ਚੰਗਾ ਲਗ ਰਿਹਾ ਹੁੰਦਾ ਹੈ।

ਜੋ ਕੁਝ ਗੁਰੂ ਦਾ ਹੁਕਮ ਹੈ ਉਸ ਨੂੰ ਕਮਾਉਣਾ ਜੀਵ ਲਈ ਜ਼ਰੂਰੀ ਹੋਇਆ ਕਰਦਾ ਹੈ। ਸਹਿਜ ਅਵਸਥਾ ਵਿਚ ਪਹੁੰਚਣ ਲਈ ਅਗਿਆਨ ਦਾ ਪੂਰਨ ਤੌਰ ਤੇ ਨਾਸ਼ ਹੋ ਜਾਂਦਾ ਹੈ, ਜਿਥੇ ਆਪਣੇ ਸਰੂਪ ਦਾ ਪੂਰਨ ਜਲਾਲ ਦਗ-ਦਗ ਕਰਦਾ ਪ੍ਰਗਟ ਹੋ ਜਾਂਦਾ ਹੈ, ਉਸ ਥਾਂ ਪਹੁੰਚਣ ਲਈ ਸ਼ਬਦ ਦੀ ਕਮਾਈ ਕਰਨੀ ਪੈਂਦੀ ਹੈ ਅਤੇ ਇਸ ਸੱਚੇ ਨਾਮ ਦੀ ਵਡਿਆਈ ਦਰਗਾਹ ਵਿਚ ਪ੍ਰਵਾਨ ਹੈ। ਚੁੰਚ ਗਿਆਨੀ, ਮਹਾਂਪੁਰਸ਼ਾਂ ਦੀਆਂ ਰਚੀਆਂ ਹੋਈਆਂ ਬੇਅੰਤ ਪੁਸਤਕਾਂ ਪੜ੍ਹ ਕੇ ਘੋਟਾ ਲਾ ਲੈਂਦੇ ਹਨ ਅਤੇ ਕਾਂ ਵਾਂਗੂੰ ਕਾਂ-ਕਾਂ ਕਰਦੇ ਹੋਏ ਬ੍ਰਹਮਗਿਆਨ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹਨ ਪਰ ਆਪ ਉਸ ਅਵਸਥਾ ਤੋਂ ਪੂਰੀ ਤਰ੍ਹਾਂ ਨਾਲ ਕੋਰੇ ਹੋਇਆ ਕਰਦੇ ਹਨ। ਆਪ ਨੇ ਅਜੇ ਤਕ ਆਤਮ ਸ਼ਾਖਸ਼ਾਤਕਾਰ ਦਾ ਜਲਵਾ ਨਹੀਂ ਦੇਖਿਆ ਹੁੰਦਾ, ਉਸ ਪ੍ਰਕਾਸ਼ ਦਾ ਅਨੁਭਵ ਨਹੀਂ ਕੀਤਾ ਹੁੰਦਾ ਜਿਸ ਪ੍ਰਕਾਸ਼ ਨੂੰ ਪ੍ਰਾਪਤ ਕਰਕੇ ਫੇਰ ਅਗਿਆਨ ਦਾ ਹਨ੍ਹੇਰਾ ਨਹੀਂ ਰਹਿੰਦਾ, ਉਸ ਵਿਦਿਆ ਨੂੰ ਨਹੀਂ ਜਾਣਿਆ ਜਿਸ ਨੂੰ ਜਾਣ ਕੇ ਹੋਰ ਕਿਸੇ ਵਿਦਿਆ ਦੀ ਲੋੜ ਨਹੀਂ ਰਹਿੰਦੀ, ਉਸ ਸੁਖ ਨੂੰ ਪ੍ਰਾਪਤ ਨਹੀਂ ਕੀਤਾ ਜਿਸ ਨੂੰ ਪ੍ਰਾਪਤ ਕਰਕੇ ਕਿਸੇ ਹੋਰ ਸੁੱਖ ਦੀ ਲੋੜ ਨਹੀਂ ਰਹਿੰਦੀ ਪਰ ਉਹ ਕੇਵਲ ਵਾਚ ਗਿਆਨੀ ਹੋਣ ਕਰਕੇ ਮਹਾਂਪੁਰਸ਼ਾਂ ਦੇ ਉਚਾਰੇ ਬਚਨ ਜਗਿਆਸੂਆਂ ਨੂੰ ਸੁਣਾਉਂਦਾ ਹੈ ਆਪ ਕੁਝ ਵੀ ਬੁਝਿਆ ਨਹੀਂ ਹੈ। ਲੋਕਾਂ ਨੂੰ ਬੁਝਾਉਂਦਾ ਹੈ ਐਸਾ ਮਨ ਦਾ ਅੰਨਾ ਪੁਰਸ਼ ਕਿਸੇ ਦਾ ਕੀ ਸਵਾਰ ਸਕਦਾ ਹੈ। ਉਹ ਕਿਸੇ ਨੂੰ ਕੀ ਗਿਆਨ ਦੇ ਸਕਦਾ ਹੈ, ਕਿਸੇ ਨੂੰ ਸਤਿ ਦਾ ਰਸਤਾ ਕੀ ਦਿਖਾ ਸਕਦਾ ਹੈ। ਉਸ ਨੂੰ ਤਾਂ ਆਪ ਹੀ ਦਰਗਾਹ ਵਿਚ ਕਿਤੇ ਥਾਂ ਨਹੀਂ ਮਿਲਣਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ॥***
***ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ॥***
***ਗੁਰਿ ਕਹਿਆ ਸਾ ਕਾਰ ਕਮਾਵਹੁ॥***
***ਸਬਦੁ ਚੀਨਿ ਸਹਜ ਘਰਿ ਆਵਹੁ॥***
***ਸਾਚੈ ਨਾਇ ਵਡਾਈ ਪਾਵਹੁ॥***
***ਆਪਿ ਨ ਬੂਝੈ ਲੋਕ ਬੁਝਾਵੈ॥***
***ਮਨ ਕਾ ਅੰਧਾ ਅੰਧੁ ਕਮਾਵੈ॥***
***ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ॥ ਪੰਨਾ – 832***

ਅੰਦਰ ਦੀਆਂ ਜਾਨਣ ਵਾਲੇ ਸਤਿਗੁਰੂ ਅਤੇ ਘਟ-ਘਟ ਵਿਚ ਵਿਆਪਕ ਵਾਹਿਗੁਰੂ ਨੂੰ ਪ੍ਰਾਪਤ ਕਰਨ ਲਈ ਸਦੀਵੀ ਉਸ ਦਾ ਨਾਮ ਜਪਣ ਦੀ ਲੋੜ ਹੈ, ਉਸ ਦੀ ਜੋਤ ਉਸ ਦੇ ਅੰਦਰ ਪੂਰਨ ਰੂਪ ਵਿਚ ਸਮਾਈ ਹੋਈ ਹੈ ਉਸ ਤੋਂ ਕੋਈ ਚੀਜ਼ ਛੁਪੀ ਹੋਈ ਨਹੀਂ ਰਹਿ ਸਕਦੀ। ਉਹ ਵਾਹਿਗੁਰੂ, ਗੁਰੂ ਦੀ ਬਾਣੀ

ਨੂੰ ਪੂਰਨ ਰੂਪ ਵਿਚ ਧਾਰਨ ਕਰਕੇ, ਅਤੇ ਦ੍ਰਿੜ੍ਹਤਾ ਅਤੇ ਪ੍ਰੇਮ ਸਹਿਤ ਘਾਲ ਕਮਾਈ ਕਰਕੇ ਸਤਿਗੁਰੂ ਦੀ ਮਿਹਰ ਸਦਕੇ ਪ੍ਰਾਪਤ ਹੁੰਦਾ ਹੈ ਪਰ ਜਦੋਂ ਉਸ ਦਾ ਮਿਲਾਪ ਹੋ ਜਾਂਦਾ ਹੈ ਉਸ ਵੇਲੇ ਆਪਣੀ ਹੋਂਦ ਨਹੀਂ ਰਿਹਾ ਕਰਦੀ। ਉਹ ਪ੍ਰਮੇਸ਼ਰ ਰੂਪ ਹੀ ਹੋ ਜਾਇਆ ਕਰਦਾ ਹੈ ਜੋ ਸਦੀਵੀ ਸਤਿ ਅਵਸਥਾ ਹੈ। ਸਤਿਗੁਰੂ ਨੂੰ ਮਿਲ ਕੇ ਵੱਡੀ ਵਡਿਆਈ ਪ੍ਰਾਪਤ ਹੁੰਦੀ ਹੈ, ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਹਿਰਦੇ ਵਿਚ ਸਦੀਵੀ ਨਾਮ ਦੀ ਸਮਾਈ ਹੋ ਜਾਂਦੀ ਹੈ, ਨਾਮ ਵਸ ਜਾਂਦਾ ਹੈ ਅਤੇ ਨਾਮ ਸੁਖਾਂ ਦਾ ਸਮੂੰਹ ਹੋਣ ਕਰਕੇ ਸਾਰੇ ਸੁਖ ਉਸ ਦੇ ਪ੍ਰਾਪਤ ਹੋਇਆਂ ਪ੍ਰਾਪਤ ਹੋ ਜਾਂਦੇ ਹਨ। ਸਰੀਰ ਅਰੋਗ ਹੋ ਜਾਂਦਾ ਹੈ ਅਤੇ ਜੀਵ ਆਤਮਾ ਨਾਮ ਦੇ ਬਲ ਕਰਕੇ ਪ੍ਰਭੂ ਦੇ ਪਿਆਰ ਵਿਚ ਸਮਾਈ ਹੋਈ ਉਸ ਵਿਚ ਲੀਨ ਹੋਈ ਉਸ ਦਾ ਰੂਪ ਹੋ ਜਾਂਦੀ ਹੈ। ਗੁਰੂ ਦੀ ਮਤ, ਗੁਰੂ ਦਾ ਉਪਦੇਸ਼ ਮੰਨਣ ਨਾਲ ਜਗਿਆਸੂ ਦੀ ਕਰਨੀ ਪਵਿੱਤਰ ਹੋ ਜਾਂਦੀ ਹੈ, ਆਪਾ ਪਛਾਣ ਕਰਕੇ ਪ੍ਰਭੂ ਵਿਚ ਤਦ ਰੂਪ ਹੋ ਜਾਂਦਾ ਹੈ ਪਰਿਵਾਰ, ਸੰਗੀਆਂ ਸਾਥੀਆਂ, ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਫੁਰਮਾਨ ਹੈ –

*ਹਰਿ ਜੀਉ ਸੇਵੀਐ ਅੰਤਰਜਾਮੀ॥*
*ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ॥*
*ਤਿਸੁ ਨਾਲਿ ਕਿਆ ਚਲੈ ਪਹਨਾਮੀ॥*
*ਸਾਚਾ ਨਾਮੁ ਸਾਚੈ ਸਬਦਿ ਜਾਨੈ॥*
*ਆਪੈ ਆਪੁ ਮਿਲੈ ਚੂਕੈ ਅਭਿਮਾਨੈ॥*
*ਗੁਰਮੁਖਿ ਨਾਮੁ ਸਦਾ ਸਦਾ ਵਖਾਨੈ॥*
*ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ॥*
*ਅਉਗਣ ਕਾਟਿ ਪਾਪਾ ਮਤਿ ਖਾਈ॥*
*ਕੰਚਨ ਕਾਇਆ ਜੋਤੀ ਜੋਤਿ ਸਮਾਈ॥*
*ਸਤਿਗੁਰਿ ਮਿਲਿਐ ਵਡੀ ਵਡਿਆਈ॥*
*ਦੁਖੁ ਕਾਟੈ ਹਿਰਦੈ ਨਾਮੁ ਵਸਾਈ॥*
*ਨਾਮਿ ਰਤੇ ਸਦਾ ਸੁਖੁ ਪਾਈ॥*
*ਗੁਰਮਤਿ ਮਾਨਿਆ ਕਰਣੀ ਸਾਰੁ॥*
*ਗੁਰਮਤਿ ਮਾਨਿਆ ਮੋਖ ਦੁਆਰੁ।।*
*ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ॥*
*ਪੰਨਾ – 833*

ਵਾਹਿਗੁਰੂ-ਵਾਹਿਗੁਰੂ ਦਿਨ ਰਾਤ ਕਰਨ ਦੇ ਨਾਲ ਇਹ ਜੋ ਝੂਠਾ ਆਪਾ ਹੈ ਝੂਠੀ ਮਨੌਤ ਹੈ, ਆਪਣੇ ਆਪ ਨੂੰ ਸਰੀਰ ਸਮਝਣਾ ਜਾਂ ਆਪਣੇ ਆਪ ਨੂੰ ਜੀਵ ਸਮਝਣਾ ਇਹ ਮਿਟ ਜਾਇਆ ਕਰਦਾ ਹੈ। ਹਰੀ ਪ੍ਰੇਮ ਦੇ ਗੀਤ ਗਾਉਣੇ, ਪ੍ਰਭੂ ਦੇ ਨੇੜੇ ਲਿਆਉਂਦੇ ਹਨ। ਗੁਰੂ ਦੇ ਰਾਹੀਂ ਮਨ ਵਿਚ ਜਦੋਂ ਪ੍ਰਤੀਤ ਆ ਜਾਂਦੀ ਹੈ ਕਿ ਮੈਂ ਦੇਹ ਨਹੀਂ ਹਾਂ, ਮੈਂ ਆਤਮਾ ਹਾਂ ਅਤੇ ਨਾਮ ਦੇ ਨਾਲ ਜਦੋਂ ਪਰਚਾ ਪੈ ਜਾਂਦਾ ਹੈ, ਕਾਇਆ ਕੰਚਨ ਵਰਗੀ ਅਰੋਗ ਹੋ ਜਾਂਦੀ ਹੈ, ਅੰਦਰੋਂ ਕਾਲ ਦਾ ਡਰ ਖਤਮ ਹੋਜਾਂਦਾ ਹੈ ਅਤੇ ਪ੍ਰਭੂ ਦੀ ਜੋਤ ਵਿਚ ਮਿਲ ਜਾਂਦਾ ਹੈ ਪਰ ਇਹ ਉਨ੍ਹਾਂ ਦੀ ਅਵਸਥਾ ਹੋਇਆ ਕਰਦੀ ਹੈ ਜਿਨ੍ਹਾਂ ਦਾ ਅਧਾਰ ਪ੍ਰਮੇਸ਼ਰ ਦਾ ਨਾਮ ਹੈ, ਜਿਹੜੇ ਸਭ ਵਿਚ ਰਚੇ ਹੋਏ ਪ੍ਰਮੇਸ਼ਰ ਦੇ ਨਾਮ ਦਾ ਆਸਰਾ ਅੰਦਰ ਧਾਰ ਕੇ ਰਖਦੇ ਹਨ ਅਤੇ ਪਲ ਮਾਤਰ ਵੀ ਨਾਮ ਤੋਂ ਟੁੱਟ ਕੇ ਰਹਿ ਨਹੀਂ ਸਕਦੇ। ਇਹ ਸਰੀਰ ਇਕ ਘਰ ਹੈ ਜਿਸ ਦੇ ਦਸ ਦੁਆਰ ਹਨ, ਇਸ ਵਿਚ ਪੰਜ ਚੋਰ ਇਸ ਦਾ ਘਰ ਲੁੱਟਣ ਦੇ ਦਾਅ ਵਿਚ ਰਹਿੰਦੇ ਹਨ ਅਤੇ ਜੀਵ ਉਪਰ ਆਪਣੇ ਬਾਣ ਸਿੰਨ ਕੇ ਰਖਦੇ ਹਨ ਕਿ ਕਦੋਂ ਇਸ ਨੂੰ ਹੇਠਾਂ ਸੁਟਿਆ ਜਾਵੇ। ਇਹ ਪੰਜੇ ਵਿਸ਼ੇ ਇਸ ਦਾਓ ਵਿਚ ਰਹਿੰਦੇ ਹਨ ਕਿ ਕਦੋਂ ਸਾਡਾ ਜ਼ੋਰ ਚੱਲੇ, ਇਹ ਜੀਵ ਅਵੇਸਲਾ ਹੋਵੇ ਅਤੇ ਅਸੀਂ ਇਸ ਵਿਚ ਰਚ ਜਾਈਏ।

*ਏਕੁ ਗਿਰਹੁ ਦਸ ਦੁਆਰ ਹੈ ਜਾ ਕੇ*
*ਅਹਿਨਿਸਿ ਤਸਕਰ ਪੰਚ ਚੋਰ ਲਗਈਆ॥*
*ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ*
*ਮਨਮੁਖ ਅੰਧੁਲੇ ਖਬਰਿ ਨ ਪਈਆ॥ ਪੰਨਾ – 833*

ਕਿਉਂਕਿ ਵਾਹਿਗੁਰੂ-ਵਾਹਿਗੁਰੂ ਨੇ ਸਾਨੂੰ ਆਪਣੇ ਘਰੋਂ ਕੱਢ ਦਿਤਾ ਅਤੇ ਇਸ ਉਪਰ ਸਾਡਾ ਜ਼ੋਰ ਨਹੀਂ ਚਲ ਰਿਹਾ। ਨਾ ਹੀ ਅਸੀਂ ਹੁਣ ਇਸ ਦੇ ਧਰਮ ਨੂੰ ਲੁੱਟ ਸਕਦੇ ਹਾਂ, ਨਾ ਇਸ ਦੇ ਨਾਮ ਧਨ ਨੂੰ ਲੁੱਟ ਸਕਦੇ ਹਾਂ, ਨਾ ਹੀ ਆਪਣਾ ਅਸਰ ਪਾ ਕੇ ਮਾਇਆ ਦੀ ਡੂੰਘੀ ਖੱਡ ਵਿਚ ਧੱਕਾ ਦੇ ਸਕਦੇ ਹਾਂ ਅਤੇ ਇਸ ਦੇ ਵਿਪਰੀਤ ਜੋ ਮਨਮੁਖ ਹੈ ਉਸ ਨੂੰ ਦਿਨ ਰਾਤ ਲੁਟਦੇ ਹਨ –

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥ ਪੰਨਾ – 600*

ਨਾਮ ਜਪਣ ਵਾਲਾ ਜੋ ਸਰੀਰ ਹੈ ਇਹ ਇਕ ਤਰ੍ਹਾਂ ਨਾਲ ਸੋਨੇ ਦਾ ਕਿਲਾ ਹੈ ਇਹ ਰਤਨਾਂ ਨਾਲ ਭਰਿਆ ਪਿਆ ਹੈ, ਇਸ ਨੂੰ ਕੋਈ ਨਹੀਂ ਲੁੱਟ ਸਕਦਾ। ਪਰ ਜੋ ਅਗਿਆਨੀ ਪੁਰਸ਼ ਹੈ ਉਸ ਨੂੰ ਚੋਰ ਲੁਟੇਰੇ ਲੁੱਟਣ ਲਈ ਸਦਾ ਹੀ ਦਾਓ ਵਿਚ ਇਸ ਦੇ ਅੰਦਰ ਛੁਪੇ ਰਹਿੰਦੇ ਹਨ। ਪਰ ਜਿਸ ਦੇ ਅੰਦਰ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਚਲ ਰਹੀ ਹੈ ਅਤੇ ਜਿਸ ਨੇ ਗੁਰੂ ਦੇ ਉਪਦੇਸ਼ ਨੂੰ ਪੂਰਨ ਰੂਪ ਵਿਚ ਕਮਾਇਆ ਹੋਇਆ ਹੈ–

*ਕੰਚਨੁ ਕੋਟੁ ਬਹੁ ਮਾਣਕਿ ਭਰਿਆ*
*ਜਾਗੇ ਗਿਆਨ ਤਤਿ ਲਿਵ ਲਈਆ॥*
*ਤਸਕਰ ਹੇਰੂ ਆਇ ਲੁਕਾਨੇ*
*ਗੁਰ ਕੈ ਸਬਦਿ ਪਕੜਿ ਬੰਧਿ ਪਈਆ॥ ਪੰਨਾ – 833*

ਉਹ ਆਪਣੇ ਗਿਆਨ ਦੀ ਰੋਸ਼ਨੀ ਵਿਚ ਇਨ੍ਹਾਂ ਦੇ ਟਿਕਾਣਿਆਂ ਨੂੰ ਲੱਭ ਕੇ ਕਾਬੂ ਕਰ ਲੈਂਦਾ ਹੈ ਫੇਰ ਇਨ੍ਹਾਂ ਦਾ ਵਸ ਨਹੀਂ ਚਲਦਾ।

ਵਾਹਿਗੁਰੂ ਦਾ ਨਾਮ ਜਹਾਜ਼ ਹੈ ਅਤੇ ਬੇੜਾ ਹੈ। ਇਸ ਨੂੰ ਚਲਾਉਣ ਵਾਲੀ ਗੁਰਬਾਣੀ ਹੈ, ਗੁਰੂ ਇਸ ਨੂੰ ਆਪਣਾ ਉਪਦੇਸ਼ ਬਖਸ਼ ਕੇ ਪਾਰ ਕਰਦਾ ਹੈ, ਜਮ੍ਹਾਂ ਦੇ ਜੋ ਜਗਾਤੀਏ ਬਣ ਕੇ ਇਸ ਦੇ ਪੁੰਨ ਲੁਟਦੇ ਹਨ, ਉਨ੍ਹਾਂ ਵਿਚ ਹਿੰਮਤ ਨਹੀਂ ਪੈਂਦੀ ਕਿ ਇਸ ਦੇ ਨੇੜੇ ਆ ਜਾਣ। ਕੋਈ ਚੋਰ ਇਸ ਦੇ ਨਾਮ ਧਨ ਨੂੰ ਲੁੱਟ ਨਹੀਂ ਸਕਦਾ ਕਿਉਂਕਿ ਇਸ ਦਾ ਪ੍ਰਤਾਪ ਹੀ ਐਨਾ ਹੈ ਕਿ ਇਸ ਦੇ ਨੇੜੇ ਹੀ ਨਹੀਂ ਆ ਸਕਦੇ। ਨਾਮ ਵਿਚ ਰੱਤਿਆ ਜੀਵ ਪ੍ਰਮੇਸ਼ਰ ਦੇ ਗੁਣ ਗਾਉਂਦਾ ਹੈ, ਗੁਰੂ ਦੀ ਮੰਨ ਕੇ ਇਹ ਜੀਵ ਮੇਰ ਤੇਰ ਛੱਡ ਦਿੰਦਾ ਹੈ ਅਤੇ ਨਾਮ ਧੁਨ ਰਾਹੀਂ ਆਪਣੇ ਨਿਜ ਘਰ ਦਸਮ ਦੁਆਰ ਵਿਚ ਪ੍ਰਵੇਸ਼ ਕਰ ਲੈਂਦਾ ਹੈ। ਗੁਰੂ ਦੇ ਰਾਹੀਂ ਮਨ ਇਕ ਥਾਂ ਟਿਕ ਜਾਂਦਾ ਹੈ ਅਤੇ

ਵਾਹਿਗੁਰੂ ਜੀ ਨੂੰ ਗਜ ਵਜ ਕੇ ਮਿਲਿਆ ਜਾਂਦਾ ਹੈ। ਪ੍ਰਤੱਖ ਮੇਲ ਹੋ ਜਾਂਦਾ ਹੈ, ਦਰਸ਼ਨ ਦੇਖ ਕੇ ਮਨ ਵਿਚ ਤ੍ਰਿਪਤੀ ਆ ਜਾਂਦੀ ਹੈ, ਕੰਨ ਗੁਰੂ ਦੀ ਬਾਣੀ ਅਤੇ ਨਾਮ ਧੁਨ ਦੇ ਰਸ ਵਿਚ ਪੂਰੀ ਤਰ੍ਹਾਂ ਮਸਤ ਹੋ ਜਾਂਦੇ ਹਨ। ਇਹ ਜੀਵ ਆਤਮਾ ਜਿਸ ਨੂੰ ਰੂਹ ਭੀ ਆਖਿਆ ਜਾਂਦਾ ਹੈ, ਉਹ ਨਾਮ ਦੇ ਰਸ ਵਿਚ ਭਿੱਜ ਜਾਂਦਾ ਹੈ, ਪ੍ਰਸੰਨ ਹੋ ਜਾਂਦਾ ਹੈ ਅਤੇ ਇਸੇ ਨਾਮ ਦੀ ਮਸਤੀ ਵਿਚ ਹਰੀ ਨੂੰ ਯਾਦ ਕਰਦਾ ਹੈ, ਤਿੰਨੋ ਗੁਣ ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਸਦਾ ਲਈ ਦੂਰ ਹੋ ਜਾਂਦੇ ਹਨ। ਇਨ੍ਹਾਂ ਗੁਣਾਂ ਕਰਕੇ ਹੀ ਮਾਇਆ ਦਾ ਮੋਹ ਚਿੰਬੜਿਆ ਹੋਇਆ ਸੀ ਅਤੇ ਨਾਮ ਅਭਿਆਸ ਰਾਹੀਂ ਸਹਿਜ ਅਵਸਥਾ ਜਿਸ ਨੂੰ ਚੌਥਾ ਪਦ ਆਖਿਆ ਜਾਂਦਾ ਹੈ ਇਹ ਗੁਰੂ ਰਾਹੀਂ ਪ੍ਰਾਪਤ ਹੋ ਜਾਂਦੀ ਹੈ। ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਤੇ ਸਮਤਾ ਦੀ ਬਿਰਤੀ ਪ੍ਰਾਪਤ ਹੋ ਜਾਂਦੀ ਹੈ। ਹਰ ਥਾਂ ਦੇ ਉਤੇ ਪ੍ਰਤੀਤ ਦਿੰਦਾ ਹੈ ਕਿ ਮੈਂ ਤਾਂ ਕੁਝ ਵੀ ਨਹੀਂ ਹਾਂ, ਇਹ ਤਾਂ ਮੇਰਾ ਪ੍ਰਭੂ ਸਾਰੀ ਖੇਲ੍ਹ ਕਰ ਰਿਹਾ ਹੈ। ਆਪ ਹੀ ਕਣ-ਕਣ ਵਿਚ ਪਸਰਿਆ ਹੋਇਆ ਹੈ, ਸਾਰੇ ਹੀ ਨਾਮ ਦੀ ਜੋਤ ਪਸਰੀ ਪਈ ਹੈ, ਨਾ ਸਮਝ ਵਿਚ ਆਉਣ ਵਾਲੇ ਹਰੀ ਦਾ ਗਿਆਨ ਹੋ ਜਾਂਦਾ ਹੈ, ਹਰੀ ਸਾਡਾ ਨਿਮਾਣਿਆਂ ਦਾ ਮੇਹਰਬਾਨ ਬਣ ਜਾਂਦਾ ਹੈ ਅਤੇ ਭਗਤੀ ਭਾਵ ਰਾਹੀਂ ਨਾਮ ਵਿਚ ਸਮਾ ਜਾਈਦਾ ਹੈ।

*ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ*
*ਸਬਦੁ ਗੁਰੁ ਪਾਰਿ ਲੰਘਈਆ॥*
*ਜਮੁ ਜਾਗਾਤੀ ਨੇੜਿ ਨ ਆਵੈ*
*ਨਾ ਕੋ ਤਸਕਰੁ ਚੋਰੁ ਲਗਈਆ॥*
*ਹਰਿ ਗੁਣ ਗਾਵੈ ਸਦਾ ਦਿਨੁ ਰਾਤੀ*
*ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ॥*
*ਗੁਰਮੁਖਿ ਮਨੂਆ ਇਕਤੁ ਘਰਿ ਆਵੈ*
*ਮਿਲਉ ਗੋੁਪਾਲ ਨੀਸਾਨੁ ਬਜਈਆ॥*
*ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ*
*ਸ੍ਰਵਨ ਬਾਣੀ ਗੁਰ ਸਬਦੁ ਸੁਣਈਆ॥*
*ਸੁਨਿ ਸੁਨਿ ਆਤਮ ਦੇਵ ਹੈ*
*ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ॥*
*ਤ੍ਰੈਗੁਣ ਮਾਇਆ ਮੋਹਿ ਵਿਆਪੇ*
*ਤੁਰੀਆ ਗੁਣੁ ਹੈ ਗੁਰਮੁਖਿ ਲਹੀਆ॥*
*ਏਕ ਦ੍ਰਿਸਟਿ ਸਭ ਸਮ ਕਰਿ ਜਾਣੈ*
*ਨਦਰੀ ਆਵੈ ਸਭੁ ਬ੍ਰਹਮੁ ਪਸਰਈਆ॥*
*ਰਾਮ ਨਾਮੁ ਹੈ ਜੋਤਿ ਸਬਾਈ*
*ਗੁਰਮੁਖਿ ਆਪੇ ਅਲਖੁ ਲਖਈਆ॥*
*ਨਾਨਕ ਦੀਨ ਦਇਆਲ ਭਏ ਹੈ*
*ਭਗਤਿ ਭਾਇ ਹਰਿ ਨਾਮਿ ਸਮਾਈਆ॥ ਪੰਨਾ - 833*

ਸੋ ਇਸ ਤਰ੍ਹਾਂ ਦੇ ਨਾਲ ਚੁੰਚ ਗਿਆਨ ਦੇ ਨਾਲ ਇਹ ਜੀਵ ਕਿਤੇ ਵੀ ਨਹੀਂ ਪਹੁੰਚ ਸਕਦਾ। ਇਸ ਦੇ ਵਾਸਤੇ ਸਾਧਨ ਕਰਨੇ ਅਵਸ਼ਕ ਹਨ। ਪਹਿਲੇ ਸਮਿਆਂ ਵਿਚ ਆਤਮਾ ਨੂੰ ਸਾਖਸ਼ਾਤ ਕਰਨ ਲਈ ਬਹੁਤ ਕਰੜੇ ਸਾਧਨ ਕਰਨੇ ਪਿਆ ਕਰਦੇ ਸਨ।

ਇਕ ਕਥਾ ਆਉਂਦੀ ਹੈ ਕਿ ਜਦੋਂ ਪ੍ਰਮੇਸ਼ਰ ਨੇ ਸੰਸਾਰ ਰਚ ਲਿਆ ਅਤੇ ਮਾਇਆ ਦਾ ਪ੍ਰਭਾਵ ਪੂਰੀ ਤਰ੍ਹਾਂ ਨਾਲ ਸੰਸਾਰ ਵਿਚ ਫੈਲਾ ਕੇ ਜੀਵ ਨੂੰ ਭੁਲਾ ਦਿਤਾ। ਉਸ ਵੇਲੇ ਅਗਿਆਨ ਵਸ ਆਏ ਹੋਏ ਜੀਵ ਦੀ ਕਲਿਆਣ ਵਾਸਤੇ ਪ੍ਰਭੂ ਨੇ ਦੇਵਤਿਆਂ ਨੂੰ ਬੁਲਾਇਆ ਅਤੇ ਕਿਹਾ ਕਿ ਸੰਸਾਰ ਵਿਚ ਇਕ ਅਤਿ ਕੀਮਤੀ ਸ਼੍ਹੈ ਹੈ ਤੁਸੀਂ ਇਸ ਨੂੰ ਉਥੇ ਛੁਪਾ ਦਿਓ, ਜਿਥੇ ਕੋਈ ਵੀ ਪਹੁੰਚ ਨਾ ਸਕੇ ਅਤੇ ਜਾਣ ਨਾ ਸਕੇ। ਇਹ ਵਸਤੂ ਸਾਰੇ ਸੁਖਾਂ ਦਾ ਮੂਲ ਹੈ ਸਾਰੇ ਗਿਆਨੀਆਂ ਦਾ ਗਿਆਨ ਹੈ, ਸਭ ਕੁਝ ਹੈ, ਸਾਰੇ ਦੁਖਾਂ ਦਾ ਖਾਤਮਾ ਕਰਨ ਨੂੰ ਸਮਰੱਥ ਹੈ, ਇਸ ਦੀ ਕੀਮਤ ਕੋਈ ਪਾ ਨਹੀਂ ਸਕਦਾ, ਇਸ ਕਰਕੇ ਇਹ ਅਤਿ ਕੀਮਤੀ ਵਸਤੂ ਉਥੇ ਛੁਪਾਓ ਜਿਥੇ ਕਿਸੇ ਦੇ ਹੱਥ ਨਾ ਆ ਸਕੇ। ਸੰਸਾਰ ਦੇ ਜੀਵ ਇਸ ਚੀਜ਼ ਨੂੰ ਪ੍ਰਾਪਤ ਕਰਨ ਲਈ ਅਨੇਕਾਂ ਯਤਨ ਕਰਨਗੇ ਅਤੇ ਇਸ ਦੀ ਖੋਜ ਕਰਨਗੇ। ਸੋ ਇਸ ਗੱਲ ਤੋਂ ਸਾਵਧਾਨ ਹੋ ਕੇ ਉਥੇ ਛੁਪਾਓ ਜਿਥੇ ਪਹੁੰਚਣਾ ਮੁਸ਼ਕਲ ਹੋ ਜਾਵੇ। ਉਸ ਵੇਲੇ ਦੇਵਤਿਆਂ ਨੇ ਕਿਹਾ ਕਿ ਅਸੀਂ ਡੂੰਘੇ ਸਮੁੰਦਰ ਨੂੰ ਦੇਖ ਚੁੱਕੇ ਹਾਂ, ਬਰਫਾਂ ਨਾਲ ਲੱਦੇ ਪਹਾੜ ਵੀ ਦੇਖੇ ਹਨ, ਵੱਡੀਆਂ ਡੂੰਘੀਆਂ ਖਾਈਆਂ ਵੀ ਦੇਖੀਆਂ ਹਨ ਧਰਤੀ ਦੇ ਅੰਦਰ ਵੀ ਦੇਖਿਆ ਹੈ ਜਿਥੇ ਹੁਕਮ ਹੋਵੇ ਉਥੇ ਇਸ ਨੂੰ ਰੱਖ ਦੇਈਏ। ਭਗਵਾਨ ਨੇ ਕਿਹਾ ਕਿ ਇਹ ਜੋ ਮੈਂ ਮਨੁੱਖ ਬਣਾਇਆ ਹੈ ਇਸ ਨੇ ਕੋਈ ਥਾਂ ਅਜਿਹੇ ਨਹੀਂ ਛਡਣੇ ਜਿਥੇ ਇਹ ਇਸ ਦੀ ਤਲਾਸ਼ ਨਾ ਕਰ ਸਕੇ। ਇਸ ਨੇ ਵਿਗਿਆਨ ਦੇ ਰਾਹੀਂ ਧਰਤੀ ਦਾ ਪੇਟ ਖੋਲ੍ਹ ਕੇ ਸੋਨਾ, ਚਾਂਦੀ, ਤਰਲ ਗੈਸਾਂ ਅਤੇ ਅਨੇਕ ਚੀਜ਼ਾਂ ਜਿਹੜੀਆਂ ਮੈਂ ਗੁਪਤ ਰੱਖੀਆਂ ਹਨ ਉਹ ਕੱਢ ਕੇ ਇਸ ਨੇ ਮਾਇਆ ਦੇ ਪ੍ਰਭਾਵ ਵਿਚ ਆ ਕੇ ਆਪਣੀ ਵਰਤੋਂ ਵਿਚ ਲੈ ਲੈਣੀਆਂ ਹਨ। ਨਾ ਇਸ ਨੇ ਪਹਾੜਾਂ ਦੀਆਂ ਚੋਟੀਆਂ ਛੱਡਣੀਆਂ ਹਨ, ਇਸ ਨੇ ਯੰਤਰ ਬਣਾ ਲੈਣੇ ਹਨ ਜਿਨ੍ਹਾਂ ਨੂੰ ਹੱਥ ਵਿਚ ਲੈ ਕੇ ਡੂੰਘੀਆਂ ਖੱਡਾਂ ਵਿਚ ਪਈਆਂ ਚੀਜ਼ਾਂ ਨੂੰ ਖੋਜ ਲਵੇਗਾ। ਇਸ ਨੇ ਧਰਤੀ ਦੇ ਦੁਆਲੇ ਘੁੰਮ ਕੇ ਅਸਮਾਨਾਂ ਵਿਚ ਕੋਈ ਥਾਂ ਨਹੀਂ ਛਡਣਾ ਜਿਥੇ ਇਸ ਦੀ ਨਿਗ੍ਹਾ ਨਾ ਜਾਵੇ, ਬਾਹਰੋਂ ਤਾਂ ਇਹਨੇ ਟੋਲ੍ਹ ਲੈਣਾ ਹੈ ਪਰ ਇਹ ਚੀਜ਼ ਜੋ ਮੈਂ ਤੁਹਾਨੂੰ ਕਹਿੰਦਾ ਹਾਂ ਇਹ ਬਹੁਤ ਕੀਮਤੀ ਹੈ ਇਹ ਕਿਸੇ ਅਧਿਕਾਰੀ ਦੇ ਹੱਥ ਵਿਚ ਹੀ ਆਉਣੀ ਚਾਹੀਦੀ ਹੈ। ਉਸ ਵੇਲੇ ਦੇਵਤਿਆਂ ਨੇ ਕਿਹਾ ਕਿ ਹੇ ਕਰਨ ਕਾਰਨ ਸਮਰੱਥ ਪ੍ਰਭੂ! ਤੁਸੀਂ ਆਪ ਹੀ ਅੰਤਰਜਾਮੀ ਹੋ, ਸਾਨੂੰ ਕੋਈ ਥਾਂ ਅਜਿਹਾ ਨਹੀਂ ਮਿਲਿਆ ਜਿਥੇ ਇਸ ਅਤਿ ਕੀਮਤੀ ਚੀਜ਼ ਨੂੰ ਛੁਪਾ ਦਿਤਾ ਜਾਵੇ। ਉਸ ਵੇਲੇ ਪ੍ਰਭੂ ਨੇ ਕਿਹਾ ਕਿ ਦੇਖੋ ਜੋ ਮੈਂ ਜੀਵ ਬਣਾਇਆ ਹੈ ਇਹ ਬਾਹਰੋਂ ਤਾਂ ਸਭ ਕੁਝ ਢੂੰਡ ਸਕਦਾ ਹੈ ਪਰ ਇਸ ਨੇ ਆਪਣੇ ਅੰਦਰ ਨਹੀਂ ਢੂੰਡਣਾ, ਮੈਂ ਇਸ ਵਸਤੂ ਨੂੰ ਇਨ੍ਹਾਂ ਜੀਵਾਂ ਦੇ ਅੰਦਰ ਹੀ ਛੁਪਾ ਦਿੰਦਾ ਹਾਂ। ਉਸ ਵੇਲੇ ਦੇਵਤਿਆਂ ਨੇ ਕਿਹਾ ਕਿ ਹਜ਼ੂਰ! ਕਦੇ ਨਾ ਕਦੇ ਇਸ ਮਨੁੱਖ ਨੇ ਅੰਦਰ ਝਾਕਣਾ ਹੀ ਹੈ ਉਹ ਫੇਰ ਅੰਦਰੋਂ ਕੱਢ ਲਵੇਗਾ। ਉਸ ਵੇਲੇ ਪ੍ਰਭੂ ਨੇ ਕਿਹਾ ਕਿ ਇਸ ਨੂੰ ਮੈਂ ਪੂਰੀ ਤਰ੍ਹਾਂ ਢੱਕ ਦੇਵਾਂਗਾ। ਇਸ ਉਪਰ ਸਭ ਤੋਂ ਪਹਿਲਾਂ ਹਉਮੈ ਦੀਆਂ ਤੈਹਾਂ ਜਮਾਂ ਦੇਵਾਂਗਾ ਜਿਸ ਦੇ ਪ੍ਰਭਾਵ ਹੇਠਾਂ ਆ ਕੇ ਇਹ ਆਪਣੇ ਆਪ ਨੂੰ ਮੇਰੇ ਤੋਂ ਵੱਖ ਸਮਝਣਾ ਸ਼ੁਰੂ ਕਰ ਦੇਵੇਗਾ ਅਤੇ ਆਪਣੀ ਅਣਹੋਂਦ ਹੁੰਦੇ ਭੀ ਹੋਂਦ ਕਾਇਮ ਕਰ ਲਵੇਗਾ ਅਤੇ

ਮੈਂ ਅਤੇ ਮੇਰੀ ਵਿਚ ਉਲਝ ਜਾਵੇਗਾ। ਇਸ ਨੂੰ ਰੋਗ ਲਗ ਜਾਵੇਗਾ ਜਿਸ ਨੂੰ ਹਉਮੈ ਕਿਹਾ ਜਾਂਦਾ ਹੈ। ਜਿਸ ਚੀਜ਼ ਨੂੰ ਮੈਂ ਛੁਪਾਉਣਾ ਚਾਹੁੰਦਾ ਹਾਂ ਉਹ ਮੈਂ ਆਪ ਹੀ ਹਾਂ, ਮੈਂ ਆਪ ਹੀ ਕਿਰਤ ਵਿਚ ਕਣ-ਕਣ ਵਿਚ ਆ ਕੇ ਇਸ ਨੂੰ ਸੱਤਾ ਦੇਣੀ ਹੈ ਪਰ ਇਹ ਅਗਿਆਨ ਵਸ ਹਉਮੈ ਦੇ ਅਧੀਨ ਮੈਨੂੰ ਅੰਦਰੋਂ ਨਹੀਂ ਭਾਲ ਸਕੇਗਾ ਬਾਹਰੋਂ ਇਸ ਨੂੰ ਮਾਇਕ ਸੁਖਾਂ ਦੀ ਪ੍ਰਾਪਤੀ ਹੋਵੇਗੀ ਪਰ ਇਹ ਸੰਤੁਸ਼ਟ ਨਹੀਂ ਹੋਵੇਗਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***

***ਪੰਨਾ – 707***

ਬਾਹਰਲੀਆਂ ਪ੍ਰਾਪਤੀਆਂ ਕਰਕੇ ਇਹ ਸੁੱਖ ਦੀ ਲੋਚਾ ਰਖੇਗਾ ਅਤੇ ਉਨ੍ਹਾਂ ਛਿਨ ਭੰਗਰ ਸੁਖਾਂ ਦੇ ਅਸਰ ਹੇਠ ਆਇਆ ਹੋਇਆ ਮੇਰੇ ਤੋਂ ਬੇਮੁਖ ਰਹੇਗਾ ਪਰ ਮੈਂ ਇਸ ਦੀ ਕਲਿਆਣ ਵਾਸਤੇ ਆਪਣੇ ਅਤਿ ਪਿਆਰੇ ਸੰਤਾਂ ਨੂੰ ਇਹ ਕੰਮ ਸੌਂਪਾਂਗਾ ਕਿ ਤੁਸੀਂ ਇਸ ਜੀਵ ਨੂੰ ਝੂਠੇ ਸੁਖਾਂ ਵਿਚ ਗੁਲਤਾਨ ਹੋਏ ਨੂੰ ਸੱਚੇ ਸੁਖ ਦੀ ਸੋਝੀ ਦੇਵੋ। ਇਸ ਅਤਿ ਦੁਖੀ ਹੋਏ ਜੀਵ ਨੂੰ ਦੱਸੋ ਕਿ ਪਰਮ ਅਨੰਦ, ਪਰਮ ਸਤ, ਪਰਮ ਚੇਤਨ ਪ੍ਰਭੂ ਤੇਰੇ ਅੰਦਰ ਹੀ ਹੈ, ਤੇਰੀ ਉਸ ਨਾਲੋਂ ਵਿੱਥ ਤੇਰੀ ਹੰਗਤਾ ਤੇ ਮਮਤਾ ਨੇ ਪਾਈ ਹੋਈ ਹੈ। ਜਿਵੇਂ ਕਿ –

***ਸਭ ਕਿਛੁ ਘਰ ਮਹਿ ਬਾਹਰਿ ਨਾਹੀ॥***
***ਬਾਹਰਿ ਟੋਲੈ ਸੋ ਭਰਮਿ ਭੁਲਾਹੀ॥***
***ਗੁਰ ਪਰਸਾਦੀ ਜਿਨੀ ਅੰਤਰਿ ਪਾਇਆ***
***ਸੋ ਅੰਤਰਿ ਬਾਹਰਿ ਸੁਹੇਲਾ ਜੀਉ॥*** ***ਪੰਨਾ – 102***

ਸੋ ਮੇਰੇ ਮਹਾਂਪੁਰਸ਼ ਇਸ ਨੂੰ ਇਸ ਗੱਲ ਦੀ ਸੋਝੀ ਦੇਣਗੇ ਕਿ ਜਿਸ ਸੁਖ ਨੂੰ ਤੂੰ ਭਾਲਦਾ ਫਿਰਦਾ ਹੈਂ ਉਹ ਤੇਰੇ ਅੰਦਰ ਹੈ। ਉਸ ਸਾਧੂ ਦੀ ਕ੍ਰਿਪਾ ਨਾਲ ਜੇ ਇਸ ਜੀਵ ਨੇ ਬਚਨ ਕਮਾ ਲਿਆ ਤਾਂ ਇਹ ਜਨਮਾਂ ਜਨਮਾਂਤਰਾਂ ਦਾ ਵਿਛੜਿਆ ਹੋਇਆ ਮਿਲ ਜਾਵੇਗਾ। ਨਾਮ ਧਿਆਉਣ ਦੇ ਨਾਲ ਇਸ ਨੂੰ ਇਹ ਮਤ ਮਿਲ ਜਾਵੇਗਾ ਜਿਸ ਨਾਲ ਇਹ ਇਸ ਗੁਪਤ ਖਜ਼ਾਨੇ ਨੂੰ ਅੰਦਰੋਂ ਹੀ ਭਾਲ ਲਵੇਗਾ।

***ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥***
***ਮਨੁ ਪੀਵੈ ਸੁਨਿ ਸਬਦੁ ਬੀਚਾਰਾ॥***
***ਅਨਦ ਬਿਨੋਦ ਕਰੇ ਦਿਨ ਰਾਤੀ***
***ਸਦਾ ਸਦਾ ਹਰਿ ਕੇਲਾ ਜੀਉ॥***
***ਜਨਮ ਜਨਮ ਕਾ ਵਿਛੁੜਿਆ ਮਿਲਿਆ॥***
***ਸਾਧ ਕ੍ਰਿਪਾ ਤੇ ਸੂਕਾ ਹਰਿਆ॥***
***ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥***
***ਜਲ ਤਰੰਗੁ ਜਿਉ ਜਲਹਿ ਸਮਾਇਆ॥***
***ਤਿਉ ਜੋਤੀ ਸੰਗਿ ਜੋਤਿ ਮਿਲਾਇਆ॥***
***ਕਹੁ ਨਾਨਕ ਭ੍ਰਮ ਕਟੇ ਕਿਵਾੜਾ***
***ਬਹੁੜਿ ਨ ਹੋਈਐ ਜਉਲਾ ਜੀਉ॥*** ***ਪੰਨਾ – 102***

ਸੋ ਪ੍ਰਭੂ ਨੇ ਕਿਹਾ ਕਿ ਸਭ ਤੋਂ ਪਹਿਲਾਂ ਉਸ ਉਪਰ ਹਉਮੈ ਦਾ ਕੂੜ ਕੁਬਾੜ ਹੋਵੇਗਾ ਜੋ ਨਿਰਾ ਹੀ ਰੋਗ ਹੈ ਜੋ ਇਸ ਜੀਵ ਨੂੰ ਮੇਰੇ ਨਾਲ ਕਿਸੇ ਤਰ੍ਹਾਂ ਵੀ ਮਿਲਣ ਨਹੀਂ ਦੇਵੇਗਾ ਕਿਉਂਕਿ ਹਉਮੈ ਤੱਤ ਸਦਾ ਹੀ ਪਰੀਪੂਰਨ ਨਾਮ ਦਾ ਵਿਰੋਧੀ ਤੱਤ ਹੋਣ ਕਰਕੇ ਆਪਣੀ ਹੋਂਦ ਛੱਡਣ ਲਈ ਤਿਆਰ ਨਹੀਂ ਹੋਵੇਗਾ। ਫੇਰ ਮੈਂ ਦੂਜੀ ਤਹਿ ਇਸ ਉਪਰ ਅਗਿਆਨ ਦੀ ਲਾਉਣੀ ਹੈ। ਫੇਰ ਅਨੇਕ ਕਿਸਮ ਦੇ ਰਸ ਕੁਰਸ ਜੋ ਜੀਵ ਨੂੰ ਸਦਾ ਹੀ ਮੋਹਿਤ ਰਖਣਗੇ ਉਨ੍ਹਾਂ ਦੀ ਲਾਉਣੀ ਹੈ। ਜਿਸ ਕਰਕੇ ਆਤਮ ਤੱਤ ਨੂੰ ਖੋਜ ਕੇ ਪ੍ਰਾਪਤ ਕਰ ਲੈਣਾ ਇਸ ਜੀਵ ਲਈ ਬਹੁਤ ਹੀ ਅਸੰਭਵ ਹੋਵੇਗਾ। ਦੇਵਤਿਆਂ ਨੇ ਕਿਹਾ ਕਿ ਹੇ ਪ੍ਰਭੂ! ਇਹ ਆਤਮ ਧਨ ਪ੍ਰਾਪਤ ਕੌਣ ਕਰਾਵੇਗਾ? ਤਾਂ ਪ੍ਰਭੂ ਨੇ ਕਿਹਾ ਕਿ ਮੇਰੇ ਵਿਚ ਅਭੇਦ ਹੋਏ ਹੋਏ ਗੁਰਮੁਖ ਇਨ੍ਹਾਂ ਤੈਹਾਂ ਨੂੰ ਖੁਣ ਕੇ ਆਤਮ ਸਾਖਸ਼ਾਤ ਕਰਾਉਣਗੇ ਜੋ ਦਰਅਸਲ ਮੈਂ ਹੀ ਸੰਤ ਰੂਪ ਵਿਚ ਹੋਵਾਂਗਾ, ਗੁਰ ਉਪਦੇਸ਼ ਕਮਾ ਕੇ ਇਹ ਜੀਵ ਦੇ ਸਾਰੇ ਭਰਮਾਂ ਦਾ ਨਾਸ਼ ਹੋਣ ਤੇ ਇਸ ਦੇ ਅਗਿਆਨ ਦਾ ਨਾਸ਼ ਹੋ ਜਾਵੇਗਾ ਅਤੇ ਫਿਰ ਇਹ ਮੇਰੀ ਜੋਤੀ ਵਿਚ ਸਮਾ ਕੇ ਪਰਮ ਸੁਖੀ ਹੋ ਜਾਵੇਗਾ ਪਰ ਇਸ ਲਈ ਖੋਜਣ ਦੀ ਅਤੀ ਲੋੜ ਹੈ। ਮੇਰੇ ਮਹਾਂਪੁਰਸ਼ ਇਸ ਨੂੰ ਉਹ ਮੰਤਰ ਦੇਣਗੇ ਜਿਸ ਦਾ ਜਾਪ ਕਰਕੇ ਇਹ ਕਰੜੀਆਂ ਤੈਹਾਂ ਵਿਚ ਵੱਡਾ ਸੁਰਾਖ (bore) ਕਰ ਦੇਵੇਗਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਸਭੁ ਆਤਮ ਰਾਮੁ ਪਛਾਣਿਆ***
***ਤਾਂ ਇਕੁ ਰਵਿਆ ਇਕੋ ਓਤਿ ਪੋਤਿ॥***
***ਇਕੁ ਦੇਖਿਆ ਇਕੁ ਮੰਨਿਆ***
***ਇਕੋ ਸੁਣਿਆ ਸ੍ਰਵਣ ਸਰੋਤਿ॥***
***ਜਨ ਨਾਨਕ ਨਾਮੁ ਸਲਾਹਿ ਤੂ***
***ਸਚੁ ਸਚੇ ਸੇਵਾ ਤੇਰੀ ਹੋਤਿ॥*** ***ਪੰਨਾ – 309***

ਇਹ ਇਕ ਅਜਿਹੀ ਕਥਾ ਹੈ ਜੋ ਪ੍ਰਤੀਕ ਰੂਪ ਦੇ ਵਿਚ ਅਸਾਨੂੰ ਇਹ ਦਸਦੀ ਹੈ ਕਿ ਵਾਹਿਗੁਰੂ ਜੀ ਤੇਰੇ ਅੰਦਰ ਸਮਾਏ ਹੋਏ ਹਨ। ਆਤਮਾ ਪ੍ਰਮਾਤਮਾ ਇਕੋ ਹੀ ਹਨ, ਇਹ ਦੋ ਨਹੀਂ ਹਨ। ਉਸ ਨੂੰ ਸਾਖਸ਼ਾਤ ਕਰਨਾ ਤੇਰਾ ਪਰਮ ਮਨੋਰਥ ਹੈ ਜਦੋਂ ਤਕ ਤੇਰਾ ਗੁਰਮੁਖ ਨਾਲ ਮਿਲਾਪ ਨਹੀਂ ਹੁੰਦਾ ਤੈਨੂੰ ਰਸਤਾ ਪ੍ਰਾਪਤ ਨਹੀਂ ਹੋਣਾ। ਸੋ ਆਤਮ ਤੱਤ ਨੂੰ ਸਾਖਸ਼ਾਤ ਕਰਨ ਲਈ ਤੱਤ ਬੇਤੇ ਮਹਾਂਪੁਰਸ਼ ਦੀ ਆਵਸ਼ਕਤਾ ਹੈ ਜਿਸ ਬਾਰੇ ਫੁਰਮਾਨ ਹੈ –

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥*** ***ਪੰਨਾ – 749***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਆਤਮ ਵਸਤੂ ਇਸ ਦੇਹੀ ਦੇ ਅੰਦਰ ਛੁਪੀ ਹੋਈ ਹੈ। ਗੁਹਜ ਰਤਨ ਇਸ ਸਰੀਰ ਦੇ ਅੰਦਰ ਹਨ। ਗੁਰਮੁਖ ਅਜਿਹੀ ਸੁਮੱਤ ਦਿੰਦਾ ਹੈ ਜਿਸ ਰਾਹੀਂ ਇਹ ਜੀਵ ਅੰਦਰ ਖੁਣਨਾ ਸ਼ੁਰੂ ਕਰ ਦਿੰਦਾ ਹੈ ਅਤੇ ਆਤਮ ਵਸਤੂ ਤਕ ਪਹੁੰਚ ਜਾਂਦਾ ਹੈ। ਆਤਮ ਵਸਤੂ ਦੇ ਪ੍ਰਗਟ ਹੁੰਦਿਆਂ ਹੀ ਹਉਮੈ ਅਤੇ ਉਸ ਦੇ ਪਰਿਵਾਰ ਦੇ ਸਾਰੇ

ਔਗੁਣਾਂ ਦਾ ਇਕ ਦਮ ਨਾਸ਼ ਹੋ ਜਾਂਦਾ ਹੈ। ਆਤਮ ਸ਼ਾਖਸ਼ਾਤਕਾਰ ਹੋ ਜਾਂਦਾ ਹੈ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਭ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂੰ ਸਚੁ ਸਚੇ ਸੇਵਾ ਤੇਰੀ ਹੋਤਿ॥*
*ਪੰਨਾ – 309*

ਜਦੋਂ ਤੋਂ ਸੰਸਾਰ ਰਚਿਆ ਗਿਆ ਹੈ ਉਸ ਵੇਲੇ ਤੋਂ ਹੀ ਸਤਿ ਅਤੇ ਪਰਮ ਸੁਖ ਦੀ ਖੋਜ ਇਹ ਜੀਵ ਕਰ ਰਿਹਾ ਹੈ ਇਸ ਨੇ ਬੇਅੰਤ ਜੁਗਤਾਂ, ਤਰੀਕੇ ਸਤਿ ਤਕ ਪਹੁੰਚਣ ਦੇ ਵਰਤੇ ਹਨ। ਕਈ ਬਹੁਤ ਕਰੜੇ ਹਨ, ਕਈ ਸੁਖੈਨ ਹਨ ਪਰ ਹਰ ਥਾਂ ਪ੍ਰਾਪਤੀ ਉਸ ਨੂੰ ਹੀ ਹੋਈ ਹੈ ਜਿਸ ਨੂੰ ਸਮਰੱਥ ਗੁਰੂ ਦਾ ਮਿਲਾਪ ਹੋਇਆ ਹੈ। ਸਮਰੱਥ ਗੁਰੂ ਨੇ ਸ਼ਬਦ ਦਾ ਚਾਨਣਾ ਇਸ ਦੇ ਹੱਥ ਵਿਚ ਫੜਾ ਕੇ ਇਸ ਨੂੰ ਖੋਜ ਲਈ ਤਤਪਰ ਕਰ ਦਿਤਾ।

ਸਾਧਸੰਗਤ ਜੀ! ਆਪ ਦੀ ਗਿਆਤ ਲਈ ਕੁਝ ਸਾਧਨ ਜੋ ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਪ੍ਰਚਲਤ ਹਨ ਉਨ੍ਹਾਂ ਬਾਰੇ ਇਸ ਥਾਂ ਦਸਣਾ ਕੁਥਾਹ ਨਹੀਂ ਹੋਵੇਗਾ। ਜਿਨ੍ਹਾਂ ਦਾ ਵੇਰਵਾ ਅੰਕਿਤ ਕੀਤਾ ਜਾਂਦਾ ਹੈ।

ਸਤਿਜੁਗ ਵਿਚ ਉਸ ਸਮੇਂ ਦੇ ਮਨੁੱਖਾਂ ਦੀ ਮਨੋਬਿਰਤੀ ਬਹੁਤ ਉਚੀ ਸੀ, ਉਹ ਸੱਚ ਨੂੰ ਹਰ ਥਾਂ ਪਸਰਿਆ ਦੇਖਦੇ ਸਨ ਅਤੇ ਮੈਂ ਦਾ ਭਾਵ ਉਨ੍ਹਾਂ ਵਿਚ ਬਹੁਤ ਘੱਟ ਸੀ ਉਹ ਗਿਆਨ ਵਿਚ ਰਹਿੰਦੇ ਸਨ ਅਤੇ ਪ੍ਰਭੂ ਨਾਲ ਮਿਲੇ ਹੋਏ ਸਨ। ਤ੍ਰੇਤੇ ਜੁਗ ਦੇ ਵਿਚ ਜੀਵ ਦੀ ਮਨੋਬਿਰਤੀ ਖਿੰਡ ਗਈ ਅਤੇ ਇਸ ਨੇ ਯੱਗ ਵਗੈਰਾ ਕਰਨੇ ਸ਼ੁਰੂ ਕਰ ਦਿਤੇ। ਯੱਗਾਂ ਦੀ ਕੋਈ ਵੀ ਗਿਣਤੀ ਨਹੀਂ ਸੀ। ਇਨ੍ਹਾਂ ਨੂੰ ਕਰਾਉਣ ਵਾਸਤੇ ਪਰੋਹਤ ਜਮਾਤ ਹੋਂਦ ਵਿਚ ਆਈ। ਅਨੇਕ ਭਾਂਤ ਦੇ ਯੱਗ ਕਰਾਉਂਦੇ ਰਹੇ। ਲੋਕ ਸ਼ੁਭ ਕਰਮ ਕਰਦੇ ਸਨ। ਅਜੇ ਵੀ ਜੀਵ ਦਾ ਪੂਰਨ ਰੂਪ ਵਿਚ ਪਤਨ ਨਹੀਂ ਸੀ ਹੋਇਆ। ਪਰ ਉਸ ਦੇ ਅੰਦਰ ਹਉਮੈ ਦਾ ਹਨ੍ਹੇਰਾ ਕਾਫੀ ਵਧ ਚੁਕਿਆ ਸੀ ਅਤੇ ਉਸ ਨੂੰ ਸਰਬ ਰਮੀ ਹੋਈ ਆਤਮਾ ਦੀ ਥਾਂ ਆਪਣੀ ਹੋਂਦ ਦਾ ਭੁਲੇਖਾ ਪੈਣ ਲੱਗਿਆ। ਇਸ ਤਰ੍ਹਾਂ ਨਾਲ ਦੁਆਪਰ ਯੁੱਗ ਵਿਚ ਅਨੇਕ ਕਿਸਮ ਦੀ ਪੂਜਾ ਪ੍ਰਚਲਤ ਹੋਈ, ਲੋਕ ਯੱਗ ਵੀ ਕਰਦੇ ਸਨ, ਪੂਜਾ ਵੀ ਕਰਦੇ ਸਨ ਅਤੇ ਲੰਮੇ ਸਮੇਂ ਲਈ ਤਪ ਵੀ ਕਰਦੇ ਸਨ, ਮੋਹ ਮਾਇਆ ਦਾ ਅਸਰ ਅਜੇ ਪੂਰੀ ਤਰ੍ਹਾਂ ਨਾਲ ਮਨੁੱਖ ਨੂੰ ਕਾਬੂ ਨਹੀਂ ਸੀ ਕਰ ਸਕਿਆ। ਅਨੇਕ ਤਰ੍ਹਾਂ ਦੀ ਯੋਗ ਸਾਧਨਾ ਕਰਕੇ ਕਲੇਸ਼ਾਂ ਨੂੰ ਦੂਰ ਕਰਦੇ ਸਨ ਅਤੇ ਗਿਆਨ ਹੋਣ ਉਪਰੰਤ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਸੀ। ਪਰ ਹਉਮੈ ਰੋਗ ਕਰਕੇ ਪ੍ਰਭੂ ਪ੍ਰਾਪਤੀ ਦਾ ਕਾਫੀ ਔਖਾ ਕੰਮ ਹੋ ਗਿਆ ਕਿਉਂਕਿ ਸਤਿ ਦੀ ਪਛਾਣ ਵਿਚ ਇਕ ਦੀਵਾਰ ਪੈਦਾ ਹੋ ਗਈ। ਉਸ ਦੀਵਾਰ ਨੂੰ ਤੋੜਨ ਲਈ ਗੁਰੂ ਦੀ ਮਦਦ ਦੀ ਆਵਸ਼ਕਤਾ ਵਧ ਗਈ, ਸਮੇਂ ਬਦਲ ਗਏ, ਮਨੁੱਖ ਪੂਰੀ ਤਰ੍ਹਾਂ ਨਾਲ ਹਉਮੈ ਦੇ ਹਨ੍ਹੇਰੇ ਵਿਚ ਪ੍ਰਵੇਸ਼ ਕਰ ਗਿਆ ਅਤੇ ਪੂਰੀ ਤਰ੍ਹਾਂ ਨਾਲ ਭੁੱਲ ਗਿਆ ਕਿ ਮੈਂ ਕੌਣ ਹਾਂ, ਮੇਰਾ ਅਸਲਾ ਕੀ ਹੈ, ਪ੍ਰਭੂ ਕੀ ਹੈ, ਸੰਸਾਰ ਕੀ ਹੈ, ਮੇਰਾ ਜੀਵਨ ਮਨੋਰਥ ਕੀ ਹੈ, ਇਹ ਐਨਾ ਭੁੱਲਿਆ ਕਿ ਇਸ ਨੇ ਆਪਣਾ ਜੀਵਨ ਮਨੋਰਥ ਮਾਇਆ ਇਕੱਠੀ ਕਰਨੀ ਅਤੇ ਮਾਇਆ ਦੀਆਂ ਅਨੇਕਾਂ ਪ੍ਰਾਪਤੀਆਂ ਕਰਨ ਵਿਚ ਰੁਲ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਨੁੱਖ ਦੀ ਸੋਚ ਪੱਧਰ ਪ੍ਰੇਤ ਦੇ ਬਰਾਬਰ ਹੋ ਗਈ।

ਸਤਿਜੁਗ ਵਿਚ ਬ੍ਰਹਮ ਦੀ ਵਿਚਾਰ ਕਰਨ ਵਾਲੇ ਪੁਰਸ਼ ਸਨ, 17 ਲੱਖ 28 ਹਜ਼ਾਰ ਸਾਲ ਦਾ ਸਮਾਂ ਸਤਿਜੁਗ ਦੇ ਪ੍ਰਭਾਵ ਵਿਚ ਲੰਘਿਆ ਅਤੇ ਇਸ ਪਿਛੋਂ ਦੁਆਪਰ ਅਤੇ ਤ੍ਰੇਤਾ ਆਏ। ਤ੍ਰੇਤੇ ਦਾ ਸਮਾਂ 12 ਲੱਖ 96 ਹਜ਼ਾਰ ਸਾਲ ਗਿਣਿਆ ਗਿਆ ਅਤੇ ਦੁਆਪਰ 8 ਲੱਖ 64 ਹਜ਼ਾਰ ਸਾਲ ਦੇ ਸਮੇਂ ਨੂੰ ਆਖਿਆ ਗਿਆ ਇਸ ਵਿਚ ਜੀਵ ਮਨੁੱਖਤਾ ਦੀ ਪੱਧਰ ਉਪਰ ਰਿਹਾ ਪਰ ਕਲਜੁੱਗ ਵਿਚ ਪੈਰ ਰਖਦੇ ਸਾਰ ਸੰਸਾਰ ਵਿਚ ਪਾਪਾਂ ਦਾ ਪਸਾਰਾ ਹੋ ਗਿਆ, ਹਰ ਧਰਮ, ਧਾਰਮਿਕ ਅਸਥਾਨਾਂ ਵਿਚ ਪਾਖੰਡ ਪ੍ਰਧਾਨ ਹੋ ਗਿਆ। ਮਦਰਾ, ਮਾਸ, ਵਿਸ਼ੇ ਭੋਗ ਆਮ ਹੋ ਗਏ ਅਤੇ ਜੀਵ ਦੀ ਬਿਰਤੀ ਭੂਤਾਂ ਪ੍ਰੇਤਾਂ ਦੇ ਬਰਾਬਰ ਹੋ ਗਈ ਜਿਵੇਂ ਕਿ ਫੁਰਮਾਨ ਹੈ –

*ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ*
*ਵਿਰਲੈ ਹਉਮੈ ਮਾਰੀ॥*
*ਕਲਿ ਮਹਿ ਰਾਮ ਨਾਮਿ ਵਡਿਆਈ॥*
*ਜੁਗਿ ਜੁਗਿ ਗੁਰਮੁਖਿ ਏਕੋ ਜਾਤਾ*
*ਵਿਣੁ ਨਾਵੈ ਮੁਕਤਿ ਨ ਪਾਈ॥*
*ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ॥*
*ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ॥*
*ਪੰਨਾ – 1131–32*

ਕਲਜੁਗ ਦੀ ਸਾਧਨਾ ਗੁਰੂ ਮਹਾਰਾਜ ਜੀ ਨੇ ਨਾਮ ਮਾਰਗ ਹੀ ਦਸਿਆ। ਪਹਿਲਿਆਂ ਸਮਿਆਂ ਵਿਚ ਮਨੁੱਖ ਚਾਰ ਆਸ਼ਰਮਾਂ ਵਿਚੋਂ ਲੰਘਦਾ ਸੀ, ਪਹਿਲੇ ਨੂੰ ਬ੍ਰਹਮਚਰੀਯ ਆਸ਼ਰਮ ਕਿਹਾ ਜਾਂਦਾ ਸੀ ਜਿਸ ਵਿਚ ਉਹ ਮਹਾਂਪੁਰਸ਼ਾਂ ਵਿਦਵਾਨਾਂ ਵਲੋਂ ਚਲਾਏ ਹੋਏ ਵਿਦਿਆਲਿਆਂ ਵਿਚ ਜਾ ਕੇ ਵਿਦਿਆ ਦਾ ਅਧਿਐਨ ਕਰਦਾ ਸੀ। ਦੂਸਰਾ ਆਸ਼ਰਮ 25 ਤੋਂ 50 ਸਾਲ ਦਾ ਉਹ ਸੀ ਜਿਸ ਵਿਚ ਮਨੁੱਖ ਗ੍ਰਹਿਸਤ ਵਿਚ ਪ੍ਰਵੇਸ਼ ਹੋ ਕੇ ਬਾਲ ਬੱਚੇ ਪਾਲਦਾ ਸੀ ਅਤੇ ਅਨੇਕ ਕਿਸਮ ਦੇ ਕੰਮ ਕਰਕੇ ਧਨ ਪੈਦਾ ਕਰਦਾ ਸੀ ਅਤੇ ਇਕ ਆਦਰਸ਼ਕ ਗ੍ਰਹਿਸਤੀ ਹੋ ਕੇ ਜੀਵਨ ਬਤੀਤ ਕਰਿਆ ਕਰਦਾ ਸੀ। ਇਸ ਗ੍ਰਹਿਸਤ ਆਸ਼ਰਮ ਵਿਚ ਉਸਨੂੰ ਅਨੇਕ ਕਿਸਮ ਦੇ ਕਰਮ ਆਦਿ ਕਰਨੇ ਪੈਂਦੇ ਸਨ। 50 ਤੋਂ 75 ਸਾਲ ਤਕ ਦਾ ਸਮਾਂ ਵਾਨ ਪ੍ਰਸਤ ਆਸ਼ਰਮ ਕਹਾਇਆ ਕਰਦਾ ਸੀ। ਇਸ ਵਿਚ ਗ੍ਰਹਿਸਤ ਦਾ ਪੂਰਨ ਤੌਰ ਤੇ ਤਿਆਗ ਕਰਕੇ ਸਾਰਾ ਕਾਰੋਬਾਰ ਆਪਣੇ ਬੱਚਿਆਂ ਨੂੰ ਸੰਭਾਲ ਕੇ ਸੰਸਾਰ ਵਲੋਂ ਪਿੱਠ ਮੋੜ ਕੇ ਅੰਤਰ ਖੋਜ ਕਰਨ ਲਈ ਵੱਡੇ-ਵੱਡੇ ਮਹਾਂਪੁਰਸ਼ਾਂ ਦੇ ਆਸ਼ਰਮਾਂ ਵਿਚ ਜਾ ਕੇ ਅਨੇਕ ਕਿਸਮ ਦੇ ਤਪ, ਸਾਧਨਾਵਾਂ ਰਾਹੀਂ ਅੰਤਰ ਖੋਜ ਕਰਿਆ ਕਰਦੇ ਸਨ ਅਤੇ ਗਿਆਨ ਦ੍ਰਿੜ ਕਰਨ ਉਪਰੰਤ 75 ਸਾਲ ਤੋਂ ਉਪਰਲੀ ਉਮਰ ਵਿਚ ਸੰਨਿਆਸੀ ਹੋ ਕੇ ਸੰਸਾਰ ਨੂੰ ਉਪਦੇਸ਼ ਦਿੰਦੇ ਸਨ। ਪਰ ਜਿਉਂ-ਜਿਉਂ ਕਲਜੁਗ ਦਾ ਅਸਰ ਵਧਦਾ ਗਿਆ ਸੰਸਾਰ ਵਿਚ ਹਨ੍ਹੇਰਾ ਪਸਰਦਾ ਗਿਆ ਅਤੇ ਪ੍ਰਭੂ ਨੂੰ ਮਿਲਣ ਦੇ ਨਵੇਂ-ਨਵੇਂ ਰਸਤੇ ਅਪਣਾਉਂਦਾ ਗਿਆ। ਬੇਅੰਤ ਕਿਸਮ ਦੇ ਰਸਤੇ ਚਲ ਪਏ ਅਤੇ ਬਹੁਤ ਕਿਸਮ ਦੇ

ਮਜ਼ਹਬ ਬਣ ਗਏ। ਸੱਚ ਦੀ ਖੋਜ ਦੀ ਥਾਂ ਕਰਮ ਧਰਮ ਪ੍ਰਧਾਨ ਹੋ ਗਏ ਅਤੇ ਦੁਨੀਆਂ ਕਰਮਾਂ ਧਰਮਾਂ ਵਿਚ ਭੁੱਲ ਗਈ। ਜਿਸ ਤਰ੍ਹਾਂ ਕਿ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ –

*ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ।*
*ਦਸ ਨਾਮਿ ਸੰਨਿਆਸੀਆਂ ਜੋਗੀ ਬਾਰਹ ਪੰਥਿ ਚਲਾਏ।*
*ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।*
*ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।*
*ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।*
*ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।*
*ਇਕਸਿ ਤੇ ਬਹੁ ਰੂਪਿ ਕਰਿ ਰੂਪ ਕੁਰੂਪੀ ਘਣੇ ਦਿਖਾਏ।*
*ਕਲਿਜੁਗਿ ਅੰਦਰਿ ਭਰਮਿ ਭੁਲਾਏ।*

***ਭਾਈ ਗੁਰਦਾਸ ਜੀ, ਵਾਰ 1/19***

ਅਤੇ ਉਸ ਵੇਲੇ ਦੇ ਜੋ ਕਰਮ ਸਨ ਉਨ੍ਹਾਂ ਦੇ ਬਾਰੇ ਫੁਰਮਾਨ ਕਰਦਿਆਂ ਉਨ੍ਹਾਂ ਨੂੰ ਫੋਕਟ ਕਰਮ ਆਖਿਆ ਜਾਂਦਾ ਹੈ ਕਿ –

*ਕਲਿਜੁਗਿ ਬੌਧੁ ਅਉਤਾਰ ਹੈ ਬੋਧ ਅਬੋਧੁ ਨ ਦ੍ਰਿਸਟੀ ਆਵੈ।*
*ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ॥*
*ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜੀ ਪੁਜਾਵੈ।*
*ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।*
*ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ।*
*ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।*
*ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੇ।*
*ਫੋਕਟਿ ਧਰਮੀ ਭਰਮਿ ਭੁਲਾਵੈ।।*

***ਭਾਈ ਗੁਰਦਾਸ ਜੀ, ਵਾਰ 1/18***

ਇਸ ਸਮੇਂ ਵਿਚ ਨਾਥਾਂ ਦੀ ਸੰਪਰਦਾ ਹਠ ਯੋਗ ਵਿਚ ਪ੍ਰਵਿਰਤ ਹੋ ਗਈ ਅਤੇ ਬਹੁਤ ਹੀ ਕਰੜੇ ਸਾਧਨ ਅਪਨਾਅ ਕੇ ਪਰਮ ਪਦ ਦੀ ਪ੍ਰਾਪਤੀ ਲਈ ਪ੍ਰਵਿਰਤ ਹੋਣ ਲੱਗੇ। ਬਹੁਤ ਸਾਰੇ ਜਗਿਆਸੂ ਪਾਤੰਜਲ ਰਿਸ਼ੀ ਦੇ ਦੱਸੇ ਹੋਏ ਰਾਜ ਯੋਗ ਦੇ ਮਾਰਗ ਨੂੰ ਅਪਣਾਉਣ ਲੱਗੇ। ਇਹ ਸਾਧਨ ਵੀ ਬਹੁਤ ਔਖੇ ਸਨ। ਜਿਵੇਂ ਕਿ ਦੱਸਿਆ ਗਿਆ ਹੈ –

*ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।*
*ਵੇਦ ਅਥਰਬਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।*
*ਜਿਉ ਕਰਿ ਮੈਲੀ ਆਰਸੀ ਸਿਕਲ ਬਿਨਾ ਨਹਿ ਮੁਖਿ ਦਿਖਾਈ।*
*ਜੋਗੁ ਪਦਾਰਥ ਨਿਰਮਲਾ ਅਨਹਦ ਧੁਨਿ ਅੰਦਰਿ ਲਿਵਲਾਈ।*
*ਅਸਟਦਸਾ ਸਿਧਿ ਨਉ ਨਿਧੀ ਗੁਰਮੁਖਿ ਜੋਗੀ ਚਰਨ ਲਗਾਈ।*
*ਤ੍ਰਿਹੁ ਜੁਗਾ ਕੀ ਬਾਸਨਾ ਕਲਿਜੁਗ ਵਿਚਿ ਪਾਤੰਜਲਿ ਪਾਈ।*
*ਹਥੋ ਹਥੀ ਪਾਈਐ ਭਗਤਿ ਜੋਗ ਕੀ ਪੂਰ ਕਮਾਈ।*
*ਨਾਮ ਦਾਨ ਇਸਨਾਨੁ ਸੁਭਾਈ॥*

***ਭਾਈ ਗੁਰਦਾਸ ਜੀ, ਵਾਰ1/14***

***'ਚਲਦਾ'***

**L L L L L L L**

---


## FOR ATAM MARG MAGAZINE & BOOKS, PLEASE CONTACT : -

1. **ARJAN SINGH**
1, JUBILEE GARDENS,
SOUTHALL MIDDX LONDON
UBI-21J, U.K. PH. 01-578-6564
2. **AVINDER SINGH TAKHAR,**
118 UXBRIDGE ROAD,
SOUTHALL MIDDX,
UBI-3DW LONDON U.K
PH : OFF. O171-581-3109,
RESI : 0181-571-114
3. **SUKHDEV KAUR CHEEMA**
70, THE JETTY,
LOWER SHELTON
MARSTON MORATAINA
MK 43-OLW, U.K.
PH : 01234-76-7602
4. **SUKHJINER SINGH KHERA**
KTC LTD., BEACON WORKS,
FRIAR PARD ROAD
WENESBURY,
WEST MIDLANDS WSIO-OJU,
ENGLAND
Fax : 0171-581-3109
Off : 0171-584-7654
5. **SWARAN SINGH,**
423 CORINTHIA DR.,
MILPITAS, CA-95035-3617 USA
PH : 708-682-8939, 708-934-6174
6. **SATNAM SINGH ATWAL**
2755 GUILDHALL DR.
CA-95132, SANJOSE, USA
PH : 408-263-1844
7. **MANJIT SINGH GILL**
178, HILLANDALE DR.,
GLOOMINGDALE,
ILL-60108 USA
PH : 708-893-5156,
708-893-5835
8. **MOHINDER SINGH GILL**
GILL. PETROLEUM INC.
837E GLENWOOD AVE.
TURLOCK CA - 95380 USA
FAX.209-66822, 01-800-542-7100,
209-667-5536, 209-632-0512
9. **JAGJIWAN SINGH**
231 DIXON LANDINGH ROAD,
APT # 204, MILPITAS
CA-95035 USA
FAX. 408-960-8562,
OFF. 480-492-4313,
RESI - 408-496-1905,
MOBLIE NO. 408-569-6184
10. **SARMUKH SINGH PANNU**
5633, RHODER ST.
VANCOUVER B.C.
V5R-3P2 CANADA
PH : 604-433-0408
11. **TARSEM SINGH BAINS,**
15465 KILMORE PLACE,
SURREY B.C.
V3S-6N3 CANADA
PH : 604-576-211
12. **JASBIR SINGH RANU**
10135-143 ST.,
SURREY B.C. V3T-UT2
CANADA
PH : 604-589-9189
13. **SWARAN SINGH VIRDI**
103101 98TH AVE.,
SURREY B.C.V3T-1B8
CANADA
PH : 708-202-1545
14. **JEEWAN SINGH**
4, NORBROKE CRT.
MILL PARK-3082
MELBOURNE, AUSTRALIA
03-436-6898, 03-436-5865
15. **BALWINDER SINGH CHAHAL**
11/101 EVALINI SR.,
CAMPSIE NSW-2194
AUSTRARALIA
PH : 00612-96228188
16. **JAGIR SINGH**
SOPHIA STREET-70,
ROTTERDAM,
HOLLAND NETHERLAND,
010-2124-608
17. **SITAL SINGH**
GREECE
01-42-22-851 ; 01-42-22-850

# Sacred Journey
# ਪਵਿੱਤਰ ਪੈਂਡਾ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਤੇਹਰਵਾਂ ਅਧਿਆਇ

### ਮੋਹ ਤੋਂ ਸੁਤੰਤਰ ਹੋਣਾ

ਇੱਛਾ ਅਨੁਸਾਰ ਅਨੰਦ ਵਿਚ ਆ ਕੇ ਸਰੀਰ ਛੱਡਣਾ ਜਿਵੇਂ ਯੋਗੀ ਕਰਦੇ ਹਨ ਇਹ ਹਰ ਕੋਈ ਕਰ ਸਕਦਾ ਹਰੇਕ ਕੋਲ ਇਹ ਸ਼ਕਤੀ ਹੋ ਸਕਦੀ ਹੈ ਪਰ ਬਹੁਤ ਸਾਰੇ ਲੋਕੀ ਸਿਖਣ ਦੀ ਕੋਸ਼ਿਸ਼ ਨਹੀਂ ਕਰਨਗੇ, ਬਹੁਤ ਲੋਕਾਂ ਲਈ ਮਹਾਂ ਸਮਾਧੀ ਭਾਵੇਂ ਕਿੰਨੀ ਵੀ ਉਤਸੁਕਤਾ ਪੈਦਾ ਕਰਨ ਵਾਲੀ ਕਿਉਂ ਨਾ ਹੋਵੇ ਇਹ ਅਭਿਆਸ ਹਰੇਕ ਦੀ ਪਹੁੰਚ ਵਿਚ ਨਹੀਂ ਤੇ ਏਨੇ ਗੁਪਤ ਹਨ ਸ਼ਾਇਦ ਕੋਈ ਦਸਣ ਵਾਲਾ ਵੀ ਨਾ ਹੋਵੇ। ਇਹੋ ਜਿਹੇ ਅਭਿਆਸ, ਜੀਵਨ ਦਾ ਮੰਤਵ ਬਣਾਏ ਜਾ ਸਕਦੇ ਹਨ ਜਿਹੜੇ ਜੀਵਨ ਵਿਚ ਉਤਸ਼ਾਹ ਪੈਦਾ ਕਰ ਸਕਦੇ ਹਨ ਇਨ੍ਹਾਂ ਨੂੰ ਸਮਝਣ ਨਾਲ ਜੀਵਨ ਨੂੰ ਇਕ ਨਵੀਂ ਦਸ਼ਾ ਦਿਤੀ ਜਾ ਸਕਦੀ ਹੈ। ਇਹ ਵੀ ਸਮਝਿਆ ਜਾ ਸਕਦਾ ਹੈ ਕਿ ਕਾਲ ਇਹ ਨਹੀਂ ਜਿਸ ਲਈ ਤੁਸੀਂ ਕੇਵਲ ਇੰਤਜ਼ਾਰ ਕਰੋ ਤੇ ਫੇਰ ਉਸ ਨੂੰ ਮਜ਼ਬੂਰ ਹੋ ਕੇ ਝੱਲੋ।

ਕਹਿਣ ਤੋਂ ਭਾਵ ਇਹ ਹੈ ਕਿ ਮਹਾਂ-ਸਮਾਧੀ ਤਾਂ ਹਰੇਕ ਲਈ ਨਹੀਂ ਹੈ, ਨਾ ਹੀ ਹਰ ਕੋਈ ਕਰ ਸਕਦਾ ਹੈ। ਇਹ ਆਮ ਮਨੁੱਖ ਲਈ ਨਹੀਂ, ਨਾ ਹੀ ਆਮ ਮਨੁੱਖ ਇਸ ਨੂੰ ਪ੍ਰਾਪਤ ਕਰ ਸਕਦਾ ਹੈ। ਪ੍ਰਸ਼ਨ ਉਠਦਾ ਹੈ ਕਿ ਜੇ ਮਹਾਂ ਸਮਾਧੀ ਹਰੇਕ ਲਈ ਨਹੀਂ ਹੈ ਤਾਂ ਆਮ ਮਨੁੱਖ ਕਾਲ ਨੂੰ ਕਿਵੇਂ ਦੇਖੇ, ਕਿਵੇਂ ਸਮਝੇ? ਕੀ ਆਮ ਮਨੁੱਖ ਲਈ ਕਾਲ ਇਕ ਹਨ੍ਹੇਰਾ ਹੀ ਬਣਿਆ ਰਹੇਗਾ ਇਕ ਹਨ੍ਹੇਰ ਗੁਬਾਰ ਜਿਹੜਾ ਅੰਤ ਸਮੇਂ ਆਪਣੇ ਆਪ ਵਿਚ ਮਨੁੱਖ ਨੂੰ ਲਪੇਟ ਲੈਂਦਾ ਹੈ, ਜਦੋਂ ਜੀ ਚਾਹੇ, ਜਿਥੇ ਜੀ ਚਾਹੇ, ਇਕ ਹਨ੍ਹੇਰ ਗੁਬਾਰ ਵਿਚ ਮਨੁੱਖ ਲਪੇਟਿਆ ਜਾਂਦਾ ਹੈ। ਬਹੁਤ ਵਾਰੀ ਮਨੁੱਖ ਇਸ ਲਈ ਤਿਆਰ ਵੀ ਨਹੀਂ ਹੁੰਦੇ, ਇਥੋਂ ਜਾਣਾ ਵੀ ਨਹੀਂ ਚਾਹੁੰਦੇ। ਫੇਰ ਆਮ ਮਨੁੱਖ ਨੂੰ ਕਿਵੇਂ ਕਾਲ ਲਈ ਤਿਆਰ ਕੀਤਾ ਜਾਵੇ? ਕਿਵੇਂ ਦੂਸਰਿਆਂ ਦੇ ਵਿਛੋੜੇ ਲਈ ਤਿਆਰ ਕੀਤਾ ਜਾਵੇ, ਆਪਣੇ ਪਿਆਰਿਆਂ ਦੇ ਵਿਛੋੜੇ ਲਈ? ਕਾਲ ਦੇ ਨਾਗ ਦੇ ਡਸਣ ਨੂੰ ਕਿਵੇਂ ਛੱਡਿਆ ਜਾਵੇ? ਕੀ ਮਾਨਵਤਾ ਨੂੰ ਢਾਰਸ ਦਿਤਾ ਜਾ ਸਕਦਾ ਹੈ ਇਹ ਕਹਿ ਕੇ ਕਿ ਮੌਤ ਤਾਂ ਇਕ ਵਿਸ਼ਵ ਦੀ ਸਚਾਈ ਹੈ ਤੇ ਅਟੱਲ ਹੈ, ਆਉਣੀ ਹੀ ਆਉਣੀ ਹੈ।

ਅਸੀਂ ਬਹੁਤ ਵਾਰੀ ਇਹ ਗੱਲ ਦਸ ਚੁੱਕੇ ਹਾਂ ਕਿ ਕਾਲ ਦੇ ਡਰ ਦਾ ਕਾਰਣ ਹੈ ਮੋਹ। ਸਰੀਰ ਦਾ ਮੋਹ, ਅਸੀਂ ਸੋਚਦੇ ਹਾਂ ਸਰੀਰ ਸਾਡਾ ਹੈ ਆਪਣੇ ਆਪ ਨੂੰ ਇਕ ਸਰੀਰ ਹੀ ਸਮਝਦੇ ਹਾਂ ਤੇ ਜਦੋਂ ਇਹ ਸੋਚਦੇ ਹਾਂ ਕਿ ਸਰੀਰ ਦਾ ਅੰਤ ਹੋ ਜਾਣਾ ਹੈ, ਬਹੁਤ ਡਰ ਲਗਦਾ ਹੈ ਕਿਉਂਕਿ ਸਰੀਰ ਦੇ ਅੰਤ ਨਾਲ ਆਪਣੀ ਹੋਂਦ ਦਾ, ਆਪਣੀ ਤਦਰੂਪਤਾ ਦਾ ਅੰਤ ਨਜ਼ਰ ਆਉਂਦਾ ਹੈ। ਜਦੋਂ ਤਕ ਅਗਿਆਨੀ ਹਾਂ ਤੇ ਸੋਚਦੇ ਹਾਂ, ਅਸੀਂ ਸਮੁੱਚੇ ਤੌਰ ਤੇ ਸਰੀਰ ਹਾਂ, ਸੂਖਮ ਤੌਰ ਤੇ ਸਾਨੂੰ ਕਾਲ ਦਾ ਡਰ ਲਗਦਾ ਹੈ। ਆਤਮ ਸਿੱਧੀ ਦੇ ਮਾਰਗ ਤੇ ਸਭ ਤੋਂ ਵੱਡਾ ਰੋੜਾ ਹੈ 'ਮੋਹ'। ਸਰੀਰ ਦਾ ਮੋਹ ਤੇ ਸੰਸਾਰਕ ਵਸਤੂਆਂ ਦਾ ਮੋਹ। ਇਹ ਮੋਹ ਸਾਨੂੰ ਆਪਣੇ ਅਧੀਨ ਕਰਕੇ ਗੁਲਾਮ ਬਣਾ ਲੈਂਦਾ ਹੈ। ਮੋਹ ਦੇ ਕਾਰਣ ਸਾਨੂੰ ਕਾਲ ਤੋਂ ਡਰ ਲਗਦਾ ਹੈ ਜਿੰਨਾਂ ਹੀ ਕੋਈ ਸਰੀਰ ਦਾ ਮੋਹ ਰਖੇਗਾ, ਸਰੀਰ ਲਈ ਚੇਤਨ ਹੋਵੇਗਾ, ਉਨਾਂ ਹੀ ਵੱਧ ਮਰਨ ਦਾ ਡਰ ਹੋਵੇਗਾ।

ਇਹੋ ਗੱਲ ਉਨ੍ਹਾਂ ਤੇ ਲਾਗੂ ਹੁੰਦੀ ਹੈ ਜਿਹੜੇ ਸੰਸਾਰਕ ਵਸਤੂਆਂ ਨਾਲ ਮੋਹ ਰਖਦੇ ਹਨ ਘਰ, ਜਾਇਦਾਦ, ਕਪੜੇ, ਗਹਿਣੇ ਪੈਸਾ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਇਹ ਚੀਜ਼ਾਂ ਖੁਸ ਜਾਣਗੀਆਂ, ਇਨ੍ਹਾਂ ਚੀਜ਼ਾਂ ਨੇ ਉਨ੍ਹਾਂ ਦੇ ਜੀਵਨ ਨੂੰ ਕੋਈ ਅਰਥ ਦਿਤਾ ਹੈ, ਕੋਈ ਤਦਰੂਪਤਾ ਦਿਤੀ ਹੈ, ਕੋਈ ਮਕਸਦ ਦਿਤਾ ਹੈ। ਦੂਸਰਿਆਂ ਨਾਲ ਵੀ ਕਦੀ ਬਹੁਤ ਮੋਹ ਪੈ ਜਾਂਦਾ ਹੈ, ਦੂਸਰਿਆਂ ਲਈ ਉਨ੍ਹਾਂ ਦੇ ਭਾਵ ਉਨ੍ਹਾਂ ਨੂੰ ਇਕ ਮਕਸਦ ਦਿੰਦੇ ਹਨ ਇਕ ਪਛਾਣ ਦਿੰਦੇ ਹਨ ਤੇ ਉਨ੍ਹਾਂ ਨੂੰ ਇਹ ਪਛਾਣ ਛੱਡਣ ਦਾ ਡਰ ਹੁੰਦਾ ਹੈ, ਉਹ ਸੋਚਦੇ ਹਨ, ਮਰਨ ਨਾਲ ਇਹ ਸਭ ਖਤਮ ਹੋ ਜਾਵੇਗਾ। ਇਸੇ ਤਰ੍ਹਾਂ ਉਨ੍ਹਾਂ ਨੂੰ

ਡਰ ਲਗਦਾ ਹੈ ਉਨ੍ਹਾਂ ਦੇ ਮਰਨ ਦਾ ਜਿਹੜੇ ਉਨ੍ਹਾਂ ਦੇ ਨੇੜੇ ਹਨ, ਉਨ੍ਹਾਂ ਦੇ ਆਪਣੇ ਹਨ ਜਿਨ੍ਹਾਂ ਨਾਲ ਉਨ੍ਹਾਂ ਦਾ ਮੋਹ ਹੈ, ਜੇ ਕਿਸੇ ਦੀ ਪਛਾਣ ਦੂਸਰੇ ਨਾਲ ਮੋਹ ਹੈ ਤਾਂ ਇਹ ਜ਼ਰੂਰੀ ਹੈ ਉਸਦੀ ਮੌਤ ਸਾਡੀ ਪਛਾਣ ਤੇ ਫਰਕ ਪਾਏਗੀ ਹੀ।

ਇਨ੍ਹਾਂ ਗੱਲਾਂ ਦਾ ਹਲ ਇਹ ਹੀ ਹੈ ਕਿ ਮੋਹ ਦਾ ਤਿਆਗ ਕੀਤਾ ਜਾਵੇ, ਸਰੀਰ ਦਾ ਮੋਹ ਛੱਡੋ, ਜਾਇਦਾਦ ਦਾ, ਹੋਰ ਚੀਜ਼ਾਂ ਦਾ ਮੋਹ ਛੱਡਣਾ ਪਵੇਗਾ। ਮੋਹ ਛੱਡਣ ਜਾਂ ਘਟਾਉਣ ਤੋਂ ਇਹ ਭਾਵ ਨਹੀਂ ਜੀਵਨ ਤੋਂ ਪਾਸੇ ਹੋ ਜਾਓ। ਨਾ ਜੀਵਨ ਦਾ ਅਨੰਦ ਲਓ, ਨਾ ਜੀਵਨ ਦਾ ਮੁੱਲ ਪਾਓ। ਵਾਸਤਵ ਵਿਚ ਇਸ ਤੋਂ ਉਲਟ ਹੁੰਦਾ ਹੈ, ਜ਼ਿੰਦਗੀ ਲੰਮੀ ਹੁੰਦੀ ਹੈ, ਭਰਪੂਰ ਹੁੰਦੀ ਹੈ ਤੇ ਵਿਸਥਾਰ ਹੁੰਦੀ ਹੈ, ਮੋਹ ਘਟਦਾ ਹੈ। ਮਨੁੱਖ ਪਿਆਰ ਕਰਨਾ ਸਿਖਦਾ ਹੈ, ਦੇਣਾ ਸਿਖਦਾ ਹੈ, ਦੂਸਰਿਆਂ ਲਈ ਖਿੜ ਜਾਂਦਾ ਹੈ, ਸੰਸਾਰ ਦੀਆਂ ਘਟਨਾਵਾਂ ਨੂੰ ਖਿੜ ਕੇ ਦੇਖਦਾ ਹੋ। ਮੋਹ ਤੋਂ ਭਾਵ ਹੈ ਕਬਜ਼ਾ ਕਰਨਾ, ਘੁੱਟ ਕੇ ਰਖਣਾ, ਜੱਫਾ ਪਾਉਣਾ। ਜਦੋਂ ਕਾਲ ਆਉਂਦਾ ਹੈ ਜਿਹੜਾ ਸਭ ਕੁਝ ਘੁੱਟ ਕੇ ਪਕੜਿਆ ਹੋਇਆ ਸੀ ਉਹ ਖੁਸ ਜਾਂਦਾ ਹੈ। ਜਿੰਨਾ ਹੀ ਤੁਸੀਂ ਕਿਸੇ ਚੀਜ਼ ਨੂੰ ਘੁੱਟ ਕੇ ਪਕੜੋਗੇ, ਜਦੋਂ ਛੱਡੋਗੇ ਉਨਾਂ ਜ਼ੋਰ ਦੀ ਝਟਕਾ ਲਗੇਗਾ, ਉਨੀ ਹੀ ਡੂੰਘੀ ਪੀੜ ਮਹਿਸੂਸ ਹੋਵੇਗੀ। ਜੇ ਜੀਵਨ ਖਿੜ ਕੇ ਜੀਵਿਆ ਹੈ, ਖੁਲ੍ਹੇ ਦਿਲ ਦਿਮਾਗ ਨਾਲ ਜੀਵਿਆ ਹੈ, ਮੋਹ ਤੋਂ ਮੁਕਤ ਹੋ ਕੇ ਜੀਵਿਆ ਹੈ, ਫੇਰ ਜਦੋਂ ਕਾਲ ਆਉਂਦਾ ਹੈ, ਖੁਸਣ ਵਾਲੀ ਖੋਹਣ ਵਾਲੀ ਕੋਈ ਚੀਜ਼ ਨਹੀਂ ਹੁੰਦੀ।

ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਅਸੀਂ ਇਕ ਦਿਨ ਸਵੇਰੇ ਉਠੀਏ ਤੇ ਕਹੀਏ ਮੈਂ ਮੋਹ ਤੋਂ ਸੁਤੰਤਰ ਹਾਂ ਜਾਂ ਹੋਣਾ ਚਾਹੁੰਦਾ ਹਾਂ। ਇਹ ਤਾਂ ਜੀਉਣ ਦਾ ਤਰੀਕਾ ਹੈ। ਇਹ ਸਾਰੇ ਜੀਵਨ ਦਾ ਕੰਮ ਹੈ, ਆਦਤ ਹੈ, ਇਹ ਮੋਹ ਦੀ ਆਦਤ ਨੂੰ ਛੱਡਣ ਦੀ ਆਦਤ ਪਾਉਣੀ ਹੈ ਕਿਉਂਕਿ ਸੰਸਾਰ ਦੇ ਲੋਭ ਲਾਲਚ ਲੁਭਾਇਮਾਨ ਵਸਤੂਆਂ ਸਦਾ ਆਪਣੇ ਵਲ ਖਿੱਚ ਕੇ ਮੋਹ ਨੂੰ ਪੱਕਾ ਕਰਦੀਆਂ ਰਹਿੰਦੀਆਂ ਹਨ।

ਜਦੋਂ ਕਿ ਆਤਮ ਮਾਰਗ ਦੇ ਪਾਂਧੀ ਮੋਹ ਤੋਂ ਮੁਕਤ ਹੋਣ ਦਾ ਜਤਨ ਕਰਦੇ ਹਨ, ਨਾਲ ਨਾਲ ਉਨ੍ਹਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ, ਮੌਤ ਕੀ ਹੈ? ਕਾਲ ਕੀ ਹੈ? ਮੌਤ ਕੀ ਕਰਦੀ ਹੈ? ਕੀ ਕਾਲ ਜੀਵਨ ਦਾ ਅੰਤ ਹੈ? ਕੀ ਇਹ ਚੰਦਰਾ ਕਾਲ ਬਿਨਾ ਬੁਲਾਏ ਇਕ ਬਲਾ ਦੀ ਤਰ੍ਹਾਂ ਹਨ੍ਹੇਰਾ ਬਣ ਕੇ ਆ ਜਾਂਦਾ ਹੈ?

ਪੂਰਬ ਦੇ ਅਧਿਆਤਮਵਾਦ ਅਨੁਸਾਰ ਕਾਲ ਜੀਵਨ ਦਾ ਅੰਤ ਨਹੀਂ ਹੈ, ਸਰੀਰ ਖਤਮ ਹੋ ਜਾਂਦਾ ਹੈ, ਮਨੁੱਖ ਦੀ ਚਾਲ ਢਾਲ ਬੰਦ ਹੋ ਜਾਂਦੀ ਹੈ, ਮਨੁੱਖ ਲਈ ਸਮੇਂ ਤੇ ਸਥਾਨ ਦਾ ਅੰਤ ਹੋ ਜਾਂਦਾ ਹੈ, ਵਿਅਕਤੀ ਖਤਮ ਨਹੀਂ ਹੁੰਦਾ, ਇਸ ਪੱਖੋਂ ਮੌਤ ਹਨ੍ਹੇਰੀ ਤੇ ਡਰਾਵਣੀ ਨਹੀਂ ਲਗਦੀ, ਮੌਤ ਐਨੀ ਹੀ ਸੁਭਾਵਿਕ ਹੈ ਜਿੰਨਾ ਜਨਮ ਐਨੀ ਹੀ ਸੋਹਣੀ ਹੈ ਜਿੰਨਾ ਜਨਮ। ਮਰਨ ਤੇ ਜਨਮ ਜੀਵਨ ਦੇ ਵਿਸਥਾਰ ਤੇ ਉਚੇ ਉਠਣ ਲਈ ਬਹੁਤ ਜ਼ਰੂਰੀ ਹਨ।

ਇਹੋ ਜਿਹੇ ਦ੍ਰਿਸ਼ਟੀਕੋਣ ਨਾਲ ਮਨੁੱਖ ਇਕ ਸਮੇਂ, ਸਥਾਨ ਤੇ ਪ੍ਰਵੇਸ਼ ਕਰਦਾ ਹੈ, ਕਿਸੇ ਖਾਸ ਮੰਤਵ ਨਾਲ ਅਤੇ ਕਿਸੇ ਖਾਸ ਸਮੇਂ ਲਈ। ਇਹ ਬਿਲਕੁਲ ਇਸ ਤਰ੍ਹਾਂ ਹੀ ਹੈ ਜਿਵੇਂ ਖੇਤ ਨੂੰ ਵਾਹੁਣਾ ਤੇ ਬੀਜ ਪਾਉਣਾ, ਠੀਕ ਸਮੇਂ ਸਿਰ ਸਭ ਕੁਝ ਕਰਨਾ ਸਮਾਂ ਤੇ ਹਾਲਾਤ ਉਸ ਮੰਤਵ ਦੀ ਪ੍ਰਾਪਤੀ ਲਈ ਰਖਣੇ। ਜੋ ਜਿਸ ਸਮੇਂ ਕਰਨਾ ਹੈ ਉਹ ਉਸ ਸਮੇਂ ਹੀ ਕਰਨਾ ਹੈ। ਜਦੋਂ ਕੰਮ ਹੋ ਗਿਆ ਖੇਤ ਵਿਚ ਰਹਿਣ ਦੀ ਲੋੜ ਨਹੀਂ ਫੇਰ ਤਾਂ ਵੇਲਾ ਹੈ ਇੰਤਜ਼ਾਰ ਕਰਨ ਦਾ ਬੀਜ ਫੁਟੇਗਾ ਫਸਲ ਤਿਆਰ ਹੋਵੇਗੀ, ਜਦੋਂ ਫਸਲ ਹੋ ਜਾਵੇ, ਫੇਰ ਖੇਤ ਵਿਚ ਮੁੜ ਕੇ ਜਾਣ ਦਾ ਸਮਾਂ ਹੈ, ਹੋਰ ਸਮਾਂ ਹੈ, ਹੋਰ ਮੰਤਵ ਹੈ।

ਇਹੋ ਹੀ ਤਰੀਕਾ ਮਨੁੱਖੀ ਹੋਂਦ ਦਾ ਹੈ। ਸੰਸਾਰ ਇਕ ਖੇਤ ਦੀ ਤਰ੍ਹਾਂ ਹੈ। ਮਨੁੱਖ ਆਉਂਦਾ ਹੈ ਖੇਤ ਤਿਆਰ ਕਰਦਾ ਹੈ, ਠੀਕ ਸਮੇਂ ਤੇ ਤਿਆਰ ਕਰਦਾ ਹੈ, ਚਲਾ ਜਾਂਦਾ ਹੈ ਫੇਰ ਉਦੋਂ ਆਉਂਦਾ ਹੈ ਜਦੋਂ ਠੀਕ ਸਮਾਂ ਹੁੰਦਾ ਹੈ, ਫਸਲ ਤਿਆਰ ਹੁੰਦੀ ਹੈ ਤੇ ਉਹ ਫਸਲ ਕੱਟਣ ਆਉਂਦਾ ਹੈ।

ਮਨੁੱਖ ਦਾ ਸੰਸਾਰ ਤੇ ਆਉਣਾ ਤਿੰਨਾਂ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ, ਸ਼ਕਤੀ ਜਾਂ ਸਮਾਂ ਤੇ ਸਥਾਨ ਜਾਂ ਕਰਮ ਜਾਂ ਹੋਰ ਕੋਈ ਦਰਸ਼ਨ ਦੇ ਸਿਧਾਂਤਾਂ ਅਨੁਸਾਰ ਵੀ ਦੇਖਿਆ ਜਾ ਸਕਦਾ ਹੈ, ਦਰਸ਼ਨ ਦਸਦੀ ਹੈ ਕਿ ਮਨੁੱਖ ਇਕ ਸ਼ਕਤੀ ਹੈ ਤੇ ਸ਼ਕਤੀ ਨੂੰ ਬਦਲਿਆ ਨਹੀਂ ਜਾ ਸਕਦਾ, ਨਾ ਹੀ ਉਸ ਦਾ ਰੂਪ ਬਦਲਿਆ ਜਾ ਸਕਦਾ ਹੈ। ਦਰਸ਼ਨ ਦਸਦੀ ਹੈ ਕਿ ਮਨੁੱਖ ਇਕ ਖਾਸ ਸਮੇਂ ਇਕ ਖਾਸ ਜਗ੍ਹਾ ਤੇ ਆਉਂਦਾ ਹੈ, ਜਨਮ ਲੈਂਦਾ ਹੈ ਤੇ ਸਮਾਂ ਪੂਰਾ ਕਰਕੇ ਕਿਸੇ ਹੋਰ ਥਾਂ ਤੇ ਚਲਿਆ ਜਾਂਦਾ ਹੈ। ਉਹ ਨਾ ਦਸਦੇ ਹਨ ਕਿ ਮਨੁੱਖ ਕਿਥੇ ਜਾਏਗਾ? ਇਹ ਉਸ ਦੇ ਕਰਮਾਂ ਅਨੁਸਾਰ ਹੈ ਉਹ ਕਿਥੇ ਜਨਮ ਲਵੇਗਾ, ਕੀ ਕਰੇਗਾ, ਕਿੰਨੀ ਦੇਰ ਲਈ ਜਾਏਗਾ? ਇਹ ਵਿਚਾਰਾਂ ਲਾਭਦਾਇਕ ਹੋ ਸਕਦੀਆਂ ਹਨ, ਸੁਖ ਦੇਣ ਵਾਲੀਆਂ ਹੋ ਸਕਦੀਆਂ ਹਨ ਇਨ੍ਹਾਂ ਸਭ ਗੱਲਾਂ ਦੇ ਹੁੰਦਿਆਂ ਵੀ ਕਾਲ ਦਾ ਡਰ ਸਿਰ ਤੇ ਲਟਕਦਾ ਹੀ ਰਹਿੰਦਾ ਹੈ ਭਾਵੇਂ ਅਸੀਂ ਕੁਝ ਵੀ ਕਰ ਲਈਏ ਇਹ ਡਰ ਨਹੀਂ ਜਾਂਦਾ, ਮੋਹ ਇਕ ਉਹ ਘਟਨਾ ਹੈ ਜਿਸ ਦਾ ਅਸੀਂ ਇਕੱਲੇ ਹੀ ਟਾਕਰਾ ਕਰਨਾ ਹੈ ਕੇਵਲ ਸਾਡੀ ਵਿਅਕਤੀਗਤ ਫਿਲੋਸਫੀ ਹੀ ਕੰਮ ਆਏਗੀ ਉਹ ਫਿਲੋਸਫੀ ਜਿਸ ਨੂੰ ਲੈ ਕੇ ਅਸੀਂ ਜੀਵਨ ਜੀਵਿਆ ਹੈ ਇਸ ਨੂੰ ਪਛਾਣਿਆ ਹੈ ਉਹ ਹੀ ਸਾਨੂੰ ਅੰਤ ਸਮੇਂ ਕੰਮ ਆਏਗੀ।

ਮੌਤ ਤੇ ਮਨੁੱਖ ਦਾ ਸਭ ਤੋਂ ਵੱਡਾ ਮੁਕਾਬਲਾ ਹੈ, ਸਭ ਤੋਂ ਡੂੰਘੇ ਤੇ ਵੱਡੇ ਭੈ ਨਾਲ, ਜੋ ਵੀ ਆਪਾ ਸੁਧਾਰਨ ਦਾ ਕੰਮ ਮਨੁੱਖ ਜੀਵਨ ਵਿਚ ਕਰਦਾ ਹੈ ਭਾਵੇਂ ਉਸ ਦੀ ਫਿਲੋਸਫੀ ਕੁਝ ਵੀ ਕਿਉਂ ਨਾ ਰਹੀ ਹੋਵੇ, ਮੌਤ ਦਾ ਵਿਚਾਰ ਸੋਚ ਕੇ ਇਕ ਵਾਰੀ ਤਾਂ ਕੰਬਣੀ ਆ ਹੀ ਜਾਂਦੀ ਹੈ, ਭੈ ਲਗਦਾ ਹੀ ਹੈ। ਸਾਰੇ ਹੀ ਮਨੁੱਖ ਮਰਨ ਦੇ ਅਨੁਭਵ ਤੋਂ ਡਰਦੇ ਹੀ ਹਨ। ਅਸੀਂ ਆਪਣੇ ਅਨੁਭਵ ਨਾਲ ਕਹਿ ਸਕਦੇ ਹਾਂ, ਮਹਾਂਪੁਰਸ਼ ਆਪਣੇ ਅਨੁਭਵ ਨਾਲ ਰਹਿ ਸਕਦੇ ਹਨ, ਮੌਤ ਐਨੀ ਡਰਾਉਣੀ ਨਹੀਂ ਹੈ। ਇਹ ਕਿਹਾ ਜਾ ਸਕਦਾ ਹੈ ਕਿ ਮੌਤ ਇਕ

ਜਗ੍ਹਾ ਤੋਂ, ਇਕ ਜੀਵਨ ਤੋਂ ਦੂਸਰੇ ਜੀਵਨ ਵਿਚ ਬਦਲਾਅ ਹੈ। ਅਸੀਂ ਕਹਿ ਸਕਦੇ ਹਾਂ ਮੌਤ ਜੀਵਨ ਦੇ ਦੁਖ ਦਾ ਅੰਤ ਹੈ ਜਾਂ ਇਹ ਕਹਿ ਸਕਦੇ ਹਾਂ ਮੌਤ ਅਮਰ ਹੋਣ ਦਾ ਇਕ ਰਾਹ ਹੈ। ਅਸੀਂ ਆਪਣੇ ਆਪ ਨੂੰ ਤਸੱਲੀ, ਹੌਂਸਲਾ ਦੇਣ ਲਈ ਕੁਝ ਵੀ ਕਹੀਏ ਫੇਰ ਵੀ ਡਰ ਅੰਦਰ ਲੁਕਿਆ ਹੋਇਆ ਹੈ। ਸਾਨੂੰ ਮਰਨ ਤੋਂ ਡਰ ਲਗਦਾ ਹੈ, ਥੋੜ੍ਹਾ ਜਾਂ ਬਹੁਤ ਅੰਤ ਸਮੇਂ ਇਹ ਡਰ ਵਧ ਹੀ ਜਾਂਦਾ ਹੈ, ਭਾਰੂ ਹੋ ਜਾਂਦਾ ਹੈ, ਤਿੱਖਾ ਹੋ ਜਾਂਦਾ ਹੈ ਸਭ ਕੁਝ ਭੁੱਲ ਜਾਂਦਾ ਹੈ, ਸਾਰੇ ਆਦਰ, ਫਿਲੋਸਫੀ ਸਭ ਭੁੱਲ ਜਾਂਦੀ ਹੈ।

ਇਕ ਸੁਭਾਵਿਕ ਡਰ ਦੇ ਵੀ ਕਈ ਲਾਭ ਹੋ ਸਕਦੇ ਹਨ। ਇਹ ਜਾਣ ਵਾਲੇ ਦਾ ਧਿਆਨ ਇਕਾਗਰ ਕਰਦਾ ਹੈ। ਮਰਨ ਵਾਲਾ ਕਿਸ ਤਰ੍ਹਾਂ ਤੇ ਕਿਸ ਤੇ ਆਪਣਾ ਧਿਆਨ ਇਕਾਗਰ ਕਰਦਾ ਹੈ, ਉਹ ਉਸ ਦੇ ਜੀਵਨ ਦੇ ਗੁਣਾਂ ਦਾ ਪ੍ਰਤੀਕ ਹੋਵੇਗਾ ਤੇ ਅਗਲੇ ਜੀਵਨ ਦਾ ਵੀ ਪ੍ਰਤੀਕ ਹੋਵੇਗਾ।

ਮੌਤ ਇਕ ਬਹੁਤ ਗੰਭੀਰ ਖਿਣ ਹੈ ਜਿਸ ਵਿਚ ਸਾਰੇ ਅਨੁਭਵ, ਵਿਚਾਰ, ਕਰਮ, ਯਾਦਾਂ ਸਭ ਕੁਝ ਜੋ ਵੀ ਜੀਵਨ ਵਿਚ ਹੋਇਆ ਹੈ ਉਸ ਨੂੰ ਇਕ ਖਿਣ ਵਿਚ ਲਿਆਉਣਾ ਤੇ ਸੂਈ ਦੇ ਨੱਕੇ ਵਿਚੋਂ ਕੱਢਣਾ ਹੈ। ਇਸ ਖਿਣ ਨੂੰ ਧੱਕਣ ਵਿਚ ਜੋ ਸ਼ਕਤੀ ਲਗਦੀ ਹੈ ਕਿੰਨੇ ਜ਼ੋਰ ਨਾਲ ਧੱਕਣਾ ਪੈਂਦਾ ਹੈ, ਕਿਵੇਂ ਧੱਕਦਾ ਹੈ ਇਹ ਵੀ ਆਉਣ ਵਾਲਾ ਜੀਵਨ ਦਾ ਪ੍ਰਤੀਕ ਹੀ ਹੁੰਦਾ ਹੈ।

ਅਸੀਂ ਉਸ ਸੂਈ ਦੇ ਨੱਕੇ ਤੇ ਕਿਵੇਂ ਆਏ ਜਾਂ ਆਉਂਦੇ ਹਾਂ, ਕਿਵੇਂ ਲੰਘਦੇ ਹਾਂ ਇਹ ਬਹੁਤ ਹੀ ਮਹੱਤਵਪੂਰਨ ਪ੍ਰਸ਼ਨ ਹਨ। ਜੀਵਨ ਕਿਵੇਂ ਜੀਵਿਆ, ਜੀਵਨ ਦਾ ਪੈਂਡਾ ਕਾਲ ਤਕ ਦਾ ਕਿਵੇਂ ਸੀ ਇਹ ਬਹੁਤ ਹੀ ਮਹੱਤਵਪੂਰਨ ਵਿਸ਼ੇ ਹਨ।

ਸੌਣ ਤੇ ਮਰਨ ਦੀ ਤੁਲਨਾ ਕੀਤੀ ਜਾਂਦੀ ਹੈ। ਤੁਸੀਂ ਦਿਨ ਕਿਵੇਂ ਬਿਤਾਇਆ ਹੈ ਜਿਸ ਤਰ੍ਹਾਂ ਦਾ ਦਿਨ ਤੁਸੀਂ ਕਟਦੇ ਹੋ, ਰਾਤ ਉਸ ਤਰ੍ਹਾਂ ਦੀ ਹੀ ਹੋਵੇਗੀ, ਉਨੀਂ ਚੰਗੀ ਜਾਂ ਭੈੜੀ ਨੀਂਦਰ ਹੋਵੇਗੀ, ਜੇ ਤੁਸੀਂ ਗਿਲੇ ਸ਼ਿਕਵੇ ਪਛਤਾਵੇ ਲੈ ਕੇ ਸੁੱਤੇ ਹੋ ਡਰ ਲੈ ਕੇ ਸੁੱਤੇ ਹੋ, ਅਧੂਰੇ ਮਹਿਸੂਸ ਕਰਕੇ ਸੁੱਤੇ ਹੋ, ਅਸ਼ਾਤ ਅਸੰਤੋਸ਼ ਸੁੱਤੇ ਹੋ, ਤੁਹਾਡੀ ਨੀਂਦਰ ਰਾਤ ਨੂੰ ਉਖੜੇਗੀ ਹੀ ਤੇ ਇਹ ਸਾਰੇ ਨਖੇਧੀ ਦੇ ਵਿਚਾਰ ਲੈ ਕੇ ਤੁਸੀਂ ਅਗਲੇ ਦਿਨ ਉਠੋਂਗੇ ਤੇ ਉਸ ਦਿਨ ਤੇ ਵੀ ਇਨ੍ਹਾਂ ਦਾ ਪਰਛਾਵਾਂ ਤਾਂ ਪਵੇਗਾ ਹੀ। ਤੁਹਾਡੀਆਂ ਅਧੂਰੀਆਂ ਇਛਾਵਾਂ ਤੁਹਾਡੇ ਨਾਲ ਅਗਲੇ ਦਿਨ ਉਸ ਤੋਂ ਅਗਲੇ ਦਿਨ ਤੁਹਾਡੇ ਨਾਲ ਹੀ ਰਹਿੰਦੀਆਂ ਹਨ, ਤੁਰਦੀਆਂ ਹਨ, ਤੁਹਾਡੇ ਮਨ ਤੇ, ਭਾਵਾਂ ਤੇ, ਸੰਵੇਗਾਂ ਤੇ ਪ੍ਰਭਾਵ ਪਾਉਂਦੀਆਂ ਹਨ। ਤੁਹਾਡਾ ਨਵਾਂ ਦਿਨ ਤਾਂ ਉਸ ਸਮੇਂ ਹੀ ਖਰਾਬ ਹੋ ਜਾਂਦਾ ਹੈ ਜਦੋਂ ਤੁਸੀਂ ਪਿਛਲੀ ਰਾਤ ਠੀਕ ਸੁੱਤੇ ਨਹੀਂ।

ਸੰਤੋਖ ਨਾਲ ਸੌਂ ਕੇ ਦੇਖੋ, ਸੁਤੰਤਰ ਹੋ ਕੇ ਸੌਂ ਕੇ ਦੇਖੋ ਅਗਲੇ ਦਿਨ ਨੂੰ ਤੁਸੀਂ ਖੁਸ਼ੀ ਨਾਲ ਗੱਲ ਲਾਓਂਗੇ, ਉਹ ਤੁਹਾਨੂੰ ਸੋਹਣਾ ਲਗੇਗਾ, ਤੁਹਾਡਾ ਕੁਝ ਕਰਨ ਨੂੰ ਜੀ ਕਰੇਗਾ। ਸੋ ਜਿਹੜਾ ਦਿਨ ਤੁਹਾਡੇ ਕੋਲ ਹੈ ਜਿਸ ਦਿਨ ਵਿਚ ਤੁਸੀਂ ਜੀ ਰਹੇ ਹੋ, ਉਸ ਦੀ ਜਿੰਨਾ ਚੰਗਾ ਹੋ ਸਕੇ ਵਰਤੋਂ ਕਰੋ, ਸਹਿਜ ਵਿਚ ਕਰੋ, ਸੰਤੋਖ ਰੱਖੋ। ਆਉਣ ਵਾਲਾ ਕੱਲ ਆਪੇ ਹੀ ਠੀਕ ਹੋ ਜਾਵੇਗਾ, ਹਰੇਕ ਦਿਨ ਦਾ ਆਪਣਾ ਮਹੱਤਵ ਹੈ, ਆਪਣਾ ਮੰਤਵ ਹੈ।

ਇਹੋ ਘਟਨਾ ਮੌਤ ਨਾਲ ਹੈ। ਜਿਨ੍ਹਾਂ ਗੁਣਾਂ ਨਾਲ ਤੁਸੀਂ ਜੀਵਨ ਜੀਵਿਆ ਹੈ, ਕਾਲ ਦੇ ਆਉਣ ਤਕ ਜੀਵਿਆ ਹੈ ਉਹ ਹੀ ਮਰਨ ਦੀ ਘੜੀ, ਸਮੇਂ ਮਾਨਸਿਕ ਸਥਿਤੀ ਉਸ ਤਰ੍ਹਾਂ ਦੀ ਹੀ ਬਣ ਜਾਏਗੀ, ਮਰਨ ਸਮੇਂ ਮਨ ਬਿਲਕੁਲ ਇਕ ਜਗ੍ਹਾ ਤੇ ਲਗ ਜਾਂਦਾ ਹੈ। ਇਹ ਇਕ ਸੱਚੀ ਸਮਾਧੀ ਹੁੰਦੀ ਹੈ, ਇਕਾਗਰਤਾ ਇਕਸੁਰਤਾ ਤੇ ਇਕਸਾਰਤਾ ਦੀ ਸਮਾਧੀ। ਜੇ ਮਨੁੱਖ ਦਾ ਜੀਵਨ ਡਰ ਵਾਲਾ ਰਿਹਾ ਹੋਵੇ ਤਾਂ ਉਹ ਹੀ ਚੀਜ਼ਾਂ ਉਭਰ ਕੇ ਸਾਮ੍ਹਣੇ ਆਉਣਗੀਆਂ, ਜੇ ਜੀਵਨ ਅਨੁਸ਼ਾਸ਼ਨ ਤੋਂ ਬਿਨਾਂ ਜੀਵਿਆ ਹੈ ਫੇਰ ਮੌਤ ਵੀ ਉਸ ਤਰ੍ਹਾਂ ਹੀ ਅਨੁਸ਼ਾਸ਼ਨ ਰਹਿਤ ਆਏਗੀ।

ਮੌਤ ਮਨੁੱਖ ਦੇ ਕਾਬੂ ਤੋਂ ਬਾਹਰ ਹੈ, ਉਸ ਮਨੁੱਖ ਦੇ ਕਾਬੂ ਤੋਂ ਬਾਹਰ ਹੈ, ਜਿਸ ਨੇ ਜੀਵਨ ਬਿਨਾਂ ਸੰਜਮ ਤੋਂ ਜੀਵਿਆ ਹੈ ਬਿਨਾਂ ਮਹੱਤਵ ਤੋਂ ਜੀਵਿਆ ਹੈ। ਜੇ ਮਨੁੱਖ ਨੇ ਸਰੀਰ ਤੇ ਮਨ ਤੇ ਕਾਬੂ ਨਹੀਂ ਪਾਇਆ, ਨਾ ਹੀ ਆਪਣੀਆਂ ਉਤੇਜਨਾਵਾਂ ਨੂੰ, ਭਾਵ ਖਾਣ, ਪੀਣ, ਸੌਣ, ਕਾਮ ਇਨ੍ਹਾਂ ਨੂੰ ਚੰਗੇ ਪਾਸੇ ਲਾਇਆ ਹੈ ਫੇਰ ਤਾਂ ਮੌਤ ਉਸ ਦੇ ਕਾਬੂ ਤੋਂ ਬਾਹਰ ਹੋਵੇਗੀ ਹੀ। ਸਾਰੀਆਂ ਅਧੂਰੀਆਂ ਇਛਾਵਾਂ, ਸਾਰੇ ਡਰ, ਹੋਰ ਜੋ ਕੁਝ ਦੀ ਵੀ ਵਾਸ਼ਨਾ ਰੱਖੀ ਸੀ ਉਹ ਸਭ ਉਭਰ ਕੇ ਮਰਨ ਸਮੇਂ ਅੱਗੇ ਆਉਣਗੀਆਂ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਜੀਉਂਦਿਆਂ ਹੁੰਦਾ ਰਿਹਾ ਹੈ। ਅੱਗੇ ਕੀ ਹੋਣਾ ਹੈ, ਉਹ ਸਭ ਕੁਝ ਜੋ ਇਸ ਸਮੇਂ ਹੋ ਰਿਹਾ ਹੈ ਉਸ ਤੇ ਨਿਰਭਰ ਹੈ, ਉਸ ਮੁਤਾਬਿਕ ਹੀ ਹੋਵੇਗਾ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਅਸੀਂ ਪਿਛੇ ਦਸ ਆਏ ਹਾਂ, ਜੇ ਰਾਤ ਦੀ ਨੀਂਦਰ ਠੀਕ ਨਹੀਂ ਸੀ ਕਿਉਂਕਿ ਦਿਨ ਦੀ ਅਸ਼ਾਤੀ ਲੈ ਕੇ ਤੁਸੀਂ ਸੁੱਤੇ ਸੀ, ਅਗਲੇ ਦਿਨ ਵੀ ਬਹੁਤ ਚੰਗਾ ਨਹੀਂ ਹੋਵੇਗਾ। ਅਸ਼ਾਂਤ ਸੰਤੋਖ, ਘਬਰਾਹਟ, ਬੇਚੈਨੀ ਜੇ ਇਹ ਸਭ ਕੁਝ ਲੈ ਕੇ ਸੌਂਵੋਂਗੇ, ਰਾਤ ਨੂੰ ਨੀਂਦ ਉਖੜੇਗੀ, ਅਗਲਾ ਦਿਨ ਖਰਾਬ ਹੋਵੇਗਾ। ਇਹੋ ਚੀਜ਼ਾਂ ਨੂੰ ਲੈ ਕੇ ਜੀਵਨ ਜੀਓਂਗੇ, ਮਰਨ ਸਮੇਂ ਇਹ ਸਭ ਕੁਝ ਅੱਗੇ ਆਉਣਾ ਸੁਭਾਵਿਕ ਹੀ ਹੈ।

ਜਿਸ ਨੇ ਨਿਯਮਬਧ ਸਹਿਜ ਸੰਤੋਖ ਦਾ ਜੀਵਨ ਜੀਵਿਆ ਹੈ, ਮੋਹ ਤਿਆਗਿਆ ਹੈ ਉਹ ਉਸੇ ਸੁੰਦਰਤਾ ਨਾਲ, ਉਸੇ ਮਿਹਰ ਦੀ ਨਜ਼ਰ ਨਾਲ ਇਸ ਜੀਵਨ ਤੋਂ ਅਗਲੇ ਵਿਚ ਜਾਏਗਾ। ਇਹ ਮਨੁੱਖ ਬਿਲਕੁਲ ਉਸ ਤਰ੍ਹਾਂ ਹੀ ਜਾਵੇਗਾ ਜਿਵੇਂ ਇਕ ਅਤਿਥੀ ਆਇਆ ਸੀ, ਉਸ ਨੂੰ ਪਤਾ ਹੈ, ਉਸ ਦਾ ਸਮਾਂ ਹੋ ਗਿਆ ਹੈ ਤੇ ਉਸ ਨੇ ਜਾਣਾ ਹੀ ਹੈ। ਉਸ ਦਾ ਜੀਵਨ ਮਨੋਰਥ ਪੂਰਾ ਹੋ ਗਿਆ ਹੈ, ਸੁਖ ਦਾ ਸਾਹ ਅੰਦਰ ਲੈ ਕੇ ਉਹ ਚਲਾ ਜਾਏਗਾ। ਉਹ ਕੇਵਲ ਚਲੇ ਹੀ ਜਾਂਦੇ ਹਨ, ਜਾਣਦੇ ਹਨ ਕਿ ਸਤਿ ਉਨ੍ਹਾਂ ਦੇ ਅੰਦਰ ਹੈ, ਆਤਮਾ ਉਨ੍ਹਾਂ ਦੇ ਅੰਦਰ ਹੈ, ਅਜਰ ਹੈ, ਅਟੱਲ ਹੈ, ਅਮਰ ਹੈ, ਕਿਸੇ ਤੇ

(ਬਾਕੀ ਪੰਨਾ 56 ਤੇ)

# ਗੁਰ ਕੀ ਪ੍ਰਤੀਤ

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਆਪ ਮੁਕਤ ਮੋਹੇ ਤਾਰੇ ਜੀ,*
*ਐਸੇ ਗੁਰਾਂ ਤੋਂ ਬਲ ਬਲ ਜਾਈਐ।*
*ਐਸੇ ਗੁਰਾਂ ਤੋਂ ਬਲ ਬਲ ਜਾਈਐ - 2, 2*
*ਆਪ ਮੁਕਤ ਮੋਹੇ ਤਾਰੇ ਜੀ,.।*

*ਨਾਰਾਇਨ ਨਰਪਤਿ ਨਮਸਕਾਰੈ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ॥*
*ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥*
*ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥*
*ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥*
*ਪੰਨਾ - 1302*

*ਧਾਰਨਾ - ਕੰਨੀ ਸੁਣੀਏ ਗੁਰਾਂ ਦੀ ਬਾਣੀ,*
*ਜਿਹਭਾ ਨਾਲ ਨਾਮ ਜਪੀਏ।*
*ਮੇਰੇ ਪਿਆਰੇ, ਜਿਹਭਾ ਨਾਲ ਨਾਮ ਜਪੀਏ।*
*ਕੰਨੀ ਸੁਣੀਏ ਗੁਰਾਂ ਦੀ ਬਾਣੀ,.......।*

*ਰੇ ਮਨ ਰਾਮ ਸਿਉ ਕਰਿ ਪ੍ਰੀਤਿ॥*
*ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥*
*ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥*
*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।।*
*ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥*
*ਪੰਨਾ - 631*

ਸਾਧਸੰਗਤ ਜੀ! ਗਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਆਪ ਕਾਰੋਬਾਰ ਸੰਕਚਦੇ ਹੋਏ ਗੁਰੂ ਦਰਬਾਰ ਵਿਚ ਹਫਤਾਵਾਰੀ ਦੀਵਾਨ ਵਿਚ ਹਾਜ਼ਰੀਆਂ ਭਰ ਰਹੇ ਹੋ। ਜਿਸ ਤਰ੍ਹਾਂ ਆਪਾਂ ਨੂੰ ਪਤਾ ਹੀ ਹੈ ਕਿ ਕਈ ਹਫਤਿਆਂ ਤੋਂ ਇਕ ਪ੍ਰਸੰਗ ਚਲ ਰਿਹਾ ਹੈ ਕਿ ਭਾਈ ਚੰਦਾ ਸਿੰਘ ਕਾਬਲ ਤੋਂ ਆ ਕੇ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਪਾਸ ਨਾਮ ਦੀ ਦਾਤ ਪ੍ਰਾਪਤ ਕਰਨ ਲਈ ਪਹੁੰਚਦੇ ਹਨ। ਬਾਬਾ ਜੀ ਬੜੇ ਵਿਸਥਾਰ ਨਾਲ ਸਾਖੀਆਂ ਰਾਹੀਂ ਉਦਾਹਰਨਾਂ ਦੇ ਦੇ ਕੇ ਗੁਰਸਿੱਖਾਂ ਨੂੰ ਸਮਝਾ ਰਹੇ ਹਨ ਕਿ ਨਾਮ ਤੇ ਪ੍ਰਤੀਤ, ਸ਼ਰਧਾ, ਦ੍ਰਿੜ੍ਹਤਾ ਤੇ ਭਰੋਸਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤੇ ਵਾਹਿਗੁਰੂ ਨਾਲ ਸੱਚੀ ਪ੍ਰੀਤ ਕਿਵੇਂ ਹੋਣੀ ਚਾਹੀਦੀ ਹੈ। ਸਿੱਖ ਨੂੰ ਵਾਹਿਗੁਰੂ ਨਾਲ ਸੱਚੀ ਪ੍ਰੀਤ ਅਤੇ ਗੁਰੂ ਤੇ ਦ੍ਰਿੜ੍ਹ ਵਿਸ਼ਵਾਸ਼, ਸ਼ਰਧਾ ਅਤੇ ਭਰੋਸਾ ਹੋਣਾ ਚਾਹੀਦਾ ਹੈ। ਕੰਨਾਂ ਨਾਲ ਗੁਰੂ ਦੀ ਬਾਣੀ ਸੁਣਨੀ ਚਾਹੀਦੀ ਹੈ ਅਤੇ ਰਸਨਾ ਨਾਲ ਵਾਹਿਗੁਰੂ ਦੇ ਗੁਣ ਗਾਉਣੇ ਚਾਹੀਦੇ ਹਨ ਕਿਉਂਕਿ ਗੁਣ ਵੀ ਉਹੀ ਗਾਉਂਦੇ ਹਨ ਜੋ ਵਾਹਿਗੁਰੂ ਨੂੰ ਚੰਗੇ ਲਗਦੇ ਹਨ ਜਿਵੇਂ ਫੁਰਮਾਨ ਹੈ-

*ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ*
*ਰਤੇ ਤੇਰੇ ਭਗਤ ਰਸਾਲੇ॥* *ਪੰਨਾ - 6*

ਪੂਰਨ ਤੱਤ ਬੇਤੇ ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ ਕਿਉਂਕਿ ਸੰਤ ਪ੍ਰਭੂ ਦੇ ਸਿਮਰਨ ਦੀ ਜੁਗਤੀ ਦਸਦੇ ਹਨ ਜਿਸ ਨਾਲ ਉਸ ਦੇ ਜਨਮਾਂ ਜਨਮਾਂਤਰਾਂ ਦੇ ਕੀਤੇ ਪਾਪ ਲੱਥ ਜਾਂਦੇ ਹਨ ਤੇ ਉਹ ਦੁਖਾਂ ਤੋਂ ਬਰੀ ਹੋ ਜਾਂਦਾ ਹੈ। ਸਾਧੂ ਦੀ ਸੰਗਤ ਰਾਹੀਂ ਹੀ ਇਸ ਨੂੰ ਪਤਾ ਲਗਦਾ ਹੈ ਕਿ ਇਹ ਮੇਰਾ ਸ੍ਵਾਸ ਸ੍ਵਾਸ ਕੀਮਤੀ ਹੈ। ਮੇਰਾ ਸਮਾਂ ਲੰਘਦਾ ਜਾ ਰਿਹਾ ਹੈ ਤੇ ਕਾਲ ਦਾ ਕੋਈ ਭਰੋਸਾ ਨਹੀਂ ਕਿ ਕਦੋਂ ਮਨੁੱਖ ਨੂੰ ਆਪਣੀ ਗਿਰਾਹੀ ਬਣਾ ਲਵੇ। ਸੋ ਇਸ ਤੋਂ ਪਹਿਲਾਂ ਕਿ ਕਾਲ ਆ ਕੇ ਗੁਲੇਲਾ ਮਾਰੇ, ਸਾਨੂੰ ਪਹਿਲਾਂ ਹੀ ਆਪਣਾ ਕੰਮ ਸੰਵਾਰ ਲੈਣਾ ਚਾਹੀਦਾ ਹੈ ਤੇ ਭਵਜਲ ਤਰਨ ਦਾ ਸਾਧਨ ਬਣਾ ਲੈਣਾ ਚਾਹੀਦਾ ਹੈ।

ਸੰਤਾਂ ਦੀ ਸੰਗਤ ਦੁਆਰਾ ਹੀ ਇਸ ਭਵਜਲ ਨੂੰ ਪਾਰ ਕਰ ਸਕੀਦਾ ਹੈ ਕਿਉਂਕਿ ਸੰਤਾਂ ਦਾ ਕੰਮ ਹੀ ਸੰਸਾਰ ਦਾ ਉਧਾਰ ਕਰਨਾ

ਹੁੰਦਾ ਹੈ। ਪਹਿਲੇ ਸਮਿਆਂ ਵਿਚ ਸਾਧੂ ਮੰਡਲੀਆਂ ਬਣਾ ਕੇ ਪਿੰਡ-ਪਿੰਡ ਤੇ ਸ਼ਹਿਰਾਂ ਵਿਚ ਤੁਰਦੇ ਫਿਰਦੇ ਰਹਿੰਦੇ ਸਨ ਤੇ ਪਿੰਡਾਂ, ਸ਼ਹਿਰਾਂ ਵਿਚ ਸਤਿਸੰਗ ਕਰਕੇ ਨਾਮ ਬਾਣੀ ਦਾ ਉਪਦੇਸ਼ ਦਿਆ ਕਰਦੇ ਸਨ। ਲੋੜਾਂ ਬਹੁਤ ਘੱਟ ਸਨ, ਹੁਣ ਵਾਂਗੂੰ ਲੰਮੇ ਪਸਾਰੇ ਨਹੀਂ ਸਨ। ਤੇੜ ਪਾਉਣ ਨੂੰ ਵਸਤਰ ਕਛਹਿਰਾ, ਲੰਗੋਟ ਆਦਿ ਪਿੰਡੇ ਤੇ ਇਕੋ ਹੀ ਵਸਤਰ ਚਾਦਰ ਹੁੰਦੀ ਸੀ। ਡੇਰਿਆਂ ਵਿਚ ਜੋ ਸਾਧੂ ਪਿੰਡਾਂ, ਥਾਵਾਂ ਤੇ ਰਹਿੰਦੇ ਸਨ ਉਹ ਵੀ ਆਏ ਗਏ ਦੀ ਸੇਵਾ ਵਾਸਤੇ ਮਧੂਕੜੀ ਰਾਹੀਂ ਰਾਸ਼ਨ ਆਦਿ ਲਿਆ ਕੇ, ਪ੍ਰਸ਼ਾਦੇ ਲਿਆ ਕੇ ਅਥਿਤੀ ਸੇਵਾ ਕਰਿਆ ਕਰਦੇ ਸਨ ਅਤੇ ਆਪ ਨੂੰ ਖਾਣ ਨੂੰ ਮਿਲੇ ਭਾਵੇਂ ਨਾ ਮਿਲੇ ਪਰ ਅਥਿਤੀ ਨੂੰ ਜ਼ਰੂਰ ਛਕਾਉਂਦੇ ਸਨ। ਭਜਨ ਬੰਦਗੀ ਜ਼ਿਆਦਾ ਕਰਿਆ ਕਰਦੇ ਸਨ ਤੇ ਲੋੜ ਅਨੁਸਾਰ ਹੀ ਅੰਨ ਵਸਤਰ ਅੰਗੀਕਾਰ ਕਰਿਆ ਕਰਦੇ ਸਨ। ਥੋੜ੍ਹਾ ਬਹੁਤ ਜੋ ਮਿਲ ਗਿਆ ਉਸ ਨੂੰ ਛਕ ਛਕਾ ਕੇ ਹੀ ਸੰਤੁਸ਼ਟ ਰਿਹਾ ਕਰਦੇ ਸਨ। ਕਈ ਵਾਰੀ ਸਾਧੂ ਆਪਣੀ ਮੌਜ ਵਿਚ ਅਛੋਪਲੇ ਹੀ ਸੰਗਤਾਂ ਵਿਚੋਂ ਨਿਕਲ ਕੇ ਦੂਰ ਥਾਂ ਜਿਥੇ ਕੋਈ ਨੇੜੇ ਤੇੜੇ ਆ ਕੇ ਤੰਗ ਨਾ ਕਰੇ ਤੇ ਨਾ ਕੋਈ ਪਛਾਣੇ, ਚਲੇ ਜਾਇਆ ਕਰਦੇ ਸਨ ਕਿਉਂਕਿ ਉਹ ਦੁਨੀਆਦਾਰਾਂ ਤੋਂ ਦੂਰ ਰਹਿ ਕੇ ਭਜਨ ਬੰਦਗੀ ਕਰਨਾ ਪਸੰਦ ਕਰਿਆ ਕਰਦੇ ਸਨ। ਕਈ ਵਾਰੀ ਐਸਾ ਵੀ ਹੋਇਆ ਕਿ ਸਾਧੂ ਮਹਾਤਮਾ ਦੇ ਮਨ ਵਿਚ ਆ ਜਾਂਦਾ ਕਿ ਅਸੀਂ ਕਿਸੇ ਦਾ ਦਿਤਾ ਕਿਉਂ ਖਾਈਏ ਅਤੇ ਕਿਉਂ ਨਾ ਮਿਹਨਤ ਮਜ਼ਦੂਰੀ ਕਰਕੇ ਕਿਰਤ ਕਰਕੇ ਜਲ ਪਾਣੀ ਛਕੀਏ।

ਇਸ ਤਰ੍ਹਾਂ ਦੀ ਇਕ ਸਾਖੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜੀਵਨ ਵਿਚ ਆਉਂਦੀ ਹੈ ਕਿ ਆਪ ਜੀ ਹੋਰ ਸਿੱਖਾਂ ਸਮੇਤ ਰਾਵਲਪਿੰਡੀ ਆਦਿ ਦੇ ਦੌਰੇ ਤੇ ਗਏ ਹੋਏ ਸਨ ਕਿ ਇਕ ਦਿਨ ਕੀਰਤਨ ਦੀ ਸਮਾਪਤੀ ਪਿਛੋਂ ਆਪ ਦੇ ਮਨ ਵਿਚ ਐਸਾ ਹੀ ਖਿਆਲ ਆਇਆ। ਉਥੇ ਇਕ ਸ਼ਾਹੂਕਾਰ ਦੀ ਹਵੇਲੀ ਬਣ ਰਹੀ ਸੀ ਤੇ ਉਥੇ ਚਲੇ ਗਏ। ਮੂੰਹ ਸਿਰ ਲਪੇਟ ਕੇ ਬੇਪਛਾਣ ਹੋ ਗਏ ਕਿ ਕੋਈ ਪਛਾਣ ਨਾ ਲਵੇ ਤੇ ਕਹਿਣ ਲੱਗੇ ਭਾਈ! ਅਸੀਂ ਵੀ ਮਜ਼ਦੂਰੀ ਕਰਨੀ ਹੈ ਤੇ ਉਥੇ ਇੱਟਾਂ ਢੋਣ ਤੇ ਗਾਰਾ ਆਦਿ ਬਣਾਉਣ ਲਗ ਪਏ ਤੇ ਇਸੇ ਤਰ੍ਹਾਂ ਜਦੋਂ ਇਕ ਦੋ ਦਿਨ ਗੁਜ਼ਰ ਗਏ ਤਾਂ ਨਾਲ ਦੇ ਸਾਥੀਆਂ ਨੇ ਕਿਹਾ ਕਿ ਸੰਤ ਮਹਾਰਾਜ ਰੋਜ਼ ਕਿਥੇ ਚਲੇ ਜਾਂਦੇ ਹਨ। ਸ਼ਾਮ ਨੂੰ ਵਾਪਸ ਆਉਂਦੇ ਹਨ, ਇਕ ਦਿਨ ਲੱਭਦੇ ਲੱਭਦੇ ਉਥੇ ਚਲੇ ਗਏ। ਕੋਠੀ ਦਾ ਮਾਲਕ ਜੋ ਸੇਠ ਸੀ ਉਸ ਨੇ ਵੀ ਚਿਹਨ ਚੱਕਰ ਦੇਖ ਕੇ ਭਾਂਪ ਲਿਆ ਸੀ ਕਿ ਇਹ ਕੋਈ ਆਮ ਪੁਰਸ਼ ਨਹੀਂ ਹਨ ਅਤੇ ਕਿਸੇ ਜਾਣ ਪਛਾਣ ਵਾਲੇ ਬੰਦੇ ਨੇ ਸੇਠ ਕੋਲ ਗੱਲ ਕੀਤੀ, ਸੇਠ ਹੈਰਾਨ ਹੋ ਗਿਆ ਕਹਿਣ ਲੱਗਿਆ, ਤੁਸੀਂ ਤਾਂ ਕੋਈ ਕਲਾਵਾਨ ਪੁਰਸ਼ ਹੋ। ਇੰਨੇ ਨੂੰ ਸਿੱਖ ਭਾਲਦੇ ਭਾਲਦੇ ਆ ਗਏ ਤੇ ਰੋ ਰੋ ਕੇ ਚਰਨਾਂ ਤੇ ਢਹਿ ਪਏ ਕਿ ਮਹਾਂਪੁਰਸ਼ੋ! ਸਾਨੂੰ ਛੱਡ ਕੇ ਤੁਸੀਂ ਕਿਥੇ ਚਲੇ ਗਏ ਸੀ। ਕਹਿਣ ਲੱਗੇ, "ਸਾਡਾ ਜੀ ਕੀਤਾ ਸੀ ਕਿ ਅਸੀਂ ਕਿਰਤ ਕਰਕੇ ਰੋਟੀ ਖਾਈਏ।" ਇਸੇ ਤਰ੍ਹਾਂ ਬਾਬਾ ਫਰੀਦ ਜੀ ਨੂੰ ਫੜ ਲਿਆ, ਫਰੀਦਕੋਟ ਦੇ ਅੰਦਰ ਕਿਲਾ ਬਣ ਰਿਹਾ ਸੀ, ਵੱਡੇ ਵੱਡੇ ਟੋਕਰਿਆਂ ਨਾਲ ਇੱਟਾਂ ਢੋਣ ਲਾ ਦਿਤਾ। ਸਾਰੇ ਹੈਰਾਨ ਹੋਈ ਜਾਂਦੇ ਹਨ ਕਿ ਫਰੀਦ ਜੀ ਦੇ ਸਿਰ ਨਾਲ ਟੋਕਰਾ ਨਹੀਂ ਲਗਦਾ। ਸੋ ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਨੂੰ ਕੀ ਔਖਾ ਸੀ, ਉਸ ਦੀ ਪ੍ਰਤੀਤ ਤੋਂ ਖੁਸ਼ ਹੋ ਕੇ ਧੰਨੇ ਦੇ ਸਾਰੇ ਕੰਮ ਕਰਦਾ ਰਿਹਾ।

ਬਾਬਾ ਸਾਹਿਬ ਸਿੰਘ ਜੀ, ਚੰਦਾ ਸਿੰਘ ਨੂੰ ਕਹਿਣ ਲੱਗੇ, "ਭਾਈ ਚੰਦਾ ਸਿੰਘਾ! ਤੇਰੇ ਮਨ ਦੇ ਅੰਦਰ ਨਾਮ ਤੇ ਵਿਸ਼ਵਾਸ਼ ਆਇਆ। ਕਿਉਂਕਿ ਅਸੀਂ ਆਪਣੇ ਵਲੋਂ ਕੋਈ ਗੱਲ ਨਹੀਂ ਕਰ ਰਹੇ, ਸਾਰੀ ਗੱਲ ਗੁਰਮਤਿ ਦੇ ਹਿਸਾਬ ਨਾਲ ਕਰ ਰਹੇ ਹਾਂ। ਭਾਈ ਗੁਰਦਾਸ ਜੀ ਜਿਹੜੇ ਗੁਰੂ ਘਰ ਦੇ ਵੇਦ ਵਿਆਸ ਹਨ ਉਨ੍ਹਾਂ ਨੇ ਵੇਰਵੇ ਸਾਹਿਤ ਆਪਣੀ ਵਾਰ ਦੇ ਅੰਦਰ ਇਹ ਜ਼ਿਕਰ ਕੀਤਾ ਹੈ। ਕਹਿਣ ਲੱਗੇ, "ਦੂਸਰੀ ਪ੍ਰਤੀਤ ਪ੍ਰਮੇਸ਼ਰ ਦੇ ਨਾਮ ਤੇ ਹੋਣੀ ਚਾਹੀਦੀ ਹੈ। ਪ੍ਰਮੇਸ਼ਰ ਦੀ ਪ੍ਰਤੀਤ ਕੀ ਹੈ? ਉਸ ਦੀ ਗੱਲ ਫੇਰ ਕਰਾਂਗੇ। ਪਹਿਲਾਂ ਤੈਨੂੰ ਪ੍ਰਮੇਸ਼ਰ ਦੇ ਨਾਮ ਦੀ ਪ੍ਰਤੀਤ ਕੀ ਹੈ, ਉਸ ਬਾਰੇ ਦਸਦੇ ਹਾਂ। ਉਸ ਦੇ ਨਾਮ ਦਾ ਕੋਈ ਮੁੱਲ ਨਹੀਂ ਪਾ ਸਕਦਾ ਅਤੇ ਉਸ ਦੇ ਨਾਮ ਦੀ ਸ਼ਕਤੀ ਬਾਰੇ ਕੋਈ ਵੀ ਜਾਣ ਨਹੀਂ ਸਕਦਾ ਅਤੇ ਉਸ ਦੀ ਮਹਿਮਾ ਬਾਰੇ ਕੋਈ ਜਾਣ ਨਹੀਂ ਸਕਦਾ –

***ਧਾਰਨਾ – ਮਹਿਮਾ ਹਰਿ ਨਾਮ ਦੀ,***
***ਸੰਤਾਂ ਦੇ ਹਿਰਦੇ ਵਸਦੀ।***
***ਸੰਤਾਂ ਦੇ ਹਿਰਦੇ ਵਸਦੀ – 2, 2.***
***ਮਹਿਮਾ ਹਰਿ ਨਾਮ ਦੀ,..........।***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥ ਪੰਨਾ – 265***

ਬਾਬਾ ਜੀ ਕਹਿਣ ਲੱਗੇ, "ਪ੍ਰੇਮੀਆ! ਨਾਮ ਦੇ ਬਾਰੇ ਧਿਆਨ ਦੇ ਨਾਲ ਸਰਵਣ ਕਰ, ਪ੍ਰਮੇਸ਼ਰ ਦਾ ਨਾਮ ਕੇਵਲ ਨਿਰਾਰਥਕ ਜਾਂ ਸਾਰਥਕ ਅੱਖਰ ਨਹੀਂ ਹੈ ਸਗੋਂ ਉਹਦੇ ਵਿਚ ਬੇਅੰਤ ਬੇਅੰਤ ਸ਼ਕਤੀ ਹੈ। ਜਿੰਨੀ ਵਾਹਿਗੁਰੂ ਵਿਚ ਸ਼ਕਤੀ ਹੈ ਉਨੀ ਹੀ ਉਹਦੇ ਨਾਮ ਵਿਚ ਸ਼ਕਤੀ ਹੈ। ਸੋ ਐਸ ਤਰ੍ਹਾਂ ਕੁਦਰਤੀ ਤੌਰ ਤੇ ਹੋਇਆ ਕਰਦਾ ਹੈ, 'ਜੈਸਾ ਸੇਵੈ ਤੈਸੋ ਹੋਇ' ਮੰਤਰਾਂ ਵਿਚ ਵੀ ਸ਼ਕਤੀ ਹੈ ਉਹ ਬਾਰ-ਬਾਰ ਦੁਹਰਾਏ ਜਾਂਦੇ ਹਨ। ਮਨ ਦੀ ਭਾਵਨਾ ਉਨ੍ਹਾਂ ਅੱਖਰਾਂ ਦੇ ਅੰਦਰ ਹੁੰਦੀ ਹੈ ਉਨ੍ਹਾਂ ਅੱਖਰਾਂ ਦੀ ਸ਼ਕਤੀ ਬਾਹਰ ਆ ਕੇ ਮਨੁੱਖ ਦੇ ਅੰਦਰ ਸ਼ਕਤੀ ਆ ਜਾਇਆ ਕਰਦੀ ਹੈ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੇ ਨਾਮ ਵਿਚ ਬੇਅੰਤ ਸ਼ਕਤੀ ਹੈ, ਇਸ ਸ਼ਕਤੀ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

***ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥***
***ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥***
***ਪੰਨਾ – 265***

ਸਾਰੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਨਾਮ ਹੀ ਹੈ ਕਿਉਂਕਿ 'ਨਾਨਕ ਕੇ ਘਰ ਕੇਵਲ ਨਾਮ' ਇਹ ਕੋਈ ਕ੍ਰਿਆ ਕਰਮ ਨਹੀਂ ਹੈ, ਨਾ ਹੀ ਕਰਮਕਾਂਡ ਹੈ, ਗੁਰਮਤਿ ਦਾ ਜੋ ਮਾਰਗ ਹੈ ਉਹ ਕੇਵਲ ਨਾਮਯੋਗ ਹੈ। ਵਰਤਣ ਬੈਰਾਗ, ਮੁੱਖ-ਭਗਤੀ, ਨਿਸ਼ਚੇ-ਗਿਆਨ, ਤਿੰਨ ਚੀਜ਼ਾਂ ਦੇ ਵਿਚ ਸਾਰਾ ਕੁਝ ਆ ਜਾਂਦਾ ਹੈ। ਸੋ ਨਾਮ ਦੀ ਮਹਿਮਾ ਤੇ ਜਿੰਨਾਂ ਚਿਰ ਵਿਸ਼ਵਾਸ਼ ਨਹੀਂ ਹੁੰਦਾ ਉਨਾਂ ਚਿਰ ਨਾਮ ਨਹੀਂ ਜਪਿਆ ਜਾਂਦਾ। ਆਮ ਸ਼ਿਕਾਇਤ ਹੈ ਕਿ ਜੀ! ਮੇਰਾ ਤਾਂ ਮਨ ਨਹੀਂ ਲਗਦਾ, ਮੈਨੂੰ ਫੁਰਨੇ ਆਉਂਦੇ ਹਨ, ਮਨ ਕਿਤੇ ਦੀ ਕਿਤੇ ਦੌੜਦਾ ਹੈ। ਮੈਂ ਅੰਮ੍ਰਿਤ ਵੇਲੇ

ਜਾਗਦਾ ਵੀ ਹਾਂ, ਇਸ਼ਨਾਨ ਵੀ ਕਰਦਾ ਹਾਂ, ਚੌਂਕੜਾ ਮਾਰ ਮਾਰ ਕੇ ਵੀ ਬੈਠਦਾ ਹਾਂ ਪਰ ਮੈਨੂੰ ਨੀਂਦ ਆ ਜਾਂਦੀ ਹੈ ਅਤੇ ਉਂਘ ਆਉਣ ਲਗ ਜਾਂਦੀ ਹੈ। ਐਸੇ ਪ੍ਰੇਮੀ ਸੰਤਾਂ ਪਾਸ ਆ ਕੇ ਇਲਾਜ ਪੁਛਦੇ ਹਨ। ਸੰਤ ਕਹਿੰਦੇ ਹਨ ਕਿ ਭਾਈ! ਤੂੰ ਤਾਂ ਅਜੇ ਮੁਰਦਾ ਹੈਂ ਹਾਲੇ ਤੇਰੇ ਵਿਚ ਜੀਵਨ ਦੀ ਰੌਅ ਨਹੀਂ ਰੁਮਕੀ, ਤੇਰੇ ਵਿਚ ਜ਼ਿੰਦਗੀ ਨਹੀਂ ਆਈ, ਤੂੰ ਭਾਈ ਮਰਿਆ ਹੋਇਆ ਹੈਂ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ।।***
***ਸਭੁ ਹਰਾਮ ਜੇਤਾ ਕਿਛੁ ਖਾਇ॥*** ***ਪੰਨਾ – 142***

ਦੋ ਤਰ੍ਹਾਂ ਦੇ ਮੁਰਦੇ ਹੁੰਦੇ ਹਨ, ਇਕ ਖਾਣ ਪੀਣ ਵਾਲਾ ਮੁਰਦਾ ਹੁੰਦਾ ਹੈ, ਦੂਸਰਾ ਸਰੀਰਕ ਤੌਰ ਤੇ ਮਰਿਆ ਹੋਇਆ ਜਿਸ ਦੇ ਵਿਚੋਂ ਚੇਤਨ ਕਲਾ ਨਿਕਲ ਜਾਂਦੀ ਹੈ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।।***
***ਪੰਨਾ – 253***

ਜੇ ਨਾਮ ਹਿਰਦੇ ਵਿਚ ਨਹੀਂ ਵਸਿਆ, ਪਿਆਰ ਹਿਰਦੇ ਵਿਚ ਨਹੀਂ ਵਸਿਆ ਤਾਂ ਮਰਿਆ ਹੋਇਆ ਹੁੰਦਾ ਹੈ, ਉਨ੍ਹਾਂ ਦੇ ਅੰਦਰੋਂ, ਨਿੰਦਿਆ, ਈਰਖਾ, ਚੁਗਲੀ, ਆਸਾ, ਤ੍ਰਿਸ਼ਨਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਸੜਿਆਨ, ਬਦਬੂ ਆਇਆ ਕਰਦੀ ਹੈ। ਉਹ ਜੀਉਂਦਾ ਨਹੀਂ ਹੋਇਆ ਕਰਦਾ। ਸੋ ਪ੍ਰੇਮੀਆ! ਦੇਖਾ ਦੇਖੀ ਨੂੰ ਲੋਕਾਂ ਦੇ ਕਹੇ ਤੇ ਅੰਮ੍ਰਿਤ ਛਕ ਲਿਆ ਪਰ ਤੇਰੇ ਹਿਰਦੇ ਵਿਚ ਨਾਮ ਦੀ ਪ੍ਰਤੀਤ ਨਹੀਂ ਆਈ। ਤੂੰ ਕੋਈ ਧਰਮ ਧਾਰਨ ਕਰ ਲਿਆ, ਕਿਸੇ ਮਹਾਂਪੁਰਸ਼ ਤੋਂ ਉਪਦੇਸ਼ ਵੀ ਲੈ ਲਿਆ ਪਰ ਤੇਰੇ ਮਨ ਵਿਚ ਪ੍ਰਤੀਤ ਨਹੀਂ ਆਈ ਕਿਉਂਕਿ ਦੂਸਰੀ ਕਿਸਮ ਵਿਚ ਸਰੀਰ ਦੀ ਪਾਲਨਾ ਵਾਸਤੇ, ਲੋਕ ਲਾਜ ਵਾਸਤੇ ਅਜੇ ਤੇਰਾ ਵਾਸ਼ਨਾਵਾਂ ਦਾ ਚੱਕਰ ਚਲ ਰਿਹਾ ਹੈ। ਵਾਸ਼ਨਾਵਾਂ ਦੇ ਅੰਦਰ ਪਿਆ ਹੋਇਆ ਹੈਂ, ਨਾਮ ਤਾਂ ਤੂੰ ਜਪਦਾ ਹੀ ਨਹੀਂ ਪ੍ਰੇਮੀਆ। ਆਖਦਾ ਹੈ ਜੀ, ਮੈਂ ਪੰਜ ਬਾਣੀਆਂ ਦਾ ਪਾਠ ਕਰਦਾ ਹਾਂ, ਮੈਂ ਸੁਖਮਨੀ ਸਾਹਿਬ ਦਾ ਪਾਠ ਕਰਦਾ ਹਾਂ ਪਰ ਸੁਖਮਨੀ ਸਾਹਿਬ ਨੂੰ ਸਮਝਣ ਦਾ ਵੀ ਕਦੀ ਯਤਨ ਕੀਤੈ? ਕਹਿੰਦਾ, ਹਾਂ ਜੀ! ਮੈਂ ਸਾਰੀ ਗੱਲ ਸਮਝ ਲਈ ਹੈ। ਪ੍ਰੇਮੀਆ! ਸੁਖਮਨੀ ਦੇ ਸ਼ੁਰੂ ਵਿਚ ਜੋ ਮਹਾਰਾਜ ਨੇ ਤਾਕੀਦ ਕੀਤੀ ਹੈ ਉਨ੍ਹਾਂ ਬਾਰੇ ਤੈਨੂੰ ਪਤਾ ਹੈ?

***ਧਾਰਨਾ – ਸਿਮਰ ਪਿਆਰੇ ਨੂੰ,***
***ਸਿਮਰੋ ਸਿਮਰ ਸਿਮਰ ਸੁਖ ਪਾਵਹੁ।***
***ਸਿਮਰੋ ਸਿਮਰ ਸਿਮਰ ਸੁਖ ਪਾਵਹੁ – 2, 2.***
***ਸਿਮਰ ਪਿਆਰੇ ਨੂੰ,................।***

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥*** ***ਪੰਨਾ – 262***

ਇਥੇ ਗੁਰੂ ਮਹਾਰਾਜ ਨੇ ਸਿਮਰਨ ਵਾਸਤੇ ਕਿਹਾ ਹੈ। "ਕਹਿੰਦਾ ਜੀ! ਇਹ ਤਾਂ ਮੈਂ ਪੜ੍ਹ ਲਿਆ।" "ਪ੍ਰੇਮੀਆਂ! ਪੜ੍ਹ ਤਾਂ ਤੂੰ ਲੈਨੈਂ ਪਰ ਇਸ ਉਤੇ ਤੇਰਾ ਅਮਲ ਕੋਈ ਨਹੀਂ ਹੈ।" 'ਸਿਮਰਨ' ਯਾਦ ਕਰਨ ਨੂੰ ਕਹਿੰਦੇ ਹਨ, ਮਹਾਰਾਜ ਫੁਰਮਾਨ ਕਰਦੇ ਹਨ ਯਾਦ ਕਰੋ, ਯਾਦ ਕਰੋ, ਯਾਦ ਕਰੋ, ਯਾਦ ਕਰਨ ਦਾ ਨਤੀਜਾ ਕੀ ਹੋਵੇਗਾ ਕਿ ਕਲਾ ਕਲੇਸ਼ ਦਾ ਨਾਸ਼ ਹੋਵੇਗਾ ਤੇ ਸੁਖਾਂ ਦੀ ਪ੍ਰਾਪਤੀ ਹੋਵੇਗੀ। ਕਹਿਣ ਲੱਗਾ, "ਜੀ! ਇਹਦੇ ਵਲ ਤਾਂ ਮੈਂ ਕਦੀ ਧਿਆਨ ਨਹੀਂ ਦਿਤਾ, ਮੈਂ ਤਾਂ ਪਾਠ ਹੀ ਕਰਦਾ ਹਾਂ। ਠੀਕ ਹੈ। ਪਾਠ ਕਰਨ ਦੀ ਵੀ ਇਕ ਸਟੇਜ ਹੋਇਆ ਕਰਦੀ ਹੈ ਲੇਕਿਨ ਬਾਦ ਵਿਚ ਇਹ ਹੁੰਦਾ ਹੈ ਜੇਕਰ ਉਸ ਪਾਠ ਦੀਆਂ ਹਦਾਇਤਾਂ (instructions) ਨੂੰ ਨਾ ਮੰਨੇ ਤਾਂ ਫਿਰ ਰੂਹਾਨੀ ਤਰੱਕੀ ਨਹੀਂ ਹੋਇਆ ਕਰਦੀ। ਇਸ ਕਰਕੇ ਭਾਈ ਸਿਮਰਨ ਕਰਿਆ ਕਰੋ। "ਕਹਿੰਦਾ ਜੀ, ਬਿਰਤੀ ਨਹੀਂ ਲਗਦੀ ਨੀਂਦ ਆਉਣ ਲਗ ਜਾਂਦੀ ਹੈ। ਨੀਂਦ ਪਿਆਰੀ ਲਗਦੀ ਹੈ ਤੇ ਅੰਮ੍ਰਿਤ ਵੇਲੇ ਉਠਣ ਨੂੰ ਜੀਅ ਨਹੀਂ ਕਰਦਾ।" ਥੋੜ੍ਹੇ ਦਿਨਾਂ ਨੂੰ ਠੰਢ ਹੋ ਜਾਵੇਗੀ ਫੇਰ ਇਸ਼ਨਾਨ ਕਰਨ ਨੂੰ ਜੀ ਨਹੀਂ ਕਰਨਾ। ਇਹ ਤਾਂ ਕੰਮ ਠੀਕ ਨਹੀਂ ਹੈ, ਪ੍ਰੇਮੀਆਂ! ਤੂੰ ਆਇਆ ਤਾਂ ਬੰਦਗੀ ਕਰਨ ਸੀ ਪਰ ਤੂੰ ਤਾਂ ਸਰੀਰ ਨੂੰ ਪਾਲਨਾ ਸ਼ੁਰੂ ਕਰ ਦਿਤਾ। ਜੇਕਰ ਸਰੀਰ ਨੂੰ ਪਾਲਦਾ ਪਾਲਦਾ ਚਲਿਆ ਗਿਆ, ਸਰੀਰ ਛੱਡ ਗਿਆ ਤਾਂ ਤੈਨੂੰ ਚੋਟਾਂ ਖਾਣੀਆਂ ਪੈਣਗੀਆਂ।

***ਕਰਣੋ ਹੁਤੋ ਸੁ ਨਾ ਕਓ ਪਰਿਓ ਲੋਭ ਕੈ ਫੰਧ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***
***ਪੰਨਾ – 1428***

ਮਹਾਰਾਜ ਕਹਿੰਦੇ ਹਨ ਕਿ ਐ ਅੰਨੇ ਪੁਰਸ਼ ਹੁਣ ਤੇਰੇ ਰੋਣ ਦਾ ਕੀ ਫਾਇਦਾ ਹੈ ਤੂੰ ਤਾਂ ਸਾਰਾ ਸਮਾਂ ਹੀ ਗਵਾ ਦਿਤਾ। ਟਾਈਮ ਲੰਘ ਗਿਆ ਜਿਸ ਵਕਤ ਨੂੰ ਭਜਨ ਕਰਨਾ ਸੀ ਉਸ ਵੇਲੇ ਤੂੰ ਮਾਇਆ ਦੇ ਨਾਲ ਰੱਤਿਆ ਹੋਇਆ ਸੀ, ਬਾਲ ਬੱਚਿਆਂ ਦੇ ਨਾਲ ਪਰਚਿਆ ਹੋਇਆ ਸੀ। ਇਸ ਦਾ ਅੰਤ (ਨਿਰਾਸਤਾ) frustration ਹੁੰਦੀ ਹੈ। ਐਸਾ ਬੰਦਾ ਅੰਤ ਵੇਲੇ ਸੁਖੀ ਨਹੀਂ ਹੋ ਸਕਿਆ ਕਰਦਾ। ਬੱਚੇ ਆਪ ਹੁਦਰੇ ਹੋ ਕੇ ਆਪਣੀ ਮਰਜ਼ੀ ਕਰਦੇ ਨੇ, ਇਸ ਦੀ ਮਰਜ਼ੀ ਹਟ ਜਾਂਦੀ ਹੈ ਇਸ ਦਾ ਕਹਿਣਾ ਨਹੀਂ ਮੰਨਦੇ, ਬੇਵੱਸ ਹੋ ਕੇ ਸਭ ਕੁਝ ਦੇਖਦਾ ਰਹਿੰਦਾ ਹੈ ਪਰ ਕੋਈ ਫਲ ਪ੍ਰਾਪਤ ਨਹੀਂ ਹੁੰਦਾ। ਜੇਕਰ ਕਿਸੇ ਭਾਗਸ਼ਾਲੀ ਦੇ ਬੱਚੇ ਚੰਗੇ ਨੇਕ ਤੇ ਲਾਇਕ ਹੋਣ, ਉਹ ਵੀ ਅੱਗੇ ਦਰਗਾਹ ਵਿਚ ਜਾ ਕੇ ਸਹਾਇਤਾ ਨਹੀਂ ਕਰ ਸਕਦੇ ਕਿਉਂਕਿ ਅੱਗੇ ਤਾਂ ਜੀਵ ਨਿਭਦਾ ਹੈ। ਸੋ ਇਸ ਕਰਕੇ ਨਾਮ ਵਿਚ ਭਰੋਸਾ ਨਾ ਹੋਣ ਦੇ ਕਾਰਨ ਨਾ ਹੀ ਨਾਮ ਵਿਚ ਚਿੱਤ ਲਗਦਾ ਹੈ, ਨਾ ਹੀ ਬੰਦਗੀ ਹੁੰਦੀ ਹੈ। ਜਿਨ੍ਹਾਂ ਨੇ ਨਾਮ ਤੇ ਵਿਸ਼ਵਾਸ਼ ਕਰ ਲਿਆ ਉਹ ਤਾਂ ਦਿਨ ਰਾਤ ਨਾਮ ਜਪਦੇ ਹਨ ਅਤੇ ਨਾਮ ਦਾ ਤੋਸਾ ਇਕੱਠਾ ਕਰਦੇ ਹਨ ਕਿਉਂਕਿ ਇਹ ਬਹੁਤ ਕੀਮਤੀ ਚੀਜ਼ ਹੈ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਨੂੰ ਪੁਛਿਆ ਕਿ ਮਹਾਰਾਜ! ਨਾਮ ਦੀ ਕੀਮਤ ਕਿੰਨੀ ਕੁ ਹੈ? ਮਹਾਰਾਜ ਕਹਿਣ ਲੱਗੇ ਕਿ ਨਾਮ ਦੀ ਕੀਮਤ ਤਾਂ ਕੋਈ ਪਾ ਨਹੀਂ ਸਕਦਾ, ਅਸੀਂ ਤੁਹਾਨੂੰ ਸੰਖੇਪ ਜਿਹਾ ਹੀ ਦਸਦੇ ਹਾਂ ਕਿ ਜੇਕਰ ਕੋਈ ਇਕ ਵਾਰੀ ਵਾਹਿਗੁਰੂ ਕਹਿ ਲਵੇ ਤਾਂ ਉਸਦੀ ਕਾਲ ਦੀ ਫਾਸੀ ਕੱਟੀ ਜਾਂਦੀ ਹੈ ਭਾਵ ਉਹ ਜਨਮ ਮਰਨ ਦੇ ਚੱਕਰ ਵਿਚੋਂ ਨਿਕਲ ਜਾਂਦਾ ਹੈ –

***ਧਾਰਨਾ - ਕੱਟੇ ਜਾਣਗੇ ਚੁਰਾਸੀ ਵਾਲੇ ਗੇੜੇ,***
***ਸਤਿਨਾਮ ਬੋਲ ਵਾਹਿਗੁਰੂ।***
***ਮੇਰੇ ਪਿਆਰੇ, ਸਤਿਨਾਮ ਬੋਲ ਵਾਹਿਗੁਰੂ - 2, 2.***
***ਕੱਟੇ ਜਾਣਗੇ ਚੁਰਾਸੀ ਵਾਲੇ ਗੇੜੇ,..........।***

***ਏਕ ਚਿਤ ਜੇ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥ ਜਾਪ ਸਾਹਿਬ***

'ਛਿਨ' ਅੱਖ ਦੇ ਝਮਕਣ ਜਿੰਨੇ ਚਿਰ ਨੂੰ ਆਖਦੇ ਹਨ, ਜੇਕਰ ਇਕ ਛਿਨ ਵਾਸਤੇ ਵਾਹਿਗੁਰੂ ਚਿੱਤ ਆ ਜਾਵੇ, ਪ੍ਰਮੇਸ਼ਰ ਦਾ ਨਾਮ ਚਿੱਤ ਆ ਜਾਵੇ, ਪ੍ਰਮੇਸ਼ਰ ਦੇ ਨਾਮ ਦੀ ਐਡੀ ਸ਼ਕਤੀ ਹੈ ਕਿ ਜੇਕਰ ਕਾਲ ਦੀ ਫਾਸੀ ਗਲ ਵਿਚ ਪਈ ਹੋਵੇ ਤਾਂ ਉਹ ਕੱਟੀ ਜਾਵੇਗੀ। ਉਸੇ ਵੇਲੇ ਬਿਬਾਨ ਲੈਣ ਵਾਸਤੇ ਆ ਜਾਣਗੇ ਅਤੇ ਗੁਰਧਾਮ ਨੂੰ ਪ੍ਰਾਪਤ ਹੋ ਜਾਵੇਂਗਾ, ਜਿਸ ਦਾ ਨਾਮ ਹੈ ਉਸ ਦੇ ਕੋਲ ਚਲਿਆ ਜਾਵੇਂਗਾ। ਕਹਿਣ ਲੱਗੇ, ਇਸ ਤਰ੍ਹਾਂ ਹੋਇਆ ਵੀ ਹੈ ਕਿ ਕਿਸੇ ਨੇ ਐਸ ਤਰ੍ਹਾਂ ਪ੍ਰਭੂ ਨੂੰ ਯਾਦ ਕੀਤਾ ਹੋਵੇ ਤੇ ਉਸ ਦੇ ਗਲੇ ਵਿਚ ਪਈ ਹੋਈ ਜਮਾਂ ਦੀ ਫਾਸੀ ਲਹਿ ਗਈ ਹੋਵੇ? ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਐਸੀਆਂ ਬੇਅੰਤ ਮਿਸਾਲਾਂ ਹਨ, ਦੁਨੀਆਂ ਦਾ ਵੀ ਦੁਖ ਕੱਟਿਆ ਗਿਆ ਤੇ ਅੰਤ ਵੇਲੇ ਵੀ ਸਹਾਇਤਾ ਹੋਈ ਹੈ। ਜਿਵੇਂ ਦਰੋਪਤੀ ਦੀ ਭਰੀ ਸਭਾ ਵਿਚ ਪ੍ਰਭੂ ਨੇ ਲਾਜ ਰੱਖੀ। ਜਦੋਂ ਦੁਰਯੋਧਨ ਦੇ ਹੁਕਮ ਨਾਲ ਦੁਸ਼ਾਸ਼ਨ ਉਸ ਨੂੰ ਨਿਰਵਸਤਰ ਕਰਨ ਲੱਗਾ ਸੀ ਤਾਂ ਉਸ ਨੇ ਪੁਕਾਰ ਕੀਤੀ -

***ਅਖੀ ਮੀਟਿ ਧਿਆਨੁ ਧਰਿ***
***ਹਾਹਾ ਕ੍ਰਿਸਨ ਕਰੈ ਬਿਲਲਾਂਦੀ॥***
***ਭਾਈ ਗੁਰਦਾਸ ਜੀ, ਵਾਰ 10/8***

ਉਸ ਨੇ ਇਕੋ ਵੇਰੀ ਕਿਹਾ ਸੀ ਕਿ ਹੇ ਪ੍ਰਭੂ! ਹੁਣ ਮੇਰੀ ਲਾਜ ਰੱਖੋ, ਹੁਣ ਤੇਰੇ ਬਿਨਾਂ ਮੇਰਾ ਕੋਈ ਨਹੀਂ। ਪ੍ਰਭੂ ਐਸਾ ਨਹੀਂ ਹੈ ਕਿ ਅਸਮਾਨਾਂ ਵਿਚ ਬੈਠਾ ਹੈ ਬਿਲਕੁਲ ਕੋਲ, ਨਾਲ ਰਹਿੰਦਾ ਹੈ। ਅੰਦਰ ਬਾਹਰ ਇਕ ਰਸ ਪਰੀਪੂਰਨ ਹੈ।

***ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥***
***ਪੰਨਾ - 784***

ਪ੍ਰਭੂ ਕੋਲ ਹੀ ਰਹਿੰਦਾ ਹੈ, ਨਾਲ ਹੀ ਵਸਦਾ ਹੈ, ਨੇੜੇ ਤੋਂ ਨੇੜੇ ਹੈ। ਸੁਣਦਾ ਕਿਵੇਂ ਹੈ? ਫੁਰਮਾਨ ਹੈ ਕਿ -

***ਹਾਥੀ ਕੀ ਚਿੰਗਾੜ ਪਲ ਪਾਛੈ ਪਹੁਚਤ ਤਾਹਿ।***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।***
***ਅਕਾਲ ਉਸਤਤਿ***

ਹਾਥੀ ਕਿੱਡਾ ਵੱਡਾ ਹੁੰਦਾ ਹੈ, ਹੋ ਸਕਦਾ ਹੈ ਕਿ ਉਸ ਦੀ ਪੁਕਾਰ ਦੇਰ ਨਾਲ ਪਹੁੰਚੇ ਪਰੰਤੂ ਕੀੜੀ ਐਨੀ ਛੋਟੀ ਹੁੰਦੀ ਹੈ ਉਸ ਦੀ ਪੁਕਾਰ ਪਹਿਲਾਂ ਸੁਣਦਾ ਹੈ। ਐਸਾ ਜੋ ਪ੍ਰਮੇਸ਼ਰ ਹੈ ਜੇਕਰ ਜਮਦੂਤ ਆ ਕੇ ਖੜ੍ਹੇ ਹੋ ਜਾਣ ਇਕ ਵਾਰੀ ਵਾਹਿਗੁਰੂ ਕਹਿ ਦਿਓ ਫੇਰ ਵਾਹਿਗੁਰੂ ਨੂੰ ਆਪਣੇ ਨਾਮ ਦੀ ਲਾਜ ਹੈ, ਉਹ ਖਾਲੀ ਨਹੀਂ ਜਾਣ ਦਿੰਦਾ, ਸਹਾਇਤਾ ਕਰਦਾ ਹੈ। ਗੁਰੂ ਮਹਾਰਾਜ ਇਸ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ।।***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ - 902***

ਕਿਉਂਕਿ ਮਹਾਰਾਜ ਦਾ ਫੁਰਮਾਨ ਇਹ ਵੀ ਹੈ ਕਿ -

***ਏਕ ਚਿਤ ਜੇ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਇਕ ਛਿਨ, ਅੱਖ ਦੇ ਝਮਕਣ ਜਿੰਨੇ ਸਮੇਂ ਨੂੰ ਕਹਿੰਦੇ ਹਨ, ਇਕ ਛਿਨ ਵਾਸਤੇ ਅਜਾਮਲ ਦੀ ਸੁਰਤ ਪ੍ਰਮੇਸ਼ਰ ਵਲ ਚਲੀ ਗਈ ਤੇ ਇਕ ਵਾਰੀ ਨਾਰਾਇਣ ਕਹਿ ਦਿਤਾ ਜਿਸ ਦੇ ਫਲਸਰੂਪ ਉਸ ਨੂੰ ਵੱਡੇ ਤੋਂ ਵੱਡੇ ਜੋਗੀਆਂ ਵਾਲੀ ਗਤੀ ਪ੍ਰਾਪਤ ਹੋ ਗਈ। ਸੋ ਪ੍ਰਮੇਸ਼ਰ ਦੇ ਨਾਮ ਵਿਚ ਐਸੀ ਸ਼ਕਤੀ ਹੈ, ਐਸੀ ਤਾਸੀਰ ਹੈ ਜਿਸ ਬਾਰੇ ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਖੋਲ੍ਹ ਕੇ ਲਿਖਦੇ ਹਨ ਕਿ ਕਨੌਜ ਦੇ ਰਹਿਣ ਵਾਲਾ ਇਕ ਰਾਜ ਪੰਡਤ ਦਾ ਲੜਕਾ ਜਿਸਦਾ ਨਾਮ ਅਜਾਮਲ ਸੀ ਬਹੁਤ ਹੀ ਹੋਣਹਾਰ ਸੀ। ਉਹ ਚਾਰੇ ਵੇਦਾਂ ਦਾ ਗਿਆਤਾ ਛੇ ਸਾਸ਼ਤਰ ਤੇ 27 ਸਿਮ੍ਰਤੀਆਂ, ਉਪਨਿਸ਼ਦ, ਗੀਤਾ ਆਦਿ ਸਾਰੇ ਗ੍ਰੰਥ ਪੜ੍ਹਿਆ ਹੋਇਆ ਸੀ ਤੇ ਇਹ ਸਾਰੇ ਉਸ ਦੇ ਜਵਾਨੀ ਵਿਚ ਹੀ ਮੂੰਹ ਜ਼ਬਾਨੀ ਯਾਦ ਸਨ।

ਗੁਰੂ ਦੀ ਉਸ ਦੇ ਉਤੇ ਬਹੁਤ ਦ੍ਰਿਸ਼ਟੀ ਸੀ ਕਿਉਂਕਿ ਉਸ ਦਾ ਗੁਰੂ ਵਿਦਿਆ ਦਾਤਾ ਵੀ ਸੀ ਤੇ ਅਧਿਆਤਮਵਾਦ ਵਿਚ ਵੀ ਪੂਰਾ ਸੀ। ਉਸ ਵਿਚ ਇਹ ਦੋਵੇਂ ਗੁਣ ਸਨ। ਬਹੁਤ ਸਾਰੇ ਗੁਰੂ ਕੇਵਲ ਵਿਦਵਾਨ ਹੁੰਦੇ ਹਨ ਪਰੰਤੂ ਰੂਹਾਨੀ ਸੇਧ ਨਹੀਂ ਦੇ ਸਕਿਆ ਕਰਦੇ। ਬਹੁਤ ਸਾਰੇ ਰੂਹਾਨੀ ਮੰਜ਼ਲਾਂ ਵਿਚ ਬਹੁਤ ਉਚੇ ਹੁੰਦੇ ਹਨ ਪਰੰਤੂ ਸ਼ੰਕਾ ਨਵਿਰਤ ਨਹੀਂ ਕਰ ਸਕਿਆ ਕਰਦੇ। ਵਿਦਵਾਨ ਤੇ ਰੂਹਾਨੀਅਤ ਦਾ ਪੂਰਾ ਗੁਰੂ ਕੋਈ ਵਿਰਲਾ ਵਿਰਲਾ ਹੁੰਦਾ ਹੈ ਜਿਸ ਵਿਚ ਇਹ ਦੋਵੇਂ ਗੁਣ ਹੋਣ ਅਤੇ ਨਾਲ ਅਮਲ ਵਿਚ ਵੀ ਪੂਰਾ ਹੋਵੇ। ਸੋ ਉਸ ਦਾ ਗੁਰੂ ਵੀ ਐਸਾ ਹੀ ਸੀ। ਜਦੋਂ ਅਜਾਮਲ ਜੁਆਨ ਹੋ ਗਿਆ ਅਤੇ ਇਸ ਅਵਸਥਾ ਨੂੰ ਜਵਾਨੀ ਮਸਤਾਨੀ ਆਖਦੇ ਹਨ ਅਤੇ ਇਸ ਉਮਰ ਵਿਚ ਦੀਵਾਨਗੀ ਬਹੁਤ ਹੁੰਦੀ ਹੈ ਅਤੇ ਵੱਡਿਆਂ ਵੱਡਿਆਂ ਨੂੰ ਹਿਲਾ ਕੇ ਰੱਖ ਦਿੰਦੀ ਹੈ। ਬੱਚਾ ਪਹਿਲਾਂ ਪਹਿਲ ਬਹੁਤ ਚੰਗਾ ਹੁੰਦਾ ਹੈ ਇਸ ਦਾ ਮਨ ਲਗਦਾ ਹੈ ਤੇ ਜਿਉਂ ਜਿਉਂ ਜੁਆਨ ਹੁੰਦਾ ਹੈ ਤਿਉਂ ਤਿਉਂ ਇਸ ਦੀ ਸੁਸਾਇਟੀ ਮਾੜੀ ਹੁੰਦੀ ਜਾਂਦੀ ਹੈ ਤੇ ਮਾੜੀ ਸੋਸਾਇਟੀ ਹੋਣ ਦੇ ਨਾਲ ਪ੍ਰਮੇਸ਼ਰ ਤੋਂ ਬੇਮੁਖ ਹੋ ਜਾਇਆ ਕਰਦਾ ਹੈ। ਜਦੋਂ ਬੇਮੁਖ ਹੋ ਜਾਂਦਾ ਹੈ ਤਾਂ ਮਨਮਰਜ਼ੀ ਕਰਦਾ ਹੈ ਅਤੇ ਫੇਰ ਨਾ ਆਪਣੇ ਮਾਂ ਬਾਪ ਦੇ ਆਖੇ ਲਗਦਾ ਹੈ ਤੇ ਨਾ ਹੀ ਗੁਰੂ ਪੀਰ ਨੂੰ ਮੰਨਦਾ ਹੈ। ਮਨ ਦੀ ਮਰਜ਼ੀ ਕਰਕੇ ਆਪਣੇ ਤਜਰਬੇ ਸ਼ੁਰੂ ਕਰ ਦਿੰਦਾ ਹੈ ਤੇ ਅਖੀਰ ਦੁਖੀ ਹੁੰਦਾ ਹੈ। ਇਸ ਦੇ ਗੁਰੂ ਜਾਣਦੇ ਸੀ ਕਿ ਇਹ ਭਾਵੇਂ ਪੜ੍ਹਿਆ ਹੋਇਆ ਹੈ ਪਰੰਤੂ ਇਹ ਕੜ੍ਹਿਆ ਹੋਇਆ ਨਹੀਂ ਕਿਉਂਕਿ ਇਸ ਨੇ ਵਿਦਿਆ ਨੂੰ ਆਪਣੇ ਅੰਦਰ ਕਮਾਇਆ ਨਹੀਂ ਹੈ, ਇਸ ਦਾ ਨਿਧਿਆਸਨ ਨਹੀਂ ਕੀਤਾ। ਵਿਦਿਆ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਤਾਂ ਲੋਕਾਂ ਨੂੰ ਸੁਣਾਉਣ ਵਾਸਤੇ ਹੁੰਦੀ ਹੈ ਜੋ ਕੇਵਲ ਬੁੱਧੀਮੰਡਲ ਤਕ ਹੀ ਸੀਮਤ ਹੁੰਦੀ ਹੈ। ਇਕ ਵਿਦਿਆ ਉਹ ਹੁੰਦੀ ਹੈ ਜਿਸ ਦੀ practice (ਅਮਲ) ਕੀਤੀ ਜਾਂਦੀ ਹੈ, ਨਿਧਿਆਸਨ ਕੀਤਾ ਜਾਂਦਾ ਹੈ, ਉਸ ਨੂੰ ਕਮਾ ਕੇ ਅੰਦਰ ਹਜ਼ਮ ਕੀਤਾ ਜਾਂਦਾ ਹੈ। ਗੁਰੂ ਨੂੰ ਪਤਾ ਸੀ ਕਿ ਇਸ ਨੇ ਵਿਦਿਆ ਪੜ੍ਹ ਤਾਂ ਲਈ ਹੈ ਪਰ ਅੰਦਰ ਨਹੀਂ ਕਮਾਈ ਅਤੇ ਜੀਵਨ ਵਿਚ ਘਟਾਈ ਨਹੀਂ

ਹੈ ਇਸ ਕਰਕੇ ਇਹਦੇ ਗਿਰਨ ਦਾ ਖਤਰਾ ਹੈ। ਗੁਰੂ ਕਹਿਣ ਲੱਗੇ, "ਬੇਟਾ ਅਜਾਮਲ! ਤੂੰ ਜੁਆਨ ਹੋ ਗਿਆ, ਤੂੰ ਵੱਡਾ ਵਿਦਵਾਨ ਹੈਂ ਅਤੇ ਦੂਸਰੀ ਤੇਰੇ ਤੇ ਸੁੰਦਰਤਾ ਬਹੁਤ ਹੈ ਤੇ ਤੀਜਾ ਤੂੰ ਬ੍ਰਾਹਮਣ ਦਾ ਲੜਕਾ ਹੈਂ ਇਹ ਤਿੰਨ ਚੀਜ਼ਾਂ ਤੇਰੇ ਵਿਚ ਹਨ ਤੇ ਇਹ ਤਿੰਨੇ ਹੀ ਮੱਦ ਹਨ ਜਿਵੇਂ ਕਿ –

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥***
***ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ॥***
***ਪੰਨਾ – 1288***

ਤੇਰੇ ਅੰਦਰ ਵਿਦਿਆ ਦਾ ਮਦ ਹੈ, ਤੇਰੇ ਪਿਤਾ ਰਾਜ ਪੰਡਤ ਹੋਣ ਕਰਕੇ ਰਾਜਸੀ ਸ਼ਕਤੀ ਵੀ ਹੈ। ਤੀਸਰਾ ਤੇਰੀ ਬ੍ਰਾਹਮਣ ਜਾਤ ਹੈ ਇਹਦਾ ਵੀ ਅਭਿਮਾਨ ਹੈ। ਚੌਥਾ ਤੂੰ ਪੈਸੇ ਟਕੇ ਵਾਲਾ ਵੀ ਹੈਂ ਤੇ ਇਹ ਵੀ ਅਭਿਮਾਨ ਹੈ, ਪੰਜਵਾਂ ਤੂੰ ਸੁੰਦਰ ਬਹੁਤ ਹੈਂ ਤੇ ਜੁਆਨ ਵੀ ਹੈਂ ਇਹ ਸਾਰੇ ਅਭਿਮਾਨ ਇਕੱਠੇ ਹੋਣ ਕਰਕੇ ਖਤਰਾ ਹੈ ਤੇ ਜਿਥੇ ਖਤਰਾ ਹੋਵੇ ਉਥੇ ਸਿਆਣੇ ਬੰਦੇ ਲਾਲ ਅਖਰਾਂ ਵਿਚ (warning) ਸਾਵਧਾਨ ਲਿਖ ਕੇ ਲਾ ਦਿੰਦੇ ਹਨ। ਸਮੁੰਦਰ ਦੇ ਵਿਚ ਜਹਾਜ਼ ਫਸਣ ਦਾ ਖਤਰਾ ਹੁੰਦਾ ਹੈ, ਉਥੇ ਢੋਲ ਬੰਨ੍ਹ ਕੇ ਲਾਏ ਹੁੰਦੇ ਹਨ ਅਤੇ ਚਾਨਣ ਮੁਨਾਰੇ ਹੁੰਦੇ ਹਨ ਕਿ ਇਧਰ ਹੇਠਾਂ ਚਟਾਨਾਂ (rocks) ਹਨ ਜਹਾਜ਼ ਟੁੱਟ ਜਾਵੇਗਾ, ਇਧਰ ਕੋਈ ਨਾ ਜਾਵੇ, ਇਧਰ ਖਤਰਾ ਹੈ।

ਸੋ ਗੁਰੂ ਨੇ ਦੇਖ ਲਿਆ ਕਿ ਹੁਣ ਇਹ ਜਵਾਨੀ ਦੇ ਮੱਧ ਵਿਚ ਹੈ ਤੇ ਜਵਾਨੀ ਭਰ ਰਹੀ ਹੈ ਤੇ ਹੁਣ ਇਹ ਮਨ ਦੀ ਮੱਤ ਕਰੇਗਾ। ਜੇਕਰ ਗੁਰੂ ਦੀ ਮੱਤ ਵਿਚ ਰਹਿ ਜਾਵੇ ਤਾਂ ਬਚ ਜਾਵੇਗਾ ਨਹੀਂ ਤਾਂ ਮਨ ਦੀ ਮਤ ਕਰਕੇ ਹਾਰ ਜਾਵੇਗਾ। ਕਹਿਣ ਲੱਗੇ, "ਬੇਟਾ! ਅਸੀਂ ਬਚਨ ਕਰਦੇ ਹਾਂ, ਤੂੰ ਧਿਆਨ ਦੇ ਕੇ ਸੁਣ ਕਿ ਤੂੰ ਹੁਣ ਜੁਆਨ ਹੋ ਗਿਆ ਹੈਂ ਤੇਰਾ ਮਕਾਨ ਸ਼ਹਿਰ ਦੇ ਬਾਹਰ ਵਾਰ ਹੈ ਤੇ ਤੂੰ ਬਾਹਰਲੀ ਸੜਕ ਜੋ ਹੈਂ ring road ਉਸ ਵਲ ਦੀ ਚਲਿਆ ਜਾਇਆ ਕਰ ਤੇ ਸ਼ਹਿਰ ਦੇ ਵਿਚੀਂ ਹੋ ਕੇ ਨਾ ਜਾਈਂ ਕਿਉਂਕਿ ਸ਼ਹਿਰ ਦੇ ਅੰਦਰ ਬਹੁਤ ਬਲਾਵਾਂ ਹਨ, ਤੇਰੇ ਅੰਦਰ ਕਈ ਕਿਸਮ ਦੀਆਂ ਵਾਸ਼ਨਾਵਾਂ ਜਾਗਣਗੀਆਂ, ਇਸ ਕਰਕੇ ਖਾਸ ਕਰਕੇ ਉਸ ਬਜ਼ਾਰ ਵਿਚੋਂ ਦੀ ਨਾ ਜਾਵੀਂ, ਜਿਸਨੂੰ ਅਧਰਮ ਦਾ ਬਜ਼ਾਰ ਕਹਿੰਦੇ ਹਨ। ਸਾਧਸੰਗਤ ਜੀ! ਵਾਸ਼ਨਾ ਬਹੁਤ ਪ੍ਰਬਲ ਹੁੰਦੀ ਹੈ ਅਤੇ ਇਹ ਮਨੁੱਖ ਦੇ ਮਨ ਨੂੰ ਘੇਰ ਲੈਂਦੀ ਹੈ। ਚਾਰ ਕਿਸਮ ਦੀਆਂ ਵਾਸ਼ਨਾਵਾਂ ਹੁੰਦੀਆਂ ਹਨ ਪਹਿਲੀ ਦੇਹ ਵਾਸ਼ਨਾ ਹੁੰਦੀ ਹੈ। ਦੇਹ ਨੂੰ ਜੋ ਚੰਗੇ ਭੋਗ ਲਗਦੇ ਹਨ ਉਹ ਖਾਣੇ ਵਰਤਣੇ, ਦੇਹ ਨੂੰ ਸ਼ਿੰਗਾਰਨਾ, ਖੁਸ਼ਬੂਆਂ, ਸੁਗੰਧੀਆਂ ਲਾਉਣੀਆਂ, ਬਹੁਤ ਕਿਸਮ ਦੀ ਸ਼ਕਲ ਬਦਲਾਉਣੀ, ਜਿਹੋ ਜਿਹਾ ਪ੍ਰਮੇਸ਼ਰ ਨੇ ਪੈਦਾ ਕੀਤਾ ਹੈ ਉਸ ਤੋਂ ਹੋਰ ਤਰ੍ਹਾਂ ਦਾ ਬਣਨ ਦਾ ਯਤਨ ਕਰਨਾ ਤਾਂ ਕਿ ਸੋਹਣਾ ਸੁਨੱਖਾ ਲੱਗਾਂ। ਦੂਸਰਿਆਂ ਨੂੰ ਚੰਗਾ ਲੱਗਾਂ। ਉਸ ਦੇ ਨਾਲ ਖਾਣ ਪੀਣ, ਦੇਖਣ, ਸੁਣਨ ਆਦਿ ਇਹ ਸਾਰੀਆਂ ਵਾਸ਼ਨਾਵਾਂ ਪ੍ਰਬਲ ਹੋ ਜਾਣਗੀਆਂ। ਇਸੇ ਲਈ ਬਾਬਾ ਫਰੀਦ ਜੀ ਨੇ ਕਿਹਾ ਹੈ ਕਿ ਜਿੰਨੇ ਵੀ ਸੰਸਾਰ ਦੇ ਭੋਗ ਹਨ ਇਨ੍ਹਾਂ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਇਹ ਤੇਰੇ ਰਸਤੇ ਵਿਚ ਰੁਕਾਵਟ ਪਾਉਣ ਲਈ ਜ਼ਹਿਰ (poison) ਦਾ ਕੰਮ ਕਰਨਗੀਆਂ। ਇਹ ਦੇਖਣ ਨੂੰ ਚੰਗੀਆਂ ਲਗਦੀਆਂ ਹਨ, ਖਾਣ ਨੂੰ ਮਿੱਠੀਆਂ ਲਗਦੀਆਂ ਹਨ ਪਰ ਤੈਨੂੰ ਪਤਾ ਵੀ ਹੈ ਕਿ ਇਹ ਤੇਰਾ ਰੂਹਾਨੀ ਜੀਵਨ ਖਤਮ ਕਰ ਦੇਣਗੀਆਂ, ਸਮਾਂ ਬਰਬਾਦ ਕਰ ਦੇਣਗੀਆਂ ਤੇ ਤੈਨੂੰ ਨਰਕਾਂ ਦਾ ਅਧਿਕਾਰੀ ਬਣਾ ਦੇਣਗੀਆਂ ਅਤੇ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਹਨ –

***ਧਾਰਨਾ – ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾਂ,***
***ਖੰਡ 'ਚ ਲਬੇੜ ਰੱਖੀਆਂ।***
***ਮੇਰੇ ਪਿਆਰੇ, ਖੰਡ 'ਚ ਲਬੇੜ ਰੱਖੀਆਂ – 2, 2.***
***ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ....।***

***ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥***
***ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥***
***ਪੰਨਾ – 1379***

ਇਹ ਵਾਸ਼ਨਾਵਾਂ ਤਾਂ ਵਿਹੁ ਦੀਆਂ ਗੰਦਲਾਂ ਵਾਂਗ ਹਨ ਜਿਵੇਂ ਵਿਹੁ ਦੇ ਕੈਪਸੂਲਾਂ ਉਤੇ ਬਾਹਰ ਖੰਡ ਲਗਾਈ ਹੋਵੇ ਕਿਉਂਕਿ ਅੰਦਰ ਇਸ ਦੇ ਜ਼ਹਿਰ ਹੈ। ਭੋਗ ਭੋਗਣ ਵਾਸਤੇ ਤਾਂ ਬੜਾ ਚੰਗਾ ਲਗਦੈ ਅਤੇ ਉਸ ਦਾ ਨਤੀਜਾ ਬਹੁਤ ਮਾੜਾ ਹੋਇਆ ਕਰਦਾ ਹੈ। ਜਿਵੇਂ ਆਦਮੀ ਜਦੋਂ ਸ਼ਰਾਬ ਪੀਂਦਾ ਹੈ ਕਹਿੰਦਾ ਹੈ ਬਹੁਤ ਅਨੰਦ ਆਉਂਦਾ ਹੈ ਤੇ ਖੁਮਾਰੀ ਆਉਂਦੀ ਹੈ ਇਸ ਦਾ ਨਤੀਜਾ ਕਿੰਨਾ ਭੈੜਾ ਹੁੰਦਾ ਹੈ ਕਿ ਇਸ ਦੇ ਸੈਲਾਂ ਵਿਚ ਸ਼ਰਾਬ ਚਲੀ ਜਾਂਦੀ ਹੈ, ਸਾਰੇ ਸਰੀਰ ਦੇ ਸੈਲ ਕਮਜ਼ੋਰ ਹੋ ਜਾਂਦੇ ਹਨ। ਯਾਦਾਸ਼ਤ ਕਮਜ਼ੋਰ ਪੈ ਜਾਂਦੀ ਹੈ। ਕੰਮ ਕਰਨ ਨੂੰ ਜੀਅ ਨਹੀਂ ਕਰਦਾ ਤੇ ਕੈਂਸਰ ਦੀ ਬੀਮਾਰੀ ਲੱਗ ਜਾਂਦੀ ਹੈ। ਪੈਸੇ ਦੀ ਬਰਬਾਦੀ ਤੇ ਘਰ ਵਿਚ ਨਾਚਾਕੀ ਹੋ ਜਾਂਦੀ ਹੈ ਅਤੇ ਸ਼ਰਾਬ ਘਰ ਦੇ ਸਾਰੇ ਸਿਸਟਮ ਨੂੰ ਵਿਗਾੜ ਦਿੰਦੀ ਹੈ। ਜਰਦਾ ਖਾਣ ਵਾਲਾ ਆਪਣੇ ਅੰਦਰ ਕੈਂਸਰ ਦੇ ਬੀਜ ਸੁੱਟ ਰਿਹਾ ਹੈ। ਇਸ ਦਾ ਨਤੀਜਾ ਕੀ ਹੈ ਕਿ ਸਰੀਰ ਖਰਾਬ ਹੋ ਜਾਏਗਾ, ਚਿਹਰਾ ਪੀਲਾ ਭੂਕ ਹੋ ਜਾਏਗਾ ਤੇ ਉਸ ਦੀ ਰੌਣਕ ਜਾਂਦੀ ਰਹੇਗੀ ਤੇ ਕੰਮ ਕਰਨ ਦੀ ਤਾਕਤ ਨਹੀਂ ਰਹੇਗੀ ਪਰ ਫੇਰ ਭੁੱਲ ਜਾਂਦਾ ਹੈ ਤੇ ਫੇਰ ਉਸ ਨੂੰ ਖਾਈ ਜਾ ਰਿਹਾ ਹੈ। ਇਸੇ ਤਰ੍ਹਾਂ ਸਾਰੀ ਦੁਨੀਆਂ ਦੇ ਜਿੰਨੇ ਭੋਗ ਤੇ ਵਾਸ਼ਨਾਵਾਂ ਹਨ ਇਸ ਜੀਵ ਨੂੰ ਥੱਲੇ ਸੁੱਟਣ ਵਾਲੀਆਂ ਹਨ ਦੂਜੀ ਵਾਸ਼ਨਾ ਲੋਕ ਵਾਸ਼ਨਾ ਹੈ। ਮੈਂ ਲੋਕਾਂ ਵਿਚ ਚੰਗਾ ਲੱਗਾ, ਮੈਨੂੰ ਲੋਕ ਵਧੀਆਂ ਕਹਿਣ ਤੇ ਮੈਂ ਵਿਆਹ ਤੇ ਐਨਾ ਖਰਚ ਕਰਾਂ ਕਿ ਲੋਕ ਦੰਗ ਰਹਿ ਜਾਣ ਤੇ ਬਾਅਦ 'ਚ ਪਤਾ ਲਗਦਾ ਹੈ ਜਦੋਂ ਕਰਜ਼ੇ ਦੇਣੇ ਪੈਣੇ ਹਨ, ਉਸ ਵੇਲੇ ਔਖਾ ਹੋਣਾ ਪੈਂਦਾ ਹੈ। ਦੁਕਾਨਦਾਰ ਬਾਰ-ਬਾਰ ਆ ਕੇ ਪੈਸੇ ਮੰਗਦਾ ਹੈ ਤੇ ਬਦਨਾਮੀ ਹੁੰਦੀ ਹੈ, ਉਸ ਵੇਲੇ ਤਾਂ ਵਾਹ ਵਾਹ ਲੈ ਲਈ ਪਰ ਬਾਅਦ ਵਿਚ ਕਿੰਨੀ ਤੰਗੀ ਦਾ ਸਾਮ੍ਹਣਾ ਕਰਨਾ ਪਿਆ। ਇਹ ਪਹਿਲਾਂ ਹੀ ਸੋਚਣਾ ਚਾਹੀਦਾ ਹੈ। ਤੀਸਰੀ ਸਾਸ਼ਤਰ ਵਾਸ਼ਨਾ ਹੁੰਦੀ ਹੈ। ਇਹ ਦਿਨ ਰਾਤ ਪੜ੍ਹਦਾ ਰਹਿੰਦਾ ਹੈ ਗ੍ਰੰਥਾਂ ਵਿਚੋਂ ਉਦਾਹਰਣਾਂ ਯਾਦ ਕਰਦਾ ਹੈ ਕਿ ਮੈਂ ਪੜ੍ਹ ਪੜ੍ਹ ਕੇ ਇਥੋਂ ਲੋਕਾਂ ਨੂੰ ਸੁਣਾਵਾਂ ਤੇ ਮੈਨੂੰ ਲੋਕ ਚੰਗਾ ਕਹਿਣਗੇ ਤੇ ਮੇਰੀ ਉਪਮਾ ਹੋਵੇਗੀ। ਜੇ ਕੋਈ ਨਿੰਦਿਆ ਕਰ ਦੇਵੇ ਤਾਂ ਫੇਰ ਦੁਖ ਲਗਦਾ ਹੈ। ਉਪਮਾ ਦਾ ਕੋਈ ਫਾਇਦਾ ਹੀ ਨਹੀਂ ਹੁੰਦਾ। ਇਹ ਸਿਰਫ ਗੱਲਾਂ ਹੀ ਹਨ, ਇਹ ਕਿਹੜਾ ਰੋਟੀ ਹੈ ਕਿ ਕਿਸੇ ਨੇ ਰੱਜ ਜਾਣੈ। ਮਹਾਰਾਜ ਦਾ ਫੁਰਮਾਨ ਹੈ ਕਿ ਨਿੰਦਿਆ ਤੋਂ ਡਰਨਾ ਨਹੀਂ ਤੇ ਉਪਮਾ ਕਰਵਾਉਣ ਦੀ ਵੀ ਲੋੜ ਨਹੀਂ ਕਿਉਂਕਿ

ਜਿਹੜਾ ਪ੍ਰੇਮੀ ਉਪਮਾ ਦਾ ਖਾਹਸ਼ਮੰਦ ਹੋਵੇਗਾ, ਉਹ ਨਿੰਦਿਆ ਤੋਂ ਵੀ ਬਹੁਤ ਦੁਖੀ ਹੋਵੇਗਾ। ਨਿੰਦਿਆ ਅੰਦਰ ਵੜ ਜਾਵੇਗੀ ਤੇ ਉਸ ਦਾ ਦੁਸ਼ਮਨ ਬਣ ਜਾਵੇਗਾ ਕਿ ਇਹ ਮੇਰੀ ਨਿੰਦਿਆ ਕਰਦਾ ਹੈ ਕਿਸੇ ਤਰੀਕੇ ਨਾਲ ਉਸ ਨੂੰ ਮਿਲ ਕੇ ਆਪਣੀ ਸਥਿਤੀ ਸਪਸ਼ਟ ਕਰੇਗਾ। ਬੇਪ੍ਰਵਾਹ ਨੂੰ ਕੀ ਹੈ? ਜਿਸ ਨੂੰ ਇਸ ਦੀ ਲਾਗ ਨਹੀਂ, ਉਸ ਨੂੰ ਜਿਹੜਾ ਕੁਝ ਕਹਿਣਾ ਹੈ ਕਹਿੰਦੇ ਰਹੋ ਕਿਉਂਕਿ ਸਾਰੇ ਆਪਣੇ ਆਪ ਹੀ ਜੱਜ ਬਣੇ ਹੁੰਦੇ ਹਨ। ਉਸ ਦੀ ਆਪਣੀ ਕੋਈ ਇਛਿਆ ਨਹੀਂ ਹੁੰਦੀ ਹੈ। ਸੋ ਸਾਸ਼ਤਰ ਵਾਸ਼ਨਾ ਵਿਚ ਆਪਣਾ ਟਾਈਮ ਬਰਬਾਦ ਕਰਕੇ ਅੱਖਾਂ ਦੀ ਜੋਤੀ ਨੂੰ ਖਰਾਬ ਕਰਕੇ ਚਾਹੁੰਦਾ ਹੈ ਕਿ ਮੈਂ ਉਹ ਸਭ ਕੁਝ ਨੋਟ ਕਰ ਲਵਾਂ ਤੇ ਉਹ ਕੰਮ ਕਰਾਂ ਜਿਹੜੇ ਮੈਨੂੰ ਲੋਕ ਕਹਿਣ, ਸੇਵਾ ਵੀ ਬਨਾਉਟੀ, ਦਾਨ ਵੀ ਬਨਾਉਟੀ, ਸਭ ਲੋਕ ਮੈਨੂੰ ਵੱਡਾ ਵਿਦਵਾਨ ਮੰਨਣ ਇਹ ਸ਼ਾਸਤਰ ਵਾਸ਼ਨਾ ਹੋਇਆ ਕਰਦੀ ਹੈ।

ਚੌਥੀ ਅਨੁਸ਼ਠਾਨ ਵਾਸ਼ਨਾ ਹੁੰਦੀ ਹੈ ਤੇ ਇਸ ਦੀ ਬੀਮਾਰੀ ਸਾਧੂ ਸੰਤਾਂ ਨੂੰ ਹੁੰਦੀ ਹੈ। ਉਹ ਇਹ ਹੈ ਕਿ ਸੇਵਕ ਆਉਣੇ ਸ਼ੁਰੂ ਹੋ ਜਾਂਦੇ ਹਨ। ਲੋਕ ਆ ਕੇ ਤਕਲੀਫਾਂ ਦਸਦੇ ਹਨ ਕਿ ਬਾਬਾ ਜੀ ਨੂੰ ਮੈਨੂੰ ਆਹ ਤਕਲੀਫ ਹੈ, ਮੇਰਾ ਮੁੰਡਾ ਨੌਕਰ ਹੋ ਜਾਵੇ ਇਤਿਆਦਿ, ਕਿਹੜਾ ਇਕ ਮੰਗ ਹੈ। ਸਾਰਾ ਸੰਸਾਰ ਮੰਗਾਂ ਦਾ ਭਰਿਆ ਹੋਇਆ ਹੈ। ਸੰਤ ਇਨ੍ਹਾਂ ਨੂੰ ਮੱਖੀਆਂ ਕਹਿੰਦੇ ਹਨ ਕਿਉਂਕਿ ਜਦ ਤਕ ਕੋਈ ਰੂਹਾਨੀ ਗੱਲ ਕਰਨ ਵਾਲਾ ਨਾ ਆਵੇ ਤਾਂ ਬਾਕੀ ਸੰਸਾਰਕ ਮੰਗਾਂ ਵਾਲੇ ਤਾਂ ਮੱਖੀਆਂ ਦੀ ਨਿਆਈਂ ਹੋਇਆ ਕਰਦੇ ਹਨ। ਸੰਤਾਂ ਨੇ ਕਿਸੇ ਤੋਂ ਕੁਝ ਨਹੀਂ ਲੈਣਾ ਹੁੰਦਾ ਸਗੋਂ ਸਭ ਨੂੰ ਦਿੰਦੇ ਹਨ ਉਹ ਤਾਂ ਸਿਰਫ ਖਿਆਲ ਹੁੰਦਾ ਹੈ ਕਿ ਅਸੀਂ ਵੀ ਕੁਝ ਦਿੰਦੇ ਹਾਂ। ਸੋ ਸਾਧੂ ਸੰਤ ਇਨ੍ਹਾਂ ਦੀਆਂ ਵਾਸ਼ਨਾ ਪੂਰੀਆਂ ਕਰਨ ਵਾਸਤੇ ਸ਼ਬਦਾਂ ਦੇ ਮੰਤਰਾਂ ਦੇ ਚਿਲੇ ਕੱਟਦੇ ਹਨ। ਛੇ ਛੇ ਮਹੀਨੇ ਸਰੀਰ ਨੂੰ ਤਕਲੀਫ ਦੇ ਕੇ ਚਿੱਲੇ ਕੱਟਦੇ ਹਨ ਤੇ ਜੋ ਕੁਝ ਕਹਿੰਦੇ ਨੇ ਸਭ ਹੋਈ ਜਾਂਦਾ ਹੈ। ਕਿਸੇ ਨੂੰ ਪੁੱਤਰ ਬਖਸ਼ ਦਿਤਾ, ਕਿਸੇ ਨੂੰ ਮੱਝ ਬਖਸ਼ ਦਿਤੀ, ਕਿਸੇ ਨੂੰ ਜ਼ਮੀਨ ਦਾ ਬਚਨ ਕਰ ਦਿਤਾ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਸ ਦਾ ਸਾਰਾ ਤਪ ਨਸ਼ਟ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਨਾਲ ਇਸ ਦੀ ਹਾਲਤ ਹੁੰਦੀ ਹੈ ਕਿ ਜਿਵੇਂ ਭਾਰ ਢੋਣ ਵਾਲਾ ਗਧਾ ਹੋਇਆ ਕਰਦਾ ਹੈ। ਸੋ ਇਹ ਚਾਰੇ ਵਾਸ਼ਨਾਵਾਂ ਮਾੜੀਆਂ ਵਾਸ਼ਨਾਵਾਂ ਹੁੰਦੀਆਂ ਹਨ। ਇਹ ਵਾਸ਼ਨਾ ਪਹਿਲਾਂ ਚੰਗੀ ਲਗਦੀ ਹੈ ਪਰੰਤੂ ਬਾਅਦ ਵਿਚ ਇਸ ਦਾ ਨਤੀਜਾ ਮਾੜਾ ਹੁੰਦਾ ਹੈ।

ਸੋ ਮਹਾਂਪੁਰਸ਼ ਅਜਾਮਲ ਨੂੰ ਕਹਿਣ ਲੱਗੇ ਕਿ ਬੇਟਾ! ਤੂੰ ਜੁਆਨ ਹੋ ਗਿਆ, ਹੁਣ ਤੇਰੇ ਮਨ ਦੇ ਅੰਦਰ ਅਨੇਕਾਂ ਵਾਸ਼ਨਾਵਾਂ ਨੇ ਜਨਮ ਲੈਣਾ ਹੈ ਤੇ ਸਭ ਤੋਂ ਬੁਰੀ ਤੇ ਵੱਡੀ ਵਾਸ਼ਨਾ ਕਾਮ ਵਾਸ਼ਨਾ ਹੈ ਤੇ ਤੈਨੂੰ ਅਸੀਂ ਮਨਾਂ ਕਰਦੇ ਹਾਂ ਕਿ ਇਸ ਬਜ਼ਾਰ ਵਿਚੋਂ ਦੀ ਨਾ ਜਾਵੀਂ। ਅਜਾਮਲ ਕਹਿਣ ਲੱਗਾ, "ਮਹਾਰਾਜ! ਮੈਂ ਐਨਾ ਪੜ੍ਹਿਆ ਲਿਖਿਆ, ਵੇਦਾਂ ਦਾ ਗਿਆਤਾਂ ਹਾਂ, ਮੈਨੂੰ ਪਤਾ ਹੈ ਕਿ ਪਰ ਘਰ ਜਾਣ ਦੇ ਨਾਲ ਕੀ ਨਤੀਜਾ ਹੋਇਆ ਕਰਦਾ ਹੈ ਤੇ ਮੈਂ ਭੁੱਲ ਕਿਸ ਤਰ੍ਹਾਂ ਜਾਵਾਂਗਾ।" ਗੁਰੂ ਕਹਿਣ ਲੱਗੇ ਕਿ ਆਦਮੀ ਦੀ ਮਨੋਵਿਗਿਆਨਕ ਸਥਿਤੀ ਐਸੀ ਹੈ ਕਿ ਇਹ ਪ੍ਰਮੇਸ਼ਰ ਦੀ ਮਾਇਆ ਦੇ ਅੱਗੇ ਠਹਿਰ ਨਹੀਂ ਸਕਦਾ, ਇਹ ਤਾਂ ਕੀ ਹੈ, ਵੱਡੇ-ਵੱਡੇ ਨਹੀਂ ਠਹਿਰ ਸਕੇ।

ਜੈਮਨੀ ਰਿਸ਼ੀ ਜਿਸ ਨੇ ਨਿਆਇ ਸਾਸ਼ਤਰ ਲਿਖਿਆ ਹੈ ਇਕ ਵਾਰੀ ਵੇਦ ਵਿਆਸ ਜੀ ਨੂੰ ਪੜ੍ਹ ਕੇ ਸੁਣਾਉਣ ਲਗ ਪਿਆ, ਕਹਿਣ ਲੱਗਾ ਕਿ ਦੇਖਿਓ ਮਹਾਰਾਜ! ਇਹ ਠੀਕ ਹੈ? ਪੜ੍ਹਦੇ ਪੜ੍ਹਦੇ ਇਕ ਲਾਈਨ ਆਈ ਕਿ ਜੋ ਗਿਆਨਵਾਨ ਪੁਰਸ਼ ਹੈ ਉਸ ਤੇ ਮਾਇਆ ਦਾ ਕੋਈ ਅਸਰ ਨਹੀਂ ਹੁੰਦਾ। ਉਹ ਕਹਿਣ ਲੱਗੇ, "ਬੇਟਾ! ਜੈਮਨੀ ਇਸ ਨੂੰ ਕੱਟ ਦਿਓ।" ਜੈਮਨੀ ਨੇ ਕਿਹਾ ਕਿ ਮਹਾਰਾਜ! ਮਾਇਆ ਗਿਆਨਵਾਨ ਉਪਰ ਵੀ ਅਸਰ ਕਰ ਦਿੰਦੀ ਹੈ? ਵਿਆਸ ਜੀ ਕਹਿਣ ਲੱਗੇ, "ਜੇਕਰ ਗੁਰੂ ਦੀ ਕ੍ਰਿਪਾ ਨਾ ਰਹੇ ਤਾਂ ਗਿਆਨਵਾਨ ਨੂੰ ਮਾਇਆ ਸੁੱਟ ਲੈਂਦੀ ਹੈ ਕਿਉਂਕਿ ਇਹ ਬਹੁਤ ਜ਼ੋਰਾਵਰ ਹੈ।" ਜੈਮਨੀ ਕਹਿਣ ਲੱਗੇ ਕਿ ਮੇਰਾ ਤਾਂ ਖਿਆਲ ਹੈ ਕਿ ਗਿਆਨਵਾਨ ਤੇ ਮਾਇਆ ਅਸਰ ਨਹੀਂ ਕਰ ਸਕਦੀ। ਵਿਆਸ ਜੀ ਨੇ ਕਿਹਾ, "ਤੈਨੂੰ ਜੁਗਤੀ ਨਾਲ ਸਮਝਾਂਵਾਂਗੇ।" ਥੋੜ੍ਹੇ ਦਿਨਾਂ ਬਾਅਦ ਯੋਗ ਮਾਇਆ ਨਾਲ ਖੇਲ੍ਹ ਰਚ ਦਿਤਾ। ਸੰਤਾਂ ਵਿਚ, ਮਹਾਂਪੁਰਸ਼ਾਂ ਵਿਚ ਸ਼ਕਤੀ ਹੋਇਆ ਕਰਦੀ ਹੈ, ਯੋਗ ਮਾਇਆ ਨਾਲ ਜੋ ਖੇਲ੍ਹ ਰਚਣਾ ਚਾਹੁੰਣ ਰਚ ਲਿਆ ਕਰਦੇ ਹਨ। ਹੁਣ ਤਾਂ ਸੰਤ ਹੀ ਘੱਟ ਗਏ, ਕਾਲ ਪੈਂਦਾ ਜਾਂਦਾ ਹੈ, ਭੇਖ ਤਾਂ ਬਹੁਤ ਹੈ ਲੇਕਿਨ ਸੰਤ ਨਹੀਂ ਹੈ। ਬਿਲਕੁਲ ਹੀ ਘਟ ਗਿਆ ਹੈ, ਕਿਤੇ ਟਾਵਾਂ ਟਾਵਾਂ ਹੈ।

***ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ***<br>
***ਕੋਈ ਹਰਿਆ ਬੂਟੁ ਰਹਿਓ ਰੀ॥ ਪੰਨਾ - 384***

ਕੋਈ ਟਾਵਾਂ ਹਰਾ ਬੂਟਾ ਹੈ ਨਹੀਂ ਤਾਂ ਮਾਇਆ ਅਗਨ ਨੇ ਸਭ ਬੂਟੇ ਸੜ ਗਏ ਹਨ। ਕਈ ਦਿਨਾਂ ਤੋਂ ਬਾਅਦ ਸ਼ਾਮ ਦੇ ਟਾਈਮ ਜੈਮਨੀ ਕੀ ਦੇਖਦਾ ਹੈ, ਸੁਣ ਰਿਹਾ ਹੈ ਕਿ ਜੰਗਲ ਦੇ ਅੰਦਰੋਂ ਕਿਸੇ ਦੇ ਰੋਣ ਦੀ ਹਿਰਦੇ ਬੇਧਕ ਆਵਾਜ਼ ਆ ਰਹੀ ਹੈ। ਪਹਿਲਾਂ ਸੁਣਦਾ ਰਿਹਾ ਤੇ ਸੋਚਿਆ ਕਿ ਇਹ ਜਗਤ ਤਾਂ ਮਿਥਿਆ ਹੈ ਇਹ ਜਗਤ ਮੇਰਾ ਭਰਮ ਹੈ, ਜਗਤ ਨਹੀਂ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਨਾਲ ਮਨ ਨੂੰ ਢਾਰਸ ਦਿੰਦਾ ਰਿਹਾ ਲੇਕਿਨ ਜਦੋਂ ਆਵਾਜ਼ ਅੰਦਰ ਡੂੰਘੀ ਗਈ ਤਾਂ ਅੰਦਰੋਂ ਦਰਦ ਨੇ ਹਲੋਰਾ ਮਾਰਿਆ, ਕਹਿਣ ਲੱਗਿਆ ਫੇਰ ਵੀ ਕੋਈ ਮਨੁੱਖ ਜਾਤ ਹੈ, ਕਿਸੇ ਅਬਲਾ ਇਸਤ੍ਰੀ ਦੀ ਆਵਾਜ਼ ਹੈ, ਕੋਈ ਮਦਦ ਕਰਨੀ ਚਾਹੀਦੀ ਹੈ। ਹੌਲੀ ਹੌਲੀ ਉਥੇ ਪਹੁੰਚ ਕੇ ਦੂਰ ਖੜ੍ਹਾ ਹੋ ਗਿਆ ਤੇ ਉਸ ਇਸਤ੍ਰੀ ਤੋਂ ਪੁਛਣ ਲੱਗਿਆ ਕਿ ਆਪ ਕਿਉਂ ਰੋਂਦੇ ਹੋ? ਕਹਿਣ ਲੱਗੀ, "ਹੇ ਭਲੇ ਪੁਰਸ਼! ਮੈਂ ਰੋਵਾਂ ਨਾ ਤਾਂ ਕੀ ਕਰਾਂ, ਮੇਰੇ ਪਤੀ ਨੂੰ ਭੀਲਾਂ ਨੇ ਮਾਰ ਦਿਤਾ ਹੈ ਤੇ ਮੈਂ ਬੜੀ ਮੁਸ਼ਕਲ ਦੇ ਨਾਲ ਬਚੀ ਹਾਂ, ਹੁਣ ਮੈਨੂੰ ਕੋਈ ਰਾਹ ਨਹੀਂ ਲੱਭਦਾ, ਮੈਂ ਕੀ ਕਰਾਂ, ਕਿਧਰ ਨੂੰ ਜਾਵਾਂ।" ਸੋਚ ਸੋਚ ਕੇ ਕਹਿਣ ਲੱਗਿਆ ਕਿ ਹੇ ਲੜਕੀ! ਮੈਂ ਤੇਰੀ ਮਦਦ ਤਾਂ ਕਰ ਸਕਦਾ ਹਾਂ, ਆਹ ਨੇੜੇ ਹੀ ਮੇਰਾ ਆਸ਼ਰਮ ਹੈ, ਪਰ ਮੈਂ ਪ੍ਰਣ ਕੀਤਾ ਹੋਇਆ ਸੀ ਕਿ ਕਿਸੇ ਇਸਤ੍ਰੀ ਨੂੰ ਅੰਦਰ ਨਹੀਂ ਵੜਨ ਦੇਣਾ, ਪਰ ਤੂੰ ਦੁਖੀ ਹੈਂ ਤੂੰ ਚਲ ਮੇਰੇ ਨਾਲ, ਤੇਰੀ ਰੱਖਿਆ ਕਰਨਾ ਮੇਰਾ ਧਰਮ ਹੈ। ਉਸ ਨੂੰ ਆਪਣੇ ਨਾਲ ਆਸ਼ਰਮ ਵਿਚ ਲੈ ਆਇਆ ਤੇ ਕਹਿਣ ਲੱਗਾ, "ਆਹ ਮੇਰਾ ਕਮਰਾ ਹੈ ਇਹਦੇ ਵਿਚ ਤੂੰ ਵਿਸ਼ਰਾਮ ਕਰ ਤੇ ਰਾਤ ਕੱਟ ਲੈ ਤੇ ਮੈਂ ਬਾਹਰ ਛੱਪਰ

ਵਿਚ ਹੀ ਰਾਤ ਕੱਟ ਲਵਾਂਗਾ। ਰਾਤ ਨੂੰ ਭਾਵੇਂ ਕੋਈ ਵੀ ਦਰਵਾਜ਼ਾ ਖੋਲ੍ਹਣ ਲਈ ਆਵਾਜ਼ ਦੇਵੇ, ਤੂੰ ਦਰਵਾਜ਼ਾ ਨਾ ਖੋਲੀਂ ਕਿਉਂਕਿ ਜਿਹੜੇ ਜੰਗਲ ਦੇ ਲੋਕ ਨੇ ਬਹੁਤ ਕਿਸਮ ਦੀਆਂ ਅਵਾਜ਼ਾਂ ਦੇ ਦਿੰਦੇ ਹਨ, ਇਹ ਜਾਨਵਰਾਂ ਤੇ ਬੰਦਿਆਂ ਦੀਆਂ ਅਵਾਜ਼ਾਂ ਕੱਢ ਲੈਂਦੇ ਹਨ ਤੇ ਜੇ ਮੈਂ ਵੀ ਆਵਾਜ਼ ਦੇਵਾਂ ਤਾਂ ਮੈਨੂੰ ਵੀ ਦਰਵਾਜ਼ਾ ਨਹੀਂ ਖੋਲ੍ਹਣਾ।" ਉਸ ਨੇ ਨਾਲ ਦੇ ਛੱਪਰ ਵਿਚ ਆਸਣ ਲਾ ਲਿਆ ਤੇ ਉਹ ਲੜਕੀ ਉਸ ਦੇ ਆਸ਼ਰਮ ਵਿਚ ਆਰਾਮ ਲਈ ਪੈ ਗਈ ਤੇ ਫੇਰ ਸਮਝਾ ਦਿਤਾ ਕਿ ਮੇਰੀ ਹਦਾਇਤ ਨੂੰ ਚੰਗੀ ਤਰ੍ਹਾਂ ਯਾਦ ਰੱਖੀਂ ਕਿ ਭਾਵੇਂ ਮੈਂ ਵੀ ਆਵਾਜ਼ ਦੇਵਾਂ ਦਰਵਾਜ਼ਾ ਨਾ ਖੋਲ੍ਹੀਂ। ਥੋੜ੍ਹੀ ਦੇਰ ਬਾਅਦ ਉਸ ਲੜਕੀ ਨੇ ਵੇਦਾਂ ਦੀਆਂ ਰਿਚਾਂ ਤੇ ਵੇਦਾਂ ਦੇ ਸ਼ਲੋਕ ਗਾਉਣੇ ਸ਼ੁਰੂ ਕਰ ਦਿਤੇ, ਉਸ ਦੀ ਆਵਾਜ਼ ਦੇ ਅੰਦਰ ਐਨੀ ਮਿਠਾਸ ਤੇ ਖਿੱਚ ਸੀ ਕਿ ਇਹ ਉਠ ਕੇ ਬੈਠ ਗਿਆ। ਥੋੜ੍ਹਾ ਨੇੜੇ ਆ ਕੇ ਸੁਣਨ ਲਗ ਪਿਆ ਤੇ ਦਰਵਾਜ਼ੇ ਕੋਲ ਆ ਕੇ ਕਹਿਣ ਲੱਗਾ ਕਿ ਦਰਵਾਜ਼ਾ ਖੋਲੋ। ਬਾਹਰੋਂ ਆਵਾਜ਼ ਦੇ ਕੇ ਕਹਿਣ ਲੱਗਾ ਕਿ ਮੈਂ ਜੈਮਨੀ ਹਾਂ, ਦਰਵਾਜ਼ਾ ਖੋਲੋ। ਉਸ ਨੇ ਅੰਦਰੋਂ ਹੀ ਕਿਹਾ ਕਿ ਤੁਸੀਂ ਆਪ ਹੀ ਮੈਨੂੰ ਕਿਹਾ ਹੈ ਕਿ ਭਾਵੇਂ ਤੁਸੀਂ ਆਪ ਵੀ ਹੋਵੋਂ ਤਾਂ ਵੀ ਦਰਵਾਜ਼ਾਂ ਨਹੀਂ ਖੋਲ੍ਹਣਾ। ਦਰਵਾਜ਼ਾ ਤੋੜਨ ਵਾਸਤੇ ਬੜਾ ਜ਼ੋਰ ਲਾਇਆ, ਦਰਵਾਜ਼ਾ ਮਜ਼ਬੂਤ ਸੀ ਨਾ ਟੁਟਿਆ ਤੇ ਇਹ ਛੱਤ ਤੇ ਚੜ੍ਹ ਗਿਆ ਤੇ ਛੱਤ ਨੂੰ ਗੰਦਾਲੇ ਨਾਲ ਪੁੱਟ ਕੇ ਮਘੋਰਾ ਕਰ ਲਿਆ ਤੇ ਜਦੋਂ ਹੇਠਾਂ ਉਤਰਨ ਲੱਗਾ ਤੇ ਮਘੋਰਾ ਛੋਟਾ ਹੋਣ ਕਰਕੇ ਛਾਤੀ ਤੀਕਰ ਉਤਰ ਗਿਆ ਤੇ ਛਾਤੀ ਕੋਲ ਜਾ ਕੇ ਤੰਗ ਸੀ ਤਾਂ ਜੈਮਨੀ ਉਥੇ ਹੀ ਫਸ ਗਿਆ ਤੇ ਸਾਰੀ ਰਾਤ ਲਟਕਦਾ ਰਿਹਾ। ਸਵੇਰੇ ਵਿਆਸ ਜੀ ਨੇ ਆਵਾਜ਼ ਦਿਤੀ ਤੇ ਯੋਗਿਕ ਮਾਇਆ ਨੂੰ ਸਮੇਟ ਕੇ ਸਾਰਾ ਦ੍ਰਿਸ਼ ਅਲੋਪ ਕਰ ਦਿਤਾ ਤੇ ਪੁਛਿਆ ਬੇਟਾ! ਕੀ ਗੱਲ ਹੈ? ਤੂੰ ਇਸ ਤਰ੍ਹਾਂ ਛੱਤ ਵਿਚ ਕਿਉਂ ਲਟਕ ਰਿਹਾ ਹੈਂ? ਜੈਮਨੀ ਹੈਰਾਨ ਹੋ ਗਿਆ ਕਿ ਇਥੇ ਤਾਂ ਲੜਕੀ ਸੀ ਕਿਧਰ ਚਲੀ ਗਈ। ਵਿਆਸ ਜੀ ਕਹਿਣ ਲੱਗੇ, "ਬੇਟਾ! ਤੂੰ ਰਾਤ ਵੀ ਮੈਨੂੰ ਆਰਾਮ ਨਹੀਂ ਕਰਨ ਦਿਤਾ।" ਇਸ ਨੇ ਕਿਹਾ, "ਗੁਰਦੇਵ! ਉਹ ਤੁਸੀਂ ਸੀ।" ਕਹਿਣ ਲੱਗੇ, "ਹਾਂ ਮੈਂ ਹੀ ਸੀ।" ਜੈਮਨੀ ਨੇ ਕਿਹਾ ਕਿ ਮਹਾਰਾਜ! ਮੈਂ ਬਹੁਤ ਸ਼ਰਮਿੰਦਾ ਹਾਂ। ਵਿਆਸ ਜੀ ਕਹਿਣ ਲੱਗੇ, "ਬੇਟਾ! ਵਾਹਿਗੁਰੂ ਦੀ ਮਾਇਆ ਬਹੁਤ ਪ੍ਰਬਲ ਹੈ ਇਸ ਦੇ ਸਾਮ੍ਹਣੇ ਕੋਈ ਵਿਰਲਾ ਮਜ਼ਬੂਤ ਪੁਰਸ਼ ਖੜ੍ਹ ਜਾਵੇ ਤਾਂ ਟਿਕ ਸਕਦਾ ਹੈ, ਨਹੀਂ ਤਾਂ ਬਾਕੀ ਸੰਸਾਰ ਮਾਇਆ ਦੇ ਹਮਲੇ ਸਮੇਂ ਆਪਣੇ ਅਸੂਲਾਂ ਤੇ ਨਹੀਂ ਠਹਿਰ ਸਕਦਾ। ਸੋ ਇਸ ਕਰਕੇ ਪੁਸਤਕ ਵਿਚੋਂ ਇਹ ਲਾਈਨ ਕੱਟ ਦਿਓ ਤੇ ਹੁਣ ਛੱਤ ਤੋਂ ਮੈਂ ਤੈਨੂੰ ਉਤਾਰ ਲੈਂਦਾ ਹਾਂ।

ਸੋ ਅਜਾਮਲ ਨੂੰ ਮਹਾਤਮਾ ਕਹਿਣ ਲੱਗੇ, ਬੇਸ਼ੱਕ ਤੂੰ ਪੜ੍ਹਿਆਂ ਹੋਇਆਂ ਹੈ ਪਰ ਫੇਰ ਵੀ ਇਹ ਪ੍ਰਬਲ ਮਾਇਆ ਤੇਰੇ ਤੇ ਪੈ ਜਾਵੇਗੀ। ਇਸੇ ਕਰਕੇ ਅਧਰਮ ਦੇ ਬਜ਼ਾਰ ਵਿਚੋਂ ਦੀ ਨਾ ਲੰਘਿਆ ਕਰ। ਗੁਰੂ ਦਾ ਹੁਕਮ ਸੁਣ ਕੇ ਸੋਚਣ ਲੱਗ ਪਿਆ ਕਿ "ਮੇਰੇ ਤੇ ਇਸ ਦਾ ਕੀ ਅਸਰ ਹੋਣਾ ਹੈ ਤੇ ਮੈਨੂੰ ਸਾਰਾ ਗਿਆਨ ਹੈ। ਮੈਨੂੰ ਪਤਾ ਹੈ ਇਹ ਸਾਰਾ ਜਗ ਚੇਤਨ ਹੈ ਤੇ ਵਾਹਿਗੁਰੂ ਤੋਂ ਬਗੈਰ ਇਥੇ ਹੋਰ ਕੋਈ ਨਹੀਂ ਹੈ ਫੇਰ ਮੇਰੇ ਤੇ ਕੀ ਅਸਰ ਹੋਣਾ ਹੈ। ਮੈਂ ਸਰੀਰ ਤਾਂ ਹੈ ਨਹੀਂ, ਮੈਂ ਤਾਂ ਆਤਮਾ ਹਾਂ ਤੇ ਆਤਮਾ ਪ੍ਰਮਾਤਮਾ ਇਕੋ ਹੁੰਦੇ ਹਨ ਤੇ ਇਥੇ ਤਾਂ ਦੂਜਾ ਹੈ ਹੀ ਨਹੀਂ ਤੇ ਫੇਰ ਅਸਰ ਕਿਹਦੇ ਤੇ ਪਵੇਗਾ।" ਇਸ ਨੂੰ ਭ੍ਰਿਸ਼ਟ ਗਿਆਨ ਕਹਿੰਦੇ ਹਨ ਕਿ ਜਿਹੜਾ ਉਸ ਸਥਿਤੀ ਤੇ ਪਹੁੰਚਿਆ ਨਾ ਹੋਵੇ ਤੇ ਗੱਲਾਂ ਉਚੀਆਂ ਕਰਨ ਲਗ ਜਾਂਦਾ ਹੈ। ਇਸ ਦਾ ਨਾਮ ਯੋਗ ਭਰਿਸ਼ਟ ਹੁੰਦਾ ਹੈ ਅਤੇ ਇਸ ਦਾ ਕੋਈ ਵੀ ਇਲਾਜ ਨਹੀਂ ਹੋਇਆ ਕਰਦਾ ਕਿਉਂਕਿ ਉਹ ਰਾਹ ਤੋਂ ਭਟਕ ਕੇ ਭ੍ਰਿਸ਼ਟ ਹੋ ਚੁਕਿਆ ਹੈ। ਕੇਵਲ ਗੱਲਾਂ ਦਾ ਗਿਆਨੀ ਬਣ ਗਿਆ ਤੇ 'ਅਹੰ ਬ੍ਰਹਮ ਅਸਮੀ' ਮੈਂ ਹੀ ਬ੍ਰਹਮ ਹਾਂ ਤੇ ਸਾਰੇ ਬ੍ਰਹਮ ਹੈ। ਜਿੰਨੀ ਦੇਰ ਤਕ ਉਸ ਅਵਸਥਾ ਤੀਕਰ ਨਹੀਂ ਪਹੁੰਚਦਾ ਤੇ ਪੂਰੀ ਤਰ੍ਹਾਂ ਆਪ ਦਾ ਤੇ ਹਉਮੈ ਦਾ ਅਭਾਵ ਨਾ ਹੋ ਜਾਵੇ, ਉਨੀਂ ਦੇਰ ਜੀਵ ਬਿਰਤੀ ਵਿਚ ਬੈਠਾ ਹੋਇਆ ਬ੍ਰਹਮ ਦੀਆਂ ਗੱਲਾਂ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਕੋਈ ਗੱਲ ਨਹੀਂ ਬਣਿਆ ਕਰਦੀ ਸਗੋਂ ਪੂਜਾ ਪਾਠ ਵੀ ਛੱਡ ਜਾਂਦਾ ਹੈ, ਪਾਪ ਵਿਚ ਪ੍ਰਵਿਰਤ ਹੋ ਜਾਇਆ ਕਰਦਾ ਹੈ ਤੇ ਵਿਸ਼ੇ ਵਿਕਾਰਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ। ਬਹੁਤ ਸਾਰੇ ਵੇਦਾਂਤੀ ਵੇਦ ਪੜ੍ਹਨ ਤੋਂ ਬਾਅਦ ਪਾਪ ਵਿਚ ਪ੍ਰਵਿਰਤ ਹੋ ਜਾਇਆ ਕਰਦੇ ਹਨ ਤੇ ਸਮਝਦੇ ਹਨ ਕਿ ਨਾ ਕੋਈ ਪਾਪ ਹੈ ਤੇ ਨਾ ਹੀ ਕੋਈ ਪੁੰਨ ਹੈ। ਇਹੋ ਹਾਲ ਅਜਾਮਲ ਦਾ ਹੋ ਗਿਆ।

ਹੌਲੀ ਹੌਲੀ ਮਨ ਦੀ ਵਿਦਿਆ ਚਲੀ ਗਈ, ਇਸ ਤੇ ਅਸਰ ਪੈ ਗਿਆ ਤੇ ਇਕ ਵੇਸ਼ਵਾ ਦੇ ਜਾ ਕੇ ਰਹਿਣਾ ਸ਼ੁਰੂ ਕਰ ਦਿਤਾ। ਇਸ ਦੇ ਪਿਤਾ ਨੇ ਰੋਕਿਆ ਤੇ ਰਾਜੇ ਨੇ ਵੀ ਰੋਕਿਆ ਪਰ ਇਹ ਕਿਸੇ ਦਾ ਰੋਕਿਆ ਨਹੀਂ ਰੁਕਿਆ ਤੇ ਅਖੀਰ ਇਸ ਨੂੰ ਸ਼ਹਿਰ ਵਿਚੋਂ ਬਾਹਰ ਕੱਢ ਦਿਤਾ। ਇਸ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ॥***
***ਗੁਰੂ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ॥***
***ਭਾਈ ਗੁਰਦਾਸ ਜੀ, ਵਾਰ 10/20***

ਜਦੋਂ ਕੋਈ ਗੁਰੂ ਜਾਂ ਮਹਾਂਪੁਰਸ਼ਾਂ ਤੋਂ ਬੇਮੁਖ ਹੋ ਜਾਂਦਾ ਹੈ ਉਸ ਦੇ ਪੁੰਨ ਖੀਨ ਹੋ ਜਾਂਦੇ ਹਨ। ਬ੍ਰਹਮਗਿਆਨੀ ਮਹਾਂਪੁਰਸ਼ ਤੇ ਤਰਕ ਕਰਨ ਨਾਲ ਛੇ ਕਲਾ ਬੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਹਨ ਤੇ ਬੈਰਾਗ ਦੀ ਇਕ ਕਲਾ ਛੇ ਜਨਮ ਦੇ ਦੁਖਾਂ ਦੇ ਨਾਲ ਪ੍ਰਾਪਤ ਹੋਇਆ ਕਰਦੀ ਹੈ। ਇਸ ਤਰ੍ਹਾਂ ਅਜਾਮਲ ਨੇ ਆਪਣੇ ਗੁਰੂ ਤੇ ਤਰਕ ਕੀਤੀ ਕਿ ਗੁਰੂ ਐਵੇਂ ਮਿਥਿਆ ਕਹਿ ਰਹੇ ਹਨ ਪਰ ਜਦੋਂ ਮਾਇਆ ਨੇ ਸੁੱਟ ਲਿਆ ਉਸ ਵੇਲੇ ਮਨ ਦੇ ਪਿਛੇ ਲਗ ਗਿਆ ਤੇ ਬੇਮੁਖ ਹੋ ਗਿਆ –

***ਗੁਰੂ ਤੇ ਬੇਮੁਖ ਹੋਇਕੈ***
***ਪਾਪ ਕਮਾਵੈ ਦੁਰਮਤਿ ਦਹਿਆ।।***
***ਭਾਈ ਗੁਰਦਾਸ ਜੀ, ਵਾਰ 10/20***

ਸੰਸਾਰ ਦੇ ਅੰਦਰ ਜੇ ਕੋਈ ਸਭ ਤੋਂ ਵੱਡਾ ਪਾਪ ਹੈ ਤਾਂ ਉਹ ਗੁਰੂ ਤੋਂ ਬੇਮੁਖ ਹੋਣਾ ਹੋਇਆ ਕਰਦਾ ਹੈ। ਇਸ ਦੇ ਬਰਾਬਰ ਕੋਈ ਵੀ ਦੁਨੀਆਂ ਦਾ ਪਾਪ ਨਹੀਂ ਹੁੰਦਾ। ਛੇ ਵੱਡੀਆਂ ਹੱਤਿਆਵਾਂ ਵਿਚੋਂ ਗੁਰੂ ਤੋਂ ਬੇਮੁਖ ਹੋਣਾ ਸਭ ਤੋਂ ਵੱਡੀ ਹੱਤਿਆ ਹੋਇਆ ਕਰਦੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਜਦੋਂ ਮੱਕੇ ਕਾਬੇ ਸਰੀਫ ਦੇ ਅੰਦਰ ਰੁਕਨਦੀਨ ਨੂੰ ਮਿਲੇ ਤਾਂ ਉਥੇ ਉਸ ਨੇ ਪੁਛਿਆ ਸੀ ਕਿ ਨਾਨਕ ਜੀ ਇਹ ਤਾਂ ਕ੍ਰਿਪਾ ਕਰਕੇ ਦੱਸੋ ਕਿ ਜਿਹੜੇ ਨਰਕ ਸੁਰਗ ਹਨ, ਇਹ ਸੱਚਮੁਚ ਹੁੰਦੇ ਹਨ ਜਾਂ ਕੇਵਲ ਡਰਾਉਣ ਵਾਸਤੇ ਹੁੰਦੇ ਹਨ। ਮਹਾਰਾਜ ਜੀ ਕਹਿਣ

ਲੱਗੇ ਇਹ ਤਾਂ ਸੱਚਮੁਚ ਹੀ ਹਨ -

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥***

***ਪੰਨਾ - 953***

ਰੁਕਨਦੀਨ ਪੁਛਣ ਲੱਗੇ ਕਿ ਨਾਨਕ ਜੀ ਕ੍ਰਿਪਾ ਕਰਕੇ ਇਹ ਦੱਸੋ ਕਿ ਉਥੇ ਕੀ ਵਰਤਾਰਾ ਹੈ? ਮਹਾਰਾਜ ਕਹਿੰਦੇ, "ਭਾਣਾ ਉਥੇ ਇਹ ਵਰਤਦਾ ਹੈ ਕਿ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***

***ਪੰਨਾ - 1425***

ਇਥੇ ਜਿਹੜਾ ਬੰਦਾ ਪਾਪ ਕਰਦਾ ਹੈ ਉਥੇ ਬੜੀਆਂ ਸਖਤ ਸਜਾਵਾਂ ਮਿਲਦੀਆਂ ਹਨ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***

***ਪੰਨਾ - 315***

ਮਹਾਰਾਜ ਕਹਿਣ ਲੱਗੇ, "ਪੀਰ ਜੀ! ਉਥੇ ਸਜਾਵਾਂ ਮਿਲਦੀਆਂ ਹਨ। ਆਦਮੀ ਦਾ ਕੀਤਾ ਹੋਇਆ ਕਰਮ ਮਾਫ ਨਹੀਂ ਹੋਇਆ ਕਰਦਾ। ਜਿਹੋ ਜਿਹੇ ਇਥੇ ਕਰਮ ਕਰਦਾ ਹੈ ਉਥੇ ਜਾ ਕੇ ਵੈਸੇ ਹੀ ਭੁਗਤਣਾ ਪੈਂਦਾ ਹੈ।" "ਮਹਾਰਾਜ! ਪਾਪਾਂ ਦੀ ਵੀ ਕੋਈ ਡਿਗਰੀ ਹੋਇਆ ਕਰਦੀ ਹੈ?" ਕਹਿਣ ਲੱਗੇ ਹਾਂ, "ਪੀਰ ਜੀ! ਪਾਪ ਘੱਟ ਸਜ਼ਾ ਵਾਲੇ ਵੀ ਹੁੰਦੇ ਹਨ ਜਿਵੇਂ ਜੇ ਕਿਸੇ ਨੇ ਕਤਲ ਕੀਤਾ ਹੋਵੇ ਤਾਂ ਕਾਨੂੰਨ ਉਸ ਨੂੰ ਵੱਡੀ ਤੋਂ ਵੱਡੀ ਸਜ਼ਾ ਦਿੰਦਾ ਹੈ, ਜੇ ਚੋਰੀ ਕੀਤੀ ਹੋਵੇ ਤਾਂ ਨੌਂ ਮਹੀਨੇ ਦੀ ਸਜ਼ਾ ਹੈ, ਜੇ ਟਰੈਫਿਕ ਦੀ ਉਲੰਘਣਾ ਕੀਤੀ ਹੋਵੇ ਤਾਂ ਦਸ ਪੰਦਰਾਂ ਦਿਨ ਦੀ ਸਜ਼ਾ ਹੈ ਜਾਂ ਜੁਰਮਾਨੇ ਦੀ ਸਜ਼ਾ ਹੈ।" ਜੇਕਰ ਇਸੇ ਤਰ੍ਹਾਂ ਛੋਟੇ ਵੱਡੇ 96 ਕਰੋੜ ਪਾਪ ਇਕੱਠੇ ਕਰ ਲਏ ਜਾਣ ਤਾਂ ਉਸ ਦੀ ਤੁਲਨਾ ਇਕ ਹੱਤਿਆ ਦੇ ਬਰਾਬਰ ਹੋਇਆ ਕਰਦੀ ਹੈ। ਵੱਡੀਆਂ ਵੱਡੀਆਂ ਛੇ ਹੱਤਿਆ ਹਨ। ਪਹਿਲੀ ਹੈ ਗਊ ਨੂੰ ਮਾਰ ਦੇਣਾ, ਗਰੀਬ ਬੰਦੇ ਨੂੰ ਜਿਹੜਾ ਕਿਸੇ ਨੂੰ ਕੁਛ ਨਾ ਕਹੇ ਉਸ ਨੂੰ ਮਾਰ ਦੇਣਾ। ਦੂਸਰੀ ਹੱਤਿਆ ਨੇਮੀ, ਪ੍ਰੇਮੀ, ਪੜ੍ਹੇ ਲਿਖੇ ਬੰਦੇ ਨੂੰ, ਵੇਦ ਦਾ ਗਿਆਤਾ, ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਾਲਾ, ਕਥਾ ਕਰਨ ਵਾਲਾ ਉਸ ਨੂੰ ਮਾਰ ਦੇਣਾ। ਤੀਸਰੀ ਹੱਤਿਆ ਹੈ ਕਿ ਕਿਸੇ ਤੋਂ ਪੈਸਾ ਲੈ ਕੇ ਕਰਜ਼ਾ ਲੈ ਕੇ ਮੁਕਰ ਜਾਣਾ। ਚੌਥੀ ਹੈ ਵਿਸ਼ਵਾਸ਼ਘਾਤ ਕਰਨਾ। ਪੰਜਵੀਂ ਹੈ ਆਪਣੀ ਲੜਕੀ ਨੂੰ, ਕੰਨਿਆ ਨੂੰ ਮਾਰ ਦੇਣਾ ਜਾਂ ਤਲਵਾਰ ਨਾਲ, ਹਥਿਆਰ ਨਾਲ ਘਾਤ ਕਰ ਦੇਣਾ। ਛੇਵੀਂ ਹੱਤਿਆ ਅਕ੍ਰਿਤਘਣਤਾ ਦੀ ਹੁੰਦੀ ਹੈ। ਇਹ ਛੇ ਹਤਿਆਵਾਂ ਹਨ ਤੇ ਇਕ ਹੱਤਿਆ 96 ਕਰੋੜ ਪਾਪ ਦੇ ਬਰਾਬਰ ਹੁੰਦੀ ਹੈ। ਰੁਕਨਦੀਨ ਕਹਿਣ ਲੱਗਾ, "ਮਹਾਰਾਜ! ਇਨ੍ਹਾਂ ਤੋਂ ਕੋਈ ਵੱਡੀ ਹੱਤਿਆ ਵੀ ਹੁੰਦੀ ਹੈ? ਮਹਾਰਾਜ ਕਹਿਣ ਲੱਗੇ, ਹਾਂ ਜੇ ਕੋਈ ਆਪਣੀ ਮਾਂ ਨੂੰ ਮਾਰ ਦੇਵੇ, ਆਪਣੇ ਪਿਓ ਨੂੰ ਮਾਰ ਦੇਵੇ ਤਾਂ ਉਸ ਨੂੰ ਹਜ਼ਾਰ ਹੱਤਿਆ ਦਾ ਪਾਪ ਲਗਦਾ ਹੈ। ਬਾਕੀ ਛੇ ਹੱਤਿਆਂ ਦਾ ਪਾਪ ਤਾਂ ਲਹਿ ਜਾਂਦਾ ਹੈ ਪਰ ਮਾਤਾ ਪਿਤਾ ਨੂੰ ਮਾਰਨ ਵਾਲੀ ਹੱਤਿਆ ਨਹੀਂ ਲਹਿੰਦੀ ਜਦ ਤਕ ਦ੍ਰਿਸ਼ਟਮਾਨ ਸੰਸਾਰ ਕਾਇਮ ਹੈ ਉਦੋਂ ਤਕ ਉਹ ਨਰਕਾਂ ਦੇ ਵਿਚ ਸੜਦਾ ਰਹਿੰਦਾ ਹੈ। ਕਹਿਣ ਲੱਗੇ, "ਮਹਾਰਾਜ! ਇਸ ਤੋਂ ਵੱਡੀ ਵੀ ਕੋਈ ਹੱਤਿਆ ਹੈ ਤਾਂ ਮਹਾਰਾਜ ਨੇ ਫੁਰਮਾਨ ਕੀਤਾ ਕਿ ਹਾਂ ਸਭ ਤੋਂ ਵੱਡੀ ਹੱਤਿਆ ਹੈ ਗੁਰੂ ਤੋਂ ਬੇਮੁਖ ਹੋ ਜਾਣਾ, ਉਸ ਨੂੰ ਮਹਾਂ-ਮਹਾਂ ਹਤਿਆਰਾ ਕਹਿੰਦੇ ਹਨ ਜਿਸ ਬਾਰੇ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

***ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।***
***ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।***
***ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।***
***ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।***
***ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।***
***ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥***

***ਭਾਈ ਗੁਰਦਾਸ ਜੀ, ਵਾਰ 34/16***

ਜਿਹੜਾ ਗੁਰੂ ਤੋਂ ਬੇਮੁਖ ਹੋ ਗਿਆ ਹੋਵੇ, ਉਸ ਦੇ ਰੋਮ ਦੇ ਬਰਾਬਰ ਵੀ ਸਾਰੇ ਪਾਪਾਂ ਦਾ ਫਲ ਨਹੀਂ ਹੁੰਦਾ। ਇਕ ਖਰਬ ਪਾਪੀ ਹਤਿਆਰਾ ਬੇਮੁਖ ਦੇ ਲੂੰਅ ਭਾਵ ਰੋਮ ਦੇ ਬਰਾਬਰ ਨਹੀਂ ਹੁੰਦਾ। ਆਪ ਅੰਦਾਜ਼ਾ ਲਾਓ ਕਿ ਸਰੀਰ ਅੰਦਰ ਸਾਢੇ ਤਿੰਨ ਕਰੋੜ ਰੋਮ ਹੁੰਦੇ ਹਨ ਤੇ ਕਿੰਨੇ ਪਾਪ ਹੋ ਗਏ ਤੇ ਇਹ ਕਦੀ ਨਹੀਂ ਬਖਸ਼ਿਆ ਜਾਂਦਾ। ਸੋ ਗੁਰੂ ਤੋਂ ਬੇਮੁਖ ਹੋਣਾ ਬਹੁਤ ਵੱਡਾ ਪਾਪ ਹੁੰਦਾ ਹੈ। ਸੋ ਅਜਾਮਲ ਗੁਰੂ ਤੋਂ ਬੇਮੁਖ ਹੋ ਕੇ ਖੋਟੀ ਮਤ ਨਾਲ ਪਾਪ ਕਮਾ ਰਿਹਾ ਹੈ -

***ਗੁਰੁ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ।***
***ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ।***

***ਭਾਈ ਗੁਰਦਾਸ ਜੀ, ਵਾਰ 10/20***

ਸਾਧਸੰਗਤ ਜੀ! ਜਨਮ ਬਿਰਥਾ ਤਾਂ ਅਸੀਂ ਗਵਾ ਰਹੇ ਹਾਂ ਕਿਉਂਕਿ ਜਨਮ ਸਫਲ ਤਾਂ ਹੁੰਦਾ ਹੈ ਕਿ ਜਿਸ ਦੇ ਹਰ ਸ੍ਵਾਸ ਵਿਚੋਂ ਵਾਹਿਗੁਰੂ ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਦਾ ਉਚਾਰਨ ਹੁੰਦਾ ਹੈ ਉਸ ਦਾ ਆਉਣਾ ਸੰਸਾਰ ਤੇ ਸਫਲ ਹੋਇਆ ਕਰਦਾ ਹੈ -

***ਆਇਆ ਸਫਲ ਤਾਹੂ ਕੋ ਗਨੀਐ॥***
***ਜਾਸੁ ਰਸਨ ਹਰਿਹਰਿ ਜਸੁ ਭਨੀਐ॥ ਪੰਨਾ - 252***

ਜਿਨ੍ਹਾਂ ਨੇ ਸੰਸਾਰ ਦੇ ਅੰਦਰ ਆ ਕੇ ਨਾਮ ਨਹੀਂ ਜਪਿਆ ਉਨ੍ਹਾਂ ਨੇ ਜਨਮ ਬਿਰਥਾ ਗਵਾ ਲਿਆ ਹੈ -

***ਧਾਰਨਾ - ਪਿਆਰੇ ਜੀ! ਜਗਤ ਉਤੇ ਆਏ ਕਾਸ ਨੂੰ,***
***ਜਿਹੜੇ ਨਾਮ ਨਾ ਹਰੀ ਦਾ ਜਪਦੇ।***
***ਜਿਹੜੇ ਨਾਮ ਨਾ ਹਰੀ ਦਾ ਜਪਦੇ - 2, 2.***
***ਪਿਆਰੇ ਜੀ! ਜਗਤ ਉਤੇ ਆਏ ਕਾਸ ਨੂੰ,..।***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***

*ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*

***ਪੰਨਾ - 450***

ਮਹਾਰਾਜ ਫੁਰਮਾਨ ਕਰਦੇ ਹਨ ਕਿ ਭਾਈ! ਪੁਛੋਂ ਉਨ੍ਹਾਂ ਨੂੰ ਜਾ ਕੇ ਕਿ ਤੁਸੀਂ ਸੰਸਾਰ ਤੇ ਕੀ ਕਰਨ ਆਏ ਸੀ? ਆਏ ਸੀ ਨਾਮ ਜਪਣ ਵਾਸਤੇ ਪਰ ਉਹ ਕੰਮ ਤੁਸੀਂ ਕੀਤਾ ਨਹੀਂ।

*ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ॥*
*ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ॥*

***ਪੰਨਾ - 512***

ਪ੍ਰੇਮੀਆਂ! ਤੂੰ ਕੋਠੀਆਂ ਬਣਾਉਣ ਵਾਸਤੇ ਤਾਂ ਨਹੀਂ ਆਇਆ, ਨਾ ਹੀ ਇੰਡਸਟਰੀਆਂ ਚਲਾਉਣ ਵਾਸਤੇ ਆਇਆ ਹੈਂ, ਨਾ ਹੀ ਫਾਰਮ ਬਣਾਉਣ ਵਾਸਤੇ ਆਇਆ ਹੈਂ ਤੇ ਨਾ ਹੀ ਟਰਾਂਸਪੋਰਟਾਂ ਬਣਾਉਣ ਵਾਸਤੇ ਆਇਆ ਹੈਂ, ਇਨ੍ਹਾਂ ਵਿਚੋਂ ਕੁਝ ਵੀ ਤੇਰੇ ਨਾਲ ਨਹੀਂ ਜਾਣਾ ਕੇਵਲ ਨਾਮ ਨੇ ਹੀ ਨਾਲ ਜਾਣਾ ਹੈ। ਸੰਸਾਰ ਤੇ ਆਉਣਾ ਸਫਲ ਤਦ ਹੀ ਹੋਵੇਗਾ ਜੇਕਰ ਤੂੰ ਪ੍ਰਮੇਸ਼ਰ ਦਾ ਨਾਮ ਜਪੇਂਗਾ -

*ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ॥*
*ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ॥*

***ਪੰਨਾ - 64***

ਸੋ ਜਨਮ ਬਿਰਥਾ ਸਾਡਾ ਵੀ ਜਾ ਰਿਹਾ ਹੈ, ਉਸ ਨੇ ਤਾਂ ਗਵਾਇਆ ਹੀ ਹੈ।

*ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ।*

***ਭਾਈ ਗੁਰਦਾਸ ਜੀ, ਵਾਰ 10/20***

ਨਤੀਜਾ ਕੀ ਹੋਇਆ -

*ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।*

***ਭਾਈ ਗੁਰਦਾਸ ਜੀ, ਵਾਰ 10/20***

ਘਰ ਵਿਚ ਗਰੀਬੀ ਹੈ ਕੋਈ ਕੰਮ ਨਹੀਂ ਕਰਦਾ ਕਿਉਂਕਿ ਉਹ ਕਥਾ ਕਰਿਆ ਕਰਦਾ ਸੀ, ਕਥਾ ਕੋਈ ਕਰਵਾਉਂਦਾ ਨਹੀਂ, ਉਸ ਨੂੰ ਤਾਂ ਸ਼ਹਿਰ ਤੋਂ ਬਾਹਰ ਕੱਢਿਆ ਹੋਇਆ ਹੈ। ਹੁਣ ਕੰਮ ਕੀ ਕਰਦਾ ਹੈ, ਇਕ ਜਾਲ ਬਣਾ ਲਿਆ, ਬਾਹਰ ਜੰਗਲ ਵਿਚ ਚਲਿਆ ਜਾਂਦੈ, ਹੇਠਾਂ ਚੌਲ ਪਾ ਦਿੰਦਾ ਹੈ ਪੰਛੀਆਂ ਵਾਸਤੇ, ਉਪਰ ਜਾਲ ਸੁੱਟ ਦਿੰਦਾ ਹੈ ਤਾਂ ਪੰਛੀ ਫਸ ਜਾਂਦੇ ਹਨ ਤੇ ਰਾਤ ਨੂੰ ਪੰਛੀਆਂ ਦੀ ਬਗਲੀ (ਪੰਡ) ਮਾਰ ਕੇ ਲੈ ਆਉਂਦੈ। ਬਜ਼ਾਰ ਵਿਚ ਜਾਨਵਰਾਂ ਨੂੰ ਵੇਚ ਆਉਂਦਾ ਹੈ ਤੇ ਕੁਝ ਜਿਹੜੇ ਜਾਨਵਰ ਬਚ ਗਏ ਆਪ ਆ ਕੇ ਖਾ ਲੈਂਦਾ ਹੈ ਤੇ ਟੱਬਰ ਨੂੰ ਖਲਾਉਂਦਾ ਹੈ। ਉਸ ਦਾ ਸਾਰਾ ਜੀਵਨ ਪਾਪ ਦਾ ਹੋ ਗਿਆ। ਪ੍ਰਮੇਸ਼ਰ ਦਾ ਨਾਮ ਭੁੱਲ ਕੇ ਘਰ ਵਿਚ ਲੜਾਈ ਝਗੜਾ ਸ਼ੁਰੂ ਹੋ ਗਿਆ ਤੇ ਹਰ ਵਕਤ ਕਲੇਸ਼ ਰਹਿੰਦਾ ਹੈ। ਕਈ ਵਾਰੀ ਘਰਵਾਲੀ ਇਸ ਨੂੰ ਕਹਿੰਦੀ ਹੈ ਕਿ ਮੈਂ ਮਰ ਜਾਨੈ ਅਤੇ ਇਹ ਉਲਟਾ ਉਸ ਨੂੰ ਕਹਿੰਦੈ ਕਿ ਮੈਂ ਮਰ ਜਾਨੈ। ਉਹ ਇਸ ਨੂੰ ਤਾਹਨੇ ਦਿੰਦੀ ਹੈ ਕਿ ਤੂੰ ਮੇਰਾ ਜੀਵਨ ਬਰਬਾਦ ਕਰ ਦਿਤਾ ਤੇ ਇਹ ਘਰਵਾਲੀ ਨੂੰ ਕਹਿੰਦਾ ਹੈ ਕਿ ਤੂੰ ਮੇਰਾ ਬਿਲਕੁਲ ਹੀ ਭੱਠਾ ਬਹਾਅ ਦਿਤਾ ਕਿ ਮੈਂ ਐਡਾ ਵੱਡਾ ਪੰਡਤ, ਤੇਰੇ ਵਾਸਤੇ ਗੁਰੂ ਤੋਂ ਬੇਮੁਖ ਹੋਇਆ। ਜੇ ਮੈਨੂੰ ਪਤਾ ਹੁੰਦਾ ਕਿ ਇਸ ਦਾ ਅੰਤ ਐਨਾ ਭੈੜਾ ਹੈ ਤਾਂ ਮੈਂ ਆਪਣਾ ਜਨਮ ਕਿਉਂ ਬਰਬਾਦ ਕਰਦਾ।

ਇਕ ਵਾਰੀ ਇਸ ਦੇ ਮਨ ਵਿਚ ਐਸਾ ਆਇਆ ਕਿ ਮੈਂ ਇਸ ਜੀਵਨ ਦਾ ਅੰਤ ਕਰ ਦੇਵਾਂ ਕਿਉਂਕਿ ਮਨਮੁਖ ਤੇ ਬੇਮੁਖ ਦੇ ਕੋਲ ਹੋਰ ਕੋਈ ਹੱਲ ਨਹੀਂ ਹੋਇਆ ਕਰਦਾ। ਆਪਣੇ ਜੀਵਨ ਦਾ ਅੰਤ ਕਰਨਾ ਸਭ ਤੋਂ ਸੌਖਾ ਹੱਲ ਪ੍ਰਤੀਤ ਦਿੰਦਾ ਹੈ ਕਿਉਂਕਿ ਆਤਮਘਾਤੀ ਨੂੰ ਕਸਾਈ ਕਹਿ ਕੇ ਸੰਬੋਧਨ ਕੀਤਾ ਹੈ। ਆਤਮਘਾਤ ਇਕ ਐਸਾ ਪਾਪ ਹੈ ਕਿ ਇਹ ਪਾਪ ਕਰਨ ਵਾਲੇ ਨੂੰ ਮੁੜ ਮਾਨਸ ਜਨਮ ਨਹੀਂ ਮਿਲਦਾ ਅਤੇ ਪ੍ਰੇਤ ਭੂਤ ਬਣ ਕੇ, ਜਿੰਨਾ ਚਿਰ ਇਹ ਸੰਸਾਰ ਵਿਚ ਰਹਿੰਦਾ ਹੈ ਵੱਡੀ ਉਮਰ ਦਾ ਹੋ ਕੇ ਅਵਗਤ ਭਟਕਦਾ ਰਹਿੰਦਾ ਹੈ ਅਤੇ ਉਸ ਤੋਂ ਬਾਅਦ ਚੌਰਾਸੀ ਵਿਚ ਗੇੜੇ ਖਾਂਦਾ ਰਹਿੰਦਾ ਹੈ। ਮਨਮੁਖ ਮੌਤ ਨੂੰ ਦੁਖ ਦਾ ਇਲਾਜ ਸਮਝਦਾ ਹੈ ਪਰ ਉਸ ਨੂੰ ਪਤਾ ਨਹੀਂ ਹੁੰਦਾ ਕਿ ਦੁਖ ਤਾਂ ਮੇਰੇ ਨਾਲ ਹੀ ਜਾਵੇਗਾ। ਇਕ ਵਾਰੀ ਇਕ ਪੜ੍ਹੀ ਲਿਖੀ ਬੀਬੀ, ਜੋ ਪ੍ਰੋਫੈਸਰ ਲੱਗੀ ਹੋਈ ਸੀ। ਕਿਸੇ ਕਾਰਨ ਕਰਕੇ ਘਰ ਵਿਚ ਝਗੜਾ, ਵਾਦ ਵਿਵਾਦ ਹੋ ਗਿਆ ਤੇ ਉਸ ਨੇ ਦ੍ਰਿੜ੍ਹ ਇਰਾਦਾ ਕਰ ਲਿਆ ਕਿ ਦਰਿਆ ਵਿਚ ਛਾਲ ਮਾਰ ਕੇ ਮਰ ਜਾਣੈ। ਜਦੋਂ ਬਿਆਸ ਦੇ ਕੰਢੇ, ਦਰਿਆ ਵਲ ਛਾਲ ਮਾਰਨ ਨੂੰ ਨੱਸੀ ਤਾਂ ਉਸ ਨੇ ਦੇਖਿਆ ਕਿ ਅੱਗੇ ਬਰੇਤੀ ਉਤੇ ਇਕ ਮਹਾਂਪੁਰਸ਼ ਬਾਬਾ ਸਾਵਣ ਸਿੰਘ ਜੀ ਬੈਠੇ ਹਨ, ਉਸ ਦੇ ਮਨ ਵਿਚ ਆਇਆ ਕਿ ਮੈਂ ਮਰ ਤਾਂ ਜਾਣਾ ਹੀ ਹੈ ਚੰਗਾ ਹੋ ਗਿਆ ਕਿ ਸੰਤਾਂ ਦੇ ਦਰਸ਼ਨ ਹੋ ਗਏ ਤੇ ਮੈਂ ਜਾਂਦੀ ਜਾਂਦੀ ਇਨ੍ਹਾਂ ਨੂੰ ਨਮਸ਼ਕਾਰ ਕਰਦੀ ਜਾਵਾਂ। ਜਦੋਂ ਨਮਸਕਾਰ ਕੀਤੀ ਤਾਂ ਅੱਖਾਂ ਵਿਚੋਂ ਹੰਝੂ ਜਾ ਰਹੇ ਹਨ ਤਾਂ ਮਹਾਂਪੁਰਸ਼ਾਂ ਨੇ ਪੁਛਿਆ ਬੇਟਾ! ਤੇਰੇ ਹੰਝੂ ਦਸ ਰਹੇ ਹਨ ਕਿ ਤੂੰ ਬਹੁਤ ਦੁਖੀ ਹੈਂ, ਦਸ ਕੀ ਗੱਲ ਐ? ਕਹਿਣ ਲੱਗੀ, "ਬਾਬਾ ਜੀ! ਮੇਰੇ ਜੀਉਣ ਦਾ ਸਮਾਂ ਖਤਮ ਹੋ ਗਿਆ, ਹੁਣ ਤਾਂ ਮੈਨੂੰ ਮੌਤ ਹੀ ਚੰਗੀ ਲਗਦੀ ਹੈ।" ਬਾਬਾ ਜੀ ਨੂੰ ਸਾਰੀ ਗੱਲ ਦੱਸੀ ਕਿ ਮੈਂ ਇਸ ਗੱਲ ਕਰਕੇ ਦੁਖੀ ਹਾਂ ਤਾਂ ਬਾਬਾ ਜੀ ਕਹਿਣ ਲੱਗੇ ਦੁਖ ਦਾ ਇਲਾਜ ਕੀ ਹੈ? ਮੈਂ ਬਿਆਸਾ ਵਿਚ ਛਾਲ ਮਾਰ ਕੇ ਜੀਵਨ ਦਾ ਅੰਤ ਕਰ ਲੈਣਾ ਹੈ। ਮੇਰੇ ਪਾਸ ਇਸ ਦਾ ਹੋਰ ਕੋਈ ਇਲਾਜ ਨਹੀਂ ਹੈ। ਕਹਿਣ ਲੱਗੇ, "ਬੀਬਾ! ਤੇਰੀ ਉਮਰ ਕਿੰਨੀ ਹੈ, ਕਹਿਣ ਲੱਗੀ 45 ਸਾਲ ਹੈ।" ਕਹਿਣ ਲੱਗੇ, "ਠੀਕ ਹੈ, ਬੀਬਾ ਅਸੀਂ ਤੈਨੂੰ ਮਰਨ ਤੋਂ ਨਹੀਂ ਹਟਾਉਂਦੇ ਤੇਰੀ ਮਰਜ਼ੀ ਪਰ ਜਿਹੜਾ ਕਰਮ ਬਕਾਇਆ ਰਹਿੰਦਾ ਹੈ ਉਹ ਫੇਰ ਦੁਬਾਰਾ ਜਨਮ ਲੈ ਕੇ ਭੁਗਤਣਾ ਪਵੇਗਾ। ਕਰਮਾਂ ਨੂੰ ਭੋਗੇ ਬਿਨਾਂ ਤੇਰਾ ਖਹਿੜਾ ਨਹੀਂ ਛੁਟਣਾ ਇਹ ਤਾਂ ਤੈਨੂੰ ਭੋਗਣਾ ਹੀ ਪਵੇਗਾ।"

*ਭੋਗੇ ਬਿਨ ਭਾਗੇ ਨਾਹੀ ਕਰਮ ਗਤੀ ਬਲਵਾਨ॥*

ਇਹ ਤੈਨੂੰ ਅਵਸ਼ਯ ਹੀ ਭੋਗਣਾ ਪਵੇਗਾ। ਹੁਣ 45 ਸਾਲ ਦੀ ਤੇਰੀ ਉਮਰ ਹੋ ਚੁੱਕੀ ਹੈ ਤੇ ਬਾਕੀ ਦੇ 15 ਜਾਂ 20 ਸਾਲ ਹੋਣਗੇ, ਇਹ ਵੀ ਹੋ ਸਕਦਾ ਹੈ ਤੇਰਾ ਪਤੀ ਛੇਤੀ ਚਲਿਆ ਜਾਵੇ ਤੇਰਾ ਛੁਟਕਾਰਾ ਹੋ ਜਾਵੇ। ਤੂੰ ਖੁਦ ਹੀ ਸੋਚ ਲੈ, ਦੋਹਾਂ ਵਿਚੋਂ ਤੈਨੂੰ ਕਿਹੜਾ ਠੀਕ ਲਗਦਾ ਹੈ। ਬੈਠ ਕੇ

ਸੋਚਣ ਲੱਗ ਗਈ ਤੇ ਗੱਲ ਸਮਝ ਵਿਚ ਆ ਗਈ, ਕਹਿਣ ਲੱਗੀ ਬਾਬਾ ਜੀ! ਹੁਣ ਤਾਂ ਮੈਂ 45 ਸਾਲ ਕੱਟ ਲਏ ਫੇਰ ਪਤਾ ਨਹੀਂ ਕਿੰਨੀ ਉਮਰ ਭੋਗਣ ਲਈ ਕਰਮ ਦਾ ਭੁਗਤਾਨ ਕਰਨ ਲਈ ਫੇਰ ਆਉਣਾ ਪਵੇਗਾ।

ਇਸੇ ਤਰ੍ਹਾਂ ਹੀ ਅਜਾਮਲ ਨੇ ਆਪਣੇ ਜੀਵਨ ਦਾ ਅੰਤ ਕਰਨ ਲਈ ਇਰਾਦਾ ਕਰ ਲਿਆ। ਜਾਂਦਿਆਂ ਜਾਂਦਿਆਂ ਵੇਖਦਾ ਹੈ ਕਿ ਕਾਫੀ ਧੂੜ ਉਡ ਰਹੀ ਹੈ ਤੇ ਕਾਫੀ ਇਕੱਠ ਹੈ ਕੋਈ ਮਹਾਤਮਾ ਆ ਰਿਹਾ ਹੈ। ਖੜ੍ਹ ਗਿਆ, ਮਨ ਵਿਚ ਖਿਆਲ ਆਇਆ ਕਿ ਮੱਥਾ ਟੇਕ ਦੇਈਏ ਕਿ ਕੁਛ ਤਾਂ ਪੁੰਨ ਫਲ ਮਿਲੇਗਾ। ਜਦੋਂ ਮਹਾਤਮਾ ਨੇੜੇ ਆਏ ਤਾਂ ਇਸ ਨੇ ਪਛਾਣ ਲਿਆ ਕਿ ਇਹ ਤਾਂ ਮੇਰੇ ਹੀ ਗੁਰੂਦੇਵ ਆ ਰਹੇ ਹਨ। ਉਨ੍ਹਾਂ ਦੇ ਸਾਮ੍ਹਣੇ ਧੂੜ ਵਿਚ ਲੰਮਾ ਪੈ ਗਿਆ ਅਤੇ ਚਰਨ ਫੜ ਲਏ। ਮਹਾਂਪੁਰਸ਼ਾਂ ਪਾਸੋਂ ਪਛਾਣਿਆ ਨਾ ਗਿਆ ਕਿਉਂਕਿ ਸ਼ਕਲੋਂ ਬੇਸ਼ਕਲ ਹੋ ਗਿਆ ਸੀ, ਕਿਥੇ ਤਾਂ ਬੜਾ ਹੀ ਸੁੰਦਰ ਜੁਆਨ ਹੁੰਦਾ ਸੀ, ਕਿਥੇ ਹੁਣ ਚਿਹਰਾ ਪਿਚਕ ਕੇ ਜਾਭ੍ਹਾਂ ਵਿਚ ਵੜ ਗਈਆਂ ਹਨ। ਕਪੜੇ ਪਾਟੇ ਹੋਏ ਹਨ, ਵਾਲ ਖਿਲਰੇ ਹੋਏ ਹਨ, ਕਰੂਪ ਬਣਿਆ ਪਿਆ ਹੈ। ਮਹਾਂਪੁਰਸ਼ ਥੋੜ੍ਹਾ ਸੋਟੀ ਦੇ ਸਹਾਰੇ ਝੁਕੇ ਤੇ ਕਹਿਣ ਲੱਗੇ, "ਬੇਟਾ! ਕੀ ਗੱਲ ਤੂੰ ਐਨਾ ਕਿਉਂ ਰੋ ਰਿਹਾ ਹੈਂ, ਉਠ ਸਾਵਧਾਨ ਹੋ। ਤੂੰ ਕੌਣ ਹੈਂ?" ਖੜ੍ਹਾ ਹੋ ਗਿਆ, ਰੋਈ ਜਾ ਰਿਹਾ ਹੈ, ਕੋਈ ਗੱਲ ਨਹੀਂ ਹੋ ਰਹੀ। ਇਕ ਤਾਂ ਅੰਦਰੋਂ ਦੁਖੀ ਹੈ ਦੂਜਾ ਧਿਆਨ ਆ ਗਿਆ ਕਿ ਮੈਂ ਇਨ੍ਹਾਂ ਨੂੰ ਪਿੱਠ ਦੇ ਕੇ ਆ ਗਿਆ ਸੀ ਤੇ ਹੁਣ ਇਨ੍ਹਾਂ ਨੇ ਕਿਸ ਮੌਕੇ ਤੇ ਮੈਨੂੰ ਦਰਸ਼ਨ ਦਿਤੇ ਹਨ ਜਦ ਕਿ ਮੈਂ ਮਰਨ ਵਾਸਤੇ ਜਾ ਰਿਹਾ ਹਾਂ। ਝੱਟ ਖਿਆਲਾਂ ਦੀ ਰੀਲ ਪਿਛੇ ਨੂੰ ਘੁੰਮ ਗਈ, ਸੋਚਣ ਲਗ ਪਿਆ ਕਿ ਮੈਂ ਕਿੰਨਾ ਗੁਨਹਗਾਰ ਹਾਂ ਕਿ ਐਸੇ ਪਿਆਰ ਕਰਨ ਵਾਲੇ ਮਹਾਂਪੁਰਸ਼ਾਂ ਨੂੰ ਪਿੱਠ ਦੇ ਦਿਤੀ। ਕਹਿਣ ਲੱਗੇ, ਬੇਟਾ! ਤੂੰ ਕੌਣ ਹੈਂ? ਮਹਾਰਾਜ! ਮੈਂ ਆਪ ਨੂੰ ਕੀ ਦੱਸਾਂ, ਮੈਂ ਕੌਣ ਹਾਂ, ਮੈਂ ਇਕ ਮਹਾਂ ਪਾਪੀ ਹਾਂ, ਤੂੰ ਦਿਆਲੂ ਹੈਂ।

***ਧਾਰਨਾ – ਤੇਰੇ ਵਰਗਾ ਨਾ ਦਇਆਲ ਮੇਰੇ ਮਾਲਕਾ,***
***ਮੇਰੇ ਵਰਗਾ ਪਾਪੀ ਕੋਈ ਨਾ।***
***ਮੇਰੇ ਪਿਆਰੇ, ਮੇਰੇ ਵਰਗਾ ਪਾਪੀ ਕੋਈ ਨਾ।***
***ਤੇਰੇ ਵਰਗਾ ਨਾ ਦਇਆਲ ਮੇਰੇ ਮਾਲਕਾ,...।***

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।***
***ਭਾਈ ਗੁਰਦਾਸ ਜੀ, ਵਾਰ 36/21***

ਕਹਿਣ ਲੱਗਿਆ, ਮਹਾਰਾਜ! ਮੈਂ ਕੀ ਆਪ ਨੂੰ ਦੱਸਾਂ ਮੈਨੂੰ ਦਸਦੇ ਨੂੰ ਲਾਜ ਆ ਰਹੀ ਹੈ ਕਿ ਮੈਂ ਕੌਣ ਹਾਂ? ਸਾਰਾ ਸੰਸਾਰ ਮੈਨੂੰ ਪਾਪੀ ਕਹਿੰਦਾ ਹੈ – ***"ਅਜਾਮਲ ਪਾਪੀ ਜਗ ਜਾਨੈ.......॥"***

ਮਹਾਰਾਜ! ਕਦੇ ਮੈਂ ਅਜਾਮਲ ਪੰਡਤ ਹੁੰਦਾ ਸੀ, ਲੇਕਿਨ ਅੱਜ ਮੈਂ ਅਜਾਮਲ ਪਾਪੀ ਹਾਂ। ਕਹਿਣ ਲੱਗੇ, ਬੇਟਾ! ਇਹ ਕੀ ਹਾਲ ਹੋ ਗਿਆ ਤੇਰਾ, ਤੈਨੂੰ ਕੀ ਹੋ ਗਿਆ? ਕਹਿਣ ਲੱਗਾ, "ਮਹਾਰਾਜ! ਆਪ ਨੂੰ ਕੀ ਦੱਸਾਂ। ਮੇਰੀ ਆਤਮਾ ਦੇ ਅੰਦਰੋਂ ਪਾਪ ਉਠ ਖੜ੍ਹੇ ਹੋਏ ਤੇ ਜਾਗ ਪਏ ਤੇ ਮੈਂ ਪਾਪਾਂ ਵਿਚ ਪ੍ਰਵਿਰਤ ਹੋ ਗਿਆ ਤਾਂ ਮੇਰੀ ਇਹ ਹਾਲਤ ਹੋਈ ਹੈ। ਸਾਧਸੰਗਤ ਜੀ! ਜੇ ਕੋਈ ਬੰਦਾ ਸਤਿਗੁਰੂ ਦੇ ਕੋਲ ਆ ਕੇ ਰੋ ਪਵੇ ਅਤੇ ਆਪਣੇ ਪਾਪਾਂ ਦਾ ਪ੍ਰਗਟਾਵਾ ਕਰ ਦੇਵੇ ਕਿ ਪਾਤਸ਼ਾਹ! ਮੈਂ ਆਹ ਪਾਪ ਕੀਤੇ ਹਨ, ਆਤਮਾ ਦੇ ਵਿਚੋਂ ਆਵਾਜ਼ ਆ ਜਾਵੇ, ਬਖਸ਼ਣ ਵਾਲੇ ਨੂੰ ਦੇਰ ਨਹੀਂ ਲੱਗਿਆ ਕਰਦੀ ਕਿਉਂਕਿ ਪ੍ਰਮੇਸ਼ਰ ਦੇ ਘਰ ਕੋਈ ਘਾਟਾ ਨਹੀਂ। ਸਤਿਗੁਰੂ ਬਖਸ਼ੰਦਾ! ਸਤਿਗੁਰੂ ਦਾ ਬਿਰਦ ਹੀ ਬਖਸ਼ਣਾ ਹੁੰਦਾ ਹੈ –

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥***
***ਪੰਨਾ – 544***

ਲੇਕਿਨ ਅਸੀਂ ਸ਼ਰਣ ਵਿਚ ਨਹੀਂ ਆਉਂਦੇ ਸਗੋਂ ਪਾਪ ਛੁਪਾ ਜਾਂਦੇ ਹਾਂ, ਆਪਣੇ ਆਪ ਨੂੰ ਜ਼ਾਹਰ ਕਰਦੇ ਹਾਂ ਕਿ ਅਸੀਂ ਬਹੁਤ ਚੰਗੇ ਹਾਂ ਅਤੇ ਅਸੀਂ ਬਿਲਕੁਲ ਮਾੜੇ ਨਹੀਂ ਹਾਂ। ਜੇ ਸਤਿਗੁਰੂ ਪਾਸ ਆ ਕੇ ਸਾਫ ਸਾਫ ਆਪਣੇ ਪਾਪਾਂ ਨੂੰ ਕਬੂਲ ਕਰ ਲਿਆ ਜਾਵੇ ਤਾਂ ਬਖਸ਼ਣ ਨੂੰ ਦੇਰ ਨਹੀਂ ਲੱਗਿਆ ਕਰਦੀ ਕਿਉਂਕਿ ਬਖਸ਼ਣਾ ਉਸ ਦਾ ਬਿਰਦ ਹੈ। ਕਹਿਣ ਲੱਗਿਆ, "ਮਹਾਰਾਜ! ਮੈਨੂੰ ਪਾਪੀ ਤੇ ਪਤਿਤ ਅਜਾਮਲ ਕਹਿੰਦੇ ਹਨ।" ਕਹਿਣ ਲੱਗੇ, "ਕੀ ਚਾਹੁੰਦੈਂ?" ਮਹਾਰਾਜ! ਮੈਂ ਪਾਪੀ ਹਾਂ ਤੇ ਸਾਰਾ ਸੰਸਾਰ ਮੈਨੂੰ ਪਾਪੀ ਕਹਿੰਦਾ ਹੈ। ਮਹਾਤਮਾ ਕਹਿਣ ਲੱਗੇ, "ਬੇਟਾ! ਘਬਰਾ ਨਾ, ਅਜੇ ਤੇਰੇ ਪੁੰਨ ਕਰਮ ਜਲੇ ਨਹੀਂ ਹਨ, ਜੇਕਰ ਤੇਰੇ ਪੁੰਨ ਕਰਮ ਜਲ ਜਾਂਦੇ ਤਾਂ ਤੂੰ ਸਾਡੇ ਕੋਲ ਨਹੀਂ ਸੀ ਆ ਸਕਦਾ। ਕਿਸੇ ਦੇ ਪੁੰਨ ਕਰਮ ਨਾ ਹੋਣ ਤਾਂ ਕੋਲ ਬੈਠਾ ਵੀ ਖਾਲੀ ਰਹਿ ਜਾਇਆ ਕਰਦਾ ਹੈ ਸੰਤ ਦਰਸ਼ਨ ਨਹੀਂ ਹੋਇਆ ਕਰਦੇ, ਸੰਤ ਦਰਸ਼ਨ ਤਾਂ ਪੁੰਨ ਕਰਮਾਂ ਨਾਲ ਹੀ ਹੁੰਦੇ ਹਨ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।।***
***ਪੰਨਾ – 204***

ਜੇਕਰ ਚੰਗਾ ਕਰਮ ਜਾਗ ਪਵੇ ਤਾਂ ਬੰਦੇ ਨੂੰ ਸਤਿਸੰਗ ਵਿਚ ਖਿਚ ਕੇ ਲੈ ਆਉਂਦਾ ਹੈ। ਬਹੁਤ ਐਸੇ ਪ੍ਰੇਮੀ ਸਨ ਜੋ ਜਾਂਦੇ ਜਾਂਦੇ ਸਤਿਸੰਗ ਵਿਚ ਆ ਗਏ, ਫੇਰ ਕੀ ਹੋਇਆ? ਕਹਿੰਦੇ ਸਾਡੀ ਜੀਵ ਆਤਮਾ ਜਾਗ ਪਈ, ਅੰਦਰੋਂ ਧਿਰਕਾਰਾਂ ਪੈਣ ਲਗ ਪਈਆਂ ਕਿ ਮੈਂ ਸ਼ਰਾਬ ਪੀਂਦਾ ਹਾਂ, ਮੈਂ ਮਾੜੇ ਕੰਮ ਕਰਦਾ ਹਾਂ, ਮੈਂ ਤਮਾਕੂ ਪੀਂਦਾ ਹਾਂ, ਮੈਂ ਜਰਦਾ ਖਾਂਦਾ ਹਾਂ। ਇਸ ਕਰਕੇ ਮੈਂ ਅੰਮ੍ਰਿਤ ਛਕ ਲਿਆ ਤੇ ਗੁਰੂ ਦਾ ਬਣ ਗਿਆ ਕਿਉਂਕਿ ਅੰਦਰੋਂ ਆਵਾਜ਼ ਆ ਗਈ, ਆਪਣਾ ਆਪ ਸਚਮੁੱਚ ਹੀ ਗੁਰੂ ਦੇ ਸਾਮ੍ਹਣੇ ਖੋਲ੍ਹ ਦਿਤਾ ਕਿ ਮਹਾਰਾਜ! ਮੈਂ ਤਾਂ ਇਹੋ ਜਿਹਾ ਪਾਪੀ ਹਾਂ। ਅਜਾਮਲ ਕਹਿਣ ਲੱਗਿਆ, "ਮਹਾਰਾਜ! ਹੁਣ ਮੈਂ ਕੀ ਅਰਜ਼ ਕਰਾਂ, ਮੇਰੇ ਕਿਹੜੇ ਕਰਮ ਜਾਗੇ ਹਨ, ਤੁਸੀਂ ਪੂਰਨ ਪੁਰਖ ਹੋ ਤੇ ਸਮਰੱਥ ਪੁਰਸ਼ ਹੋ, ਤੁਸੀਂ ਆਪਣੇ ਬਿਰਦ ਦੀ ਲਾਜ ਰੱਖੋ, ਮੇਰੇ ਪਾਪ ਤਾਂ ਗਿਣਤੀ ਮਿਣਤੀ ਤੋਂ ਬਾਹਰ ਹਨ –

***ਧਾਰਨਾ – ਹਮਰੀ ਗਣਤ ਨ ਗਣੀਆ ਕਾਈ,***
***ਆਪਣਾ ਬਿਰਦ ਪਛਾਣ।***

***ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ॥***

***ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ॥***
***ਪੰਨਾ - 619***

ਮਹਾਂਪੁਰਸ਼ ਕਹਿਣ ਲੱਗੇ ਕਿ ਅਜਾਮਲ! ਹੁਣ ਕਿਥੇ ਜਾ ਰਿਹਾ ਹੈਂ? ਕਹਿਣ ਲੱਗਾ, "ਮਹਾਰਾਜ! ਮੈਂ ਆਪਣੇ ਜੀਵਨ ਦਾ ਅੰਤ ਕਰਨ ਜਾ ਰਿਹਾ ਹਾਂ, ਮਰਨ ਜਾ ਰਿਹਾ ਹਾਂ ਤੇ ਮੇਰੇ ਧੰਨ ਭਾਗ ਹਨ ਕਿ ਆਖਰੀ ਸਮੇਂ ਮੈਨੂੰ ਆਪ ਦੇ ਦਰਸ਼ਨ ਹੋ ਗਏ।" ਮਹਾਂਪੁਰਸ਼ ਕਹਿਣ ਲੱਗੇ, "ਸੰਤਾਂ ਕੋਲ ਆ ਕੇ ਕੋਈ ਮਰਦਾ ਨਹੀਂ ਹੁੰਦਾ ਸਗੋਂ ਜੀਵਨ ਦਾਨ ਲੈਂਦਾ ਹੈ। ਦੁਨੀਆਂ ਵਿਚ ਮੌਤ ਹੋਇਆ ਕਰਦੀ ਹੈ ਪਰ ਸੰਤਾਂ ਕੋਲ ਜੀਵਨ ਬਖਸ਼ਿਆ ਜਾਂਦਾ ਹੈ। ਕਿਹੜੀ ਗੱਲ ਤੋਂ ਤੂੰ ਮਰਨ ਦਾ ਨਿਸ਼ਚਾ ਕੀਤਾ ਹੈ?" ਕਹਿਣ ਲੱਗਿਆ, "ਮਹਾਰਾਜ! ਮੈਂ ਬਹੁਤ ਪਾਪ ਕਰ ਲਏ, ਪਤਾ ਨਹੀਂ ਮੈਨੂੰ ਕਿਹੜੇ ਨਰਕਾਂ ਵਿਚ ਥਾਂ ਮਿਲੇ ਤੇ ਕਿਹੜੀ ਘਾਣੀ ਵਿਚ ਮੈਂ ਪੀੜਿਆ ਜਾਵਾਂਗਾ ਅਤੇ ਮੈਂ ਗੁਰੂ ਤੋਂ ਬੇਮੁਖ ਹੋ ਗਿਆ।" ਮਹਾਤਮਾ ਕਹਿਣ ਲੱਗੇ, "ਅਸੀਂ ਤਾਂ ਤੇਰੇ ਵਲ ਹਾਂ, ਤੇਰੇ ਬੇਮੁਖ ਹੋਣ ਨਾਲ ਕੀ ਫਰਕ ਪੈਂਦਾ ਹੈ, ਗੁਰੂ ਤਾਂ ਸਿੱਖ ਨੂੰ ਸਦਾ ਹੀ ਉਡੀਕਦਾ ਹੈ, ਸਦਾ ਹੀ ਦਰਵਾਜ਼ਾ ਖੁਲ੍ਹਾ ਰਖਦਾ ਹੈ। ਸਾਡੇ ਗੁਰਸਿੱਖੀ 'ਚ ਕਹਿੰਦੇ ਨੇ ਕਿ ਗੁਰੂ ਦਸ਼ਮੇਸ਼ ਪਿਤਾ ਜੀ 60 ਸਾਲ ਤਕ ਸਿੱਖ ਨੂੰ ਉਡੀਕਦੇ ਰਹਿੰਦੇ ਹਨ ਕਿ ਭੁੱਲਿਆ ਹੋਇਆ ਸਿੱਖ ਹੁਣ ਵੀ ਆਉਂਦੈ, ਹੁਣ ਵੀ ਆਉਂਦੈ। ਸਾਧ ਸੰਗਤ ਜੀ! ਇਹ ਗੱਲ ਨਹੀਂ ਕਿ 60 ਸਾਲ ਤਕ ਆ ਜਾਵੇ, ਗੁਰੂ ਮਹਾਰਾਜ ਤਾਂ ਆਖਰੀ ਸੁਆਸ ਤਕ ਉਡੀਕਦੇ ਹਨ ਕਿ ਸ਼ਾਇਦ ਆ ਜਾਵੇ।

ਅਨੰਦਪੁਰ ਸਾਹਿਬ ਯੁੱਧ ਖੇਤਰ ਵਿਚ ਬਹੁਤ ਘਮਸਾਨ ਦਾ ਯੁੱਧ ਹੋ ਰਿਹਾ ਹੈ ਤੇ ਦਸ ਲੱਖ ਫੌਜ ਨੇ ਘੇਰਾ ਪਾਇਆ ਹੋਇਆ ਹੈ। ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਨੇ ਗੁਰੂ ਦਸ਼ਮੇਸ਼ ਪਿਤਾ ਪਾਸ ਬੇਨਤੀ ਪੱਤਰ ਭੇਜਿਆ ਕਿ ਆਪ ਅਨੰਦਪੁਰ (ਸਾਹਿਬ) ਦਾ ਕਿਲਾ ਛੱਡ ਦੇਵੋ ਜਿਥੇ ਜੀਅ ਕਰਦਾ ਹੈ ਫਿਰੋ ਤੁਰੋ। ਅਸੀਂ ਭੀ ਤੁਹਾਡੀ ਪੂਜਾ ਕਰਾਂਗੇ। ਗਊ ਥਾਲ ਵਿਚ ਰੱਖ ਕੇ ਨਾਲ ਗੀਤਾ ਦੀ ਪੋਥੀ ਰੱਖ ਕੇ ਪਹਾੜੀਆਂ ਨੇ ਸੁਗੰਧ ਖਾਧੀ। ਔਰੰਗਜ਼ੇਬ ਨੇ ਆਪਣੀ ਪਤ੍ਰਕਾ ਕੁਰਾਨ ਸ਼ਰੀਫ ਦੀ ਪਵਿੱਤਰ ਪੁਸਤਕ ਨਾਲ ਜੋੜ ਕੇ ਕਸਮ ਖਾਧੀ। ਗਊ, ਗੀਤਾ ਅਤੇ ਕੁਰਾਨ ਸ਼ਰੀਫ ਦੀ ਜਾਮਨੀ ਦੇ ਦਿਤੀ। ਗੁਰੂ ਮਹਾਰਾਜ ਜੀ ਇਸ ਛਲ ਨੂੰ ਪੂਰੀ ਤਰ੍ਹਾਂ ਜਾਣਦੇ ਸਨ, ਉਸ ਸਮੇਂ ਸਿੰਘ ਜਿਥੇ ਹਮਲਾਵਰਾਂ ਨਾਲ ਯੁੱਧ ਕਰ ਰਹੇ ਸਨ ਉਥੇ ਭੁੱਖ ਨਾਲ ਭੀ ਭਿਅੰਕਰ ਯੁੱਧ ਕਰ ਰਹੇ ਸਨ। ਦਰੱਖਤਾਂ ਦੇ ਪੱਤੇ ਉਬਾਲ-ਉਬਾਲ ਕੇ ਖਾ ਲਏ, ਛਿੱਲਾਂ ਲਾਹ ਕੇ ਪੀਸ ਕੇ ਆਟੇ ਵਿਚ ਪਾ ਕੇ ਛਕ ਗਏ, ਅਤਿ ਦੀ ਤੰਗੀ ਸੀ। ਕੁਝ ਸਿੰਘਾਂ ਨੇ ਗੁਰੂ ਮਹਾਰਾਜ ਜੀ ਵਿਚ ਸਿਦਕ ਤੋਂ ਹੀਣੇ ਹੋ ਕੇ ਸਲਾਹ ਦਿਤੀ ਕਿ ਹੁਣ ਕਿਲਾ ਛੱਡ ਦੇਵੋ। ਮਹਾਰਾਜ ਜੀ ਨੇ ਸਮਝਾਇਆ ਕਿ ਇਹ ਇਕ ਛਲ ਹੈ ਪਰ ਜਦੋਂ ਉਹ ਆਪਣਾ ਫੈਸਲਾ ਗੁਰੂ ਸਾਹਿਬ ਨੂੰ ਸੁਨਾਉਣ ਲੱਗੇ ਕਿ ਅਸੀਂ ਤਾਂ ਚਲੇ ਜਾਣਾ ਹੈ ਤਾਂ ਉਨ੍ਹਾਂ ਬੇਦਾਵਾ ਲਿਖ ਕੇ ਦਿਤਾ ਕਿ ਅਸੀਂ ਤੇਰੇ ਸਿੱਖ ਨਹੀਂ, ਤੂੰ ਅਸਾਡਾ ਗੁਰੂ ਨਹੀਂ। ਉਹ ਸਾਰੇ ਪਿੱਠ ਦੇ ਕੇ ਚਲੇ ਗਏ।

ਗੁਰੂ ਮਹਾਰਾਜ ਜੀ ਮਰਿਆਦਾ ਪਰਸ਼ੋਤਮ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਸੰਸਾਰ ਵਿਚ ਸਥਾਪਤ ਕਰਨ ਆਏ ਸਨ। ਆਪ ਨੇ ਗੀਤਾ ਅਤੇ ਕੁਰਾਨ ਸ਼ਰੀਫ ਦੀ ਜਾਮਨੀ ਵੇਖੀ। ਭਾਵੇਂ ਆਪ ਜਾਣਦੇ ਸਨ ਕਿ ਇਹ ਇਕ ਛਲ ਹੈ ਪਰ ਧਰਮ ਗ੍ਰੰਥਾਂ ਦਾ ਸਤਿਕਾਰ ਕਾਇਮ ਰਖਣਾ ਭੀ ਆਪ ਦਾ ਫਰਜ਼ ਸੀ। ਆਪ ਨੇ ਕਿਹਾ ਕਿ ਜੇਕਰ ਅਸੀਂ ਇਨ੍ਹਾਂ ਦਾ ਆਦਰ ਨਹੀਂ ਕਰਾਂਗੇ ਤਾਂ ਕੌਣ ਕਰੇਗਾ? ਇਹ ਸਭ ਕੁਝ ਜਾਣਦੇ ਹੋਏ ਵੀ ਕਿ ਇਨ੍ਹਾਂ ਨੇ ਕਸਮਾਂ ਤੋੜਨੀਆਂ ਹਨ, ਗੁਰੂ ਮਹਾਰਾਜ ਜੀ ਨੇ ਕਿਲਾ ਛੱਡ ਦਿਤਾ। ਸਰਸੇ ਦੇ ਅੰਦਰ ਸਭ ਕੁਝ ਤਬਾਹ ਹੋ ਗਿਆ, ਕੇਵਲ ਚਾਲੀ ਸਿੰਘ ਬਚੇ ਸਨ। ਚਮਕੌਰ ਸਾਹਿਬ ਆ ਕੇ ਉਨ੍ਹਾਂ ਦਾ ਵੀ ਸਾਥ ਛੁੱਟ ਗਿਆ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਅਤੇ ਆਪ ਜੀ ਇਕੱਲੇ ਹੀ ਰਹਿ ਗਏ। ਅਖੀਰ ਆਪ ਖਿਦਰਾਣੇ ਦੀ ਢਾਬ ਪਾਸ ਉਹ ਪਹੁੰਚੇ, ਉਥੇ ਘਮਸਾਨ ਦਾ ਯੁੱਧ ਹੋਇਆ ਤੇ ਉਹ ਚਾਲੀ ਸਿੰਘ ਵੀ ਆ ਰਹੇ ਅਤੇ ਉਨ੍ਹਾਂ ਨੇ ਉਸ ਯੁੱਧ ਵਿਚ ਸ਼ਹੀਦੀਆਂ ਦਿਤੀਆਂ। ਮਹਾਰਾਜ ਯੁੱਧ ਖੇਤਰ ਵਿਚ ਆਪਣੇ ਸਿੰਘਾਂ ਦੇ ਮੁੱਖ ਆਪਣੇ ਰੁਮਾਲ ਨਾਲ ਸਾਫ ਕਰਦੇ ਹਨ ਤੇ ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ, ਕਿਸੇ ਨੂੰ ਪੰਜਾਹ ਹਜ਼ਾਰੀ ਦਾ ਵਰ ਦਿੰਦੇ ਜਾ ਰਹੇ ਹਨ ਅਤੇ ਨਾਲ ਦੀ ਨਾਲ ਦੇਖ ਰਹੇ ਹਨ ਕਿ ਕਿਸੇ ਵਿਚ ਜਾਨ ਹੈ, ਕੋਈ ਤਾਂ ਅੱਖਾਂ ਖੋਲ੍ਹ ਕੇ ਮੇਰਾ ਪਿਆਰਾ ਗੁਰਸਿੱਖ ਕੁਝ ਦੱਸੇ ਤਾਂ ਸਹੀ। ਅਖੀਰ ਭਾਈ ਮਹਾਂ ਸਿੰਘ ਪਾਸ ਜਦੋਂ ਮਹਾਰਾਜ ਪਹੁੰਚੇ, ਦੇਖਿਆ ਉਸ ਦੇ ਸੁਆਸ ਚਲ ਰਹੇ ਹਨ, ਮੂੰਹ ਵਿਚ ਜਲ ਪਾਇਆ, ਨੇਤਰਾਂ ਤੇ ਜਲ ਪਾਇਆ, ਮਹਾਰਾਜ ਨੇ ਨਿੱਘ ਦਿਤਾ, ਖੂਨ ਦੇ ਨਾਲ ਲੱਥ ਪੱਥ ਹੋਏ ਮਹਾਂ ਸਿੰਘ ਦਾ ਸੀਸ ਆਪਣੀ ਗੋਦੀ ਦੇ ਵਿਚ ਰੱਖ ਲਿਆ।

ਜਦੋਂ ਮਹਾਂ ਸਿੰਘ ਦੇ ਨੇਤਰ ਖੋਲ੍ਹੇ ਤਾਂ ਕੀ ਵੇਖਦਾ ਹੈ ਕਿ ਗੁਰੂ ਕਲਗੀਧਰ ਪਾਤਸ਼ਾਹ, ਮੇਰਾ ਸੀਸ ਆਪਣੀ ਗੋਦ ਵਿਚ ਰੱਖੀ ਬੈਠੇ ਹਨ, ਉਹ ਵੀ ਮੇਰੇ ਵਰਗੇ ਦੇ ਪਾਸ ਜਿਹੜਾ ਬੇਦਾਵਾ ਦੇਣ ਵਿਚ ਸਭ ਤੋਂ ਅੱਗੇ ਸੀ। ਐਡਾ ਦਿਆਲੂ ਪਾਤਸ਼ਾਹ! ਮੇਰਾ ਸਤਿਗੁਰੂ! ਜਿਸ ਨੇ ਮੇਰੇ ਔਗੁਣ ਨਹੀਂ ਵੀਚਾਰੇ ਉਸਦੇ ਅੱਖਾਂ ਵਿਚ ਪਛਤਾਵੇ ਦੇ ਹੰਝੂ ਵਹਿ ਰਹੇ ਹਨ। ਮਹਾਰਾਜ ਕਹਿਣ ਲੱਗੇ, "ਭਾਈ! ਮਹਾਂ ਸਿੰਘ ਅਸੀਂ ਤੇਰੇ ਉਪਰ ਬਹੁਤ ਪ੍ਰਸੰਨ ਹਾਂ, ਮੰਗ ਜੋ ਮੰਗਣਾ ਹੈ। ਕਹਿਣ ਲੱਗਿਆ, "ਅਸੀਂ ਤਾਂ ਗੁਨਾਹਗਾਰ ਹਾਂ, ਤੁਸੀਂ ਸਾਡੇ ਗੁਨਾਹਗਾਰਾਂ ਤੇ ਵੀ ਪ੍ਰਸੰਨ ਹੋ ਗਏ ਹੋ, ਧੰਨ ਹੋ ਪਾਤਸ਼ਾਹ!" "ਆਪ ਨੇ ਫੁਰਮਾਇਆ, "ਮਹਾਂਸਿੰਘਾ! ਦੁਨੀਆਂ ਨੂੰ ਪਤਾ ਨਹੀਂ, ਦੁਨੀਆਂ ਪਿਆਰ ਦੇ ਮਾਮਲੇ ਵਿਚ ਭੁੱਲੀ ਹੋਈ ਹੈ, ਕੋਈ ਕਹਿੰਦਾ ਹੈ ਮੇਰੀ ਮਾਂ ਮੈਨੂੰ ਜ਼ਿਆਦਾ ਪਿਆਰ ਕਰਦੀ ਹੈ, ਕੋਈ ਕਹਿੰਦਾ ਹੈ ਮੇਰਾ ਪਿਓ ਕਰਦੈ, ਕੋਈ ਕਹਿੰਦੈ ਮੇਰੀ ਪਤਨੀ ਕਰਦੀ ਹੈ, ਕੋਈ ਪਤਨੀ ਕਹਿੰਦੀ ਹੈ ਕਿ ਮੇਰਾ ਪਤੀ ਮੈਨੂੰ ਪਿਆਰ ਕਰਦੈ ਪਰ ਸੰਸਾਰ ਨੂੰ ਪਤਾ ਨਹੀਂ ਹੈ ਕਿ ਦੁਨੀਆਂ ਵਿਚ ਅਸਲੀ ਪਿਆਰ ਤਾਂ ਸੰਤ ਤੇ ਗੁਰੂ ਕਰਿਆ ਕਰਦੇ ਹਨ ਅਤੇ ਗੁਰੂ ਦਾ ਪਿਆਰ ਸਭ ਪਿਆਰਾਂ ਤੋਂ ਵੱਡਾ ਤੇ ਸ੍ਰੇਸ਼ਟ ਹੋਇਆ ਕਰਦਾ ਹੈ। ਗੁਰੂ ਬਖਸ਼ ਦਿੰਦੈ, ਫੇਰ ਬਖਸ਼ ਦਿੰਦੈ, ਗੁੱਸੇ ਨਹੀਂ ਹੋਇਆ ਕਰਦਾ।" ਕਹਿਣ ਲੱਗੇ, "ਮਹਾਂਸਿੰਘ! ਤੈਨੂੰ ਪਤਾ ਨਹੀਂ ਕਿ ਮੈਂ ਆਪਣੇ ਸਿੰਘਾਂ ਨੂੰ ਕਿੰਨਾ ਪਿਆਰ ਕਰਦਾ ਹਾਂ।" ਮਹਾਂਸਿੰਘ ਕਹਿਣ ਲੱਗਿਆ, "ਪਾਤਸ਼ਾਹ! ਤਾਂ ਕ੍ਰਿਪਾ ਕਰੋ ਉਹ ਬੇਦਾਵਾ ਪਾੜ ਦਿਓ ਜਿਹੜਾ ਅਸੀਂ ਆਪ ਨੂੰ ਦੇ ਕੇ ਆਏ ਸੀ।" ਕਹਿਣ ਲੱਗੇ, "ਮਹਾਂ ਸਿੰਘ! ਅਨੰਦਪੁਰ ਸਾਹਿਬ ਵਿਚ ਸਭ ਕੁਝ ਰਹਿ ਗਿਆ, ਕੋਈ ਚੀਜ਼ ਨਹੀਂ ਲਿਆਂਦੀ, ਕੋਈ ਪੁਸਤਕ

ਨਹੀਂ ਲਿਆਂਦੀ, ਬੱਚਿਆਂ ਨੂੰ ਨਾਲ ਨਹੀਂ ਲਿਆਂਦਾ, ਪਰ ਮੈਨੂੰ ਉਡੀਕ ਸੀ ਕਿ ਕਿਤੇ ਮੇਰੇ ਸਿੰਘ ਭੁੱਲੇ ਹੋਏ ਆ ਕੇ ਮੈਨੂੰ ਇਹ ਨਾ ਕਹਿ ਦੇਣ ਪਾਤਸ਼ਾਹ, ਬਖਸ਼ ਦਿਓ, ਇਸ ਲਈ ਆਹ ਦੇਖ ਕਮਰਕਸੇ ਦੇ ਅੰਦਰ ਆਹ ਤੁਹਾਡਾ ਕਾਗਜ਼ ਮੈਂ ਸਾਂਭ ਕੇ ਲਿਆਂਦਾ ਹੈ। ਆਹ ਦੇਖ! ਇਹੋ ਉਹ ਕਾਗਜ਼ ਹੈ ਨਾ, ਜਿਸਤੇ ਤੁਹਾਡੇ ਦਸਤਖਤ ਤੇ ਅਗੂੰਠੇ ਲੱਗੇ ਹੋਏ ਹਨ?" ਕਹਿਣ ਲੱਗਾ, "ਪਾਤਸ਼ਾਹ! ਇਹੀ ਹੈ। ਮਹਾਰਾਜ ਜੀ ਦੇ ਨੇਤਰਾਂ ਵਿਚੋਂ ਪਿਆਰ ਦਾ ਜਲ ਵਹਿ ਰਿਹਾ ਹੈ ਤੇ ਗਰਮ ਗਰਮ ਟੇਪੇ ਮਹਾਂ ਸਿੰਘ ਦੇ ਚਿਹਰੇ ਤੇ ਪੈ ਰਹੇ ਹਨ।" ਕਹਿਣ ਲੱਗੇ, "ਮਹਾਂ ਸਿੰਘਾ! ਤੂੰ ਟੁੱਟੀ ਗੰਢ ਲਈ ਹੈ, ਤੂੰ ਆਪ ਹੀ ਨਹੀਂ ਬਖਸ਼ਿਆ ਗਿਆ ਸਗੋਂ ਤੂੰ ਅੱਗੇ ਤੋਂ ਮੇਰੇ ਗੁਰਸਿੱਖਾਂ ਨੂੰ ਜੁਗਤੀ ਦਸ ਦਿਤੀ ਹੈ ਕਿ ਜੇਕਰ ਟੁੱਟ ਜਾਓ ਤਾਂ ਫੇਰ ਪੰਜ ਪਿਆਰਿਆਂ ਦੇ ਪੇਸ਼ ਹੋ ਕੇ ਭੁੱਲ ਬਖਸ਼ਾ ਲਵੋ ਤੇ ਆਪਣਾ ਗੁਨਾਹ ਤੇ ਗਲਤੀ ਕਬੂਲ ਕਰਕੇ ਮਾਫੀ ਮੰਗ ਲਵੋ ਕਿ ਮੈਥੋਂ ਭੁੱਲ ਹੋ ਗਈ ਅਤੇ ਬਖਸ਼ਿਆ ਜਾਵੇਂਗਾ। ਆਹ ਅਕਾਲ ਤਖਤ ਤੇ ਬਖਸ਼ ਲਏ ਜਾਂਦੇ ਹਨ, ਸਜ਼ਾ ਲਗਾ ਦਿੰਦੇ ਨੇ ਕਿ ਜਪੁਜੀ ਸਾਹਿਬ ਦੇ ਪਾਠ ਕਰੀਂ, ਸੇਵਾ ਕਰੀਂ, ਬਖਸ਼ੀ ਜਾ ਰਹੇ ਹਨ।

ਮਹਾਤਮਾ ਕਹਿਣ ਲੱਗੇ, "ਅਜਾਮਲ! ਕੋਈ ਗੱਲ ਨਹੀਂ, ਬੇਟਾ! ਤੇਰੇ ਪਾਪ ਮੇਰੇ ਚੇਤੇ ਨਹੀਂ, ਤੇਰਾ ਪਿਆਰ ਮੇਰੇ ਯਾਦ ਹੈ ਇਹ ਕੰਮ ਤੂੰ ਹੁਣ ਬੰਦ ਕਰ ਦੇ। ਹੁਣ ਭਜਨ ਕਰ ਲਵੇਂਗਾ? ਕਹਿਣ ਲੱਗਾ, "ਨਹੀਂ ਮਹਾਰਾਜ! ਮੇਰੀ ਬਿਰਤੀ ਤਮੋ ਗੁਣ ਨਾਲ ਭਰ ਗਈ ਹੈ ਅਤੇ ਪਾਪ ਵਿਚ ਪਰਵਿਰਤ ਹੋਣ ਕਰਕੇ ਹੁਣ ਭਜਨ ਨਹੀਂ ਹੋਣਾ। ਕਹਿਣ ਲੱਗੇ, "ਹੁਣ ਤੈਨੂੰ ਇਕ ਜੁਗਤ ਦਸਦੇ ਹਾਂ ਕਿ ਹੁਣ ਤੇਰੇ ਇਕ ਸਤਵਾਂ ਪੁੱਤਰ ਹੋਵੇਗਾ ਉਸ ਨੂੰ ਸਾਡੇ ਪਾਸ ਲੈ ਕੇ ਆਵੀਂ।"

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***
***ਭਾਈ ਗੁਰਦਾਸ ਜੀ, ਵਾਰ 10/20***

ਪੁੱਤਰ ਹੋ ਗਿਆ, ਮਨ ਵਿਚ ਸੋਚਿਆ ਹੁਣ ਇਸ ਨੂੰ ਮਹਾਂਪੁਰਸ਼ਾਂ ਪਾਸ ਲੈ ਜਾਵਾਂ ਅਤੇ ਉਹ ਕੋਈ ਸ਼ੁਭ ਨਾਉਂ ਰੱਖ ਦੇਣਗੇ। ਨੇੜਤਾ ਹੋ ਗਈ, ਮੇਰੇ ਪਾਪ ਉਨ੍ਹਾਂ ਨੇ ਗੌਲੇ ਨਹੀਂ ਹਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਸਾਡੇ ਪਾਸ ਲੈ ਕੇ ਆਵੀਂ। ਘਰਵਾਲੀ ਨੂੰ ਵੀ ਮਨਾ ਲਿਆ, ਬੱਚੇ ਨੂੰ ਗੋਦੀ ਵਿਚ ਲਿਆ ਤੇ ਪਹੁੰਚ ਗਿਆ ਤੇ ਬੱਚੇ ਨੂੰ ਮਹਾਂਪੁਰਸ਼ਾਂ ਦੇ ਚਰਨਾਂ ਤੇ ਰੱਖ ਦਿਤਾ। ਮਹਾਤਮਾ ਕਹਿਣ ਲੱਗੇ, "ਕੌਣ ਹੈ?" ਕਹਿੰਦਾ, "ਮੈਂ ਮਹਾਰਾਜ! ਅਜਾਮਲ ਪਾਪੀ।" ਮਹਾਂਪੁਰਸ਼ ਕਹਿਣ ਲੱਗੇ ਕਿ ਭਾਈ! ਤੂੰ ਅਜੇ ਵੀ ਆਪਣੇ ਆਪ ਨੂੰ ਪਾਪੀ ਕਹੀ ਜਾ ਰਿਹਾ ਹੈਂ। ਜਦ ਤੂੰ ਗੁਰੂ ਦੁਆਰ ਤੇ ਆ ਹੀ ਗਿਆ ਤਾਂ ਇਸ ਪਾਪ ਨੂੰ ਭੁਲਾ ਦੇ ਕਿਉਂਕਿ ਪਾਪੀ ਇਸ ਦਰਬਾਰ ਵਿਚ ਨਹੀਂ ਆਇਆ ਕਰਦੇ। ਇਥੇ ਕੇਵਲ ਉਹ ਆਉਂਦੇ ਹਨ ਜਿਨ੍ਹਾਂ ਦੇ ਪੁੰਨ ਵਧੇ ਹੋਏ ਹੋਣ।" ਪੁਛਿਆ, ਕਿਵੇਂ ਆਇਐਂ ਭਾਈ?" ਕਹਿਣ ਲੱਗਾ, "ਮਹਾਰਾਜ! ਪਾਪ ਦਾ ਸਤਵਾਂ ਫਲ ਲੈ ਕੇ ਆਇਆ ਹਾਂ।" ਕਹਿਣ ਲੱਗੇ, "ਅਸੀਂ ਇਸ ਦਾ ਜਿਹੜਾ ਨਾਉਂ ਰੱਖਾਂਗੇ ਇਸ ਨਾਉਂ ਨੂੰ ਬਾਰ-ਬਾਰ ਲਈ ਜਾਇਆ ਕਰੀਂ ਤੇ ਇਸ ਨੂੰ ਪਿਆਰ ਕਰੀਂ ਅਤੇ ਹੁਣ ਅਸੀਂ ਇਸ ਦਾ ਨਾਉਂ ਨਰਾਇਣ ਰਖਦੇ ਹਾਂ।

***ਧਾਰਨਾ - ਰਖਤਾ ਨਾਉ ਨਾਰਾਇਣ, ਗੁਰਮੁਖ ਪਿਆਰ ਨੇ।***

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***
***ਭਾਈ ਗੁਰਦਾਸ ਜੀ, ਵਾਰ 10/20***

ਅਸੀਂ ਇਸ ਦਾ ਨਾਉਂ ਨਾਰਾਇਣ ਰੱਖ ਦਿਤਾ, ਹੁਣ ਤੂੰ ਨਰਾਇਣ ਨਰਾਇਣ ਕਹਿ ਕੇ ਪਿਆਰ ਨਾਲ ਇਸ ਨੂੰ ਬੁਲਾਇਆ ਕਰੀਂ। ਕਹਿਣ ਲੱਗਾ, "ਠੀਕ ਹੈ ਮਹਾਰਾਜ! ਬਚਨ ਮੰਨ ਲਿਆ।"

***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥***
***ਪੰਨਾ - 747***

ਬਚਨ 'ਚ ਭੇਦ ਹੋਇਆ ਕਰਦਾ ਹੈ, ਸੋ ਦਿਨ ਰਾਤ ਨਾਰਾਇਣ ਨਾਰਾਇਣ ਕਰਦਾ ਰਹਿੰਦਾ ਹੈ। ਬੱਚਾ ਵੱਡਾ ਹੁੰਦਾ ਚਲਿਆ ਗਿਆ, ਸਾਰੇ ਹੈਰਾਨ ਹੁੰਦੇ ਨੇ ਕਿ ਛੋਟੇ ਮੁੰਡੇ ਦਾ ਹੀ ਨਾਉਂ ਲਈ ਜਾਂਦੈ, ਨਰਾਇਣ ਨਰਾਇਣ। ਨਾਮ ਦੇ ਵਿਚ ਇਹ ਖਾਸੀਅਤ ਹੁੰਦੀ ਹੈ ਕਿ ਪਹਿਲਾਂ ਤਾਂ ਇਹ ਜਪਣਾ ਔਖਾ ਹੁੰਦਾ ਹੈ, ਜਦੋਂ ਦ੍ਰਿੜ੍ਹ ਹੋ ਜਾਵੇ ਤੇ ਜੇ ਫੇਰ ਉਹ ਨਾ ਜਪੇ ਤਾਂ ਐਸ ਤਰ੍ਹਾਂ ਲੱਗਿਆ ਕਰਦਾ ਹੈ ਕਿ ਮੈਨੂੰ ਕੁਝ ਘਾਟਾ ਪੈ ਗਿਆ। ਸੋ ਹਰ ਵਕਤ ਆਪਣੇ ਆਪ ਸੁਤੇ ਸਿੱਧ ਨਾਮ ਜਪ ਹੁੰਦਾ ਹੈ ਅਤੇ ਇਸ ਨੂੰ ਲਿਵ ਕਹਿੰਦੇ ਹਨ। ਸੋ ਉਸ ਬੱਚੇ ਦੇ ਨਾਮ ਨਾਲ ਉਸ ਦੀ ਲਿਵ ਲਗ ਗਈ। ਹਰ ਵਕਤ ਨਰਾਇਣ ਨਰਾਇਣ ਕਰਦਾ ਰਹਿੰਦਾ ਹੈ। ਅਖੀਰ ਸਾਧਸੰਗਤ ਜੀ! ਉਹ ਸਮਾਂ ਆ ਗਿਆ ਜੋ ਆਪਾਂ ਸਾਰਿਆਂ ਉਤੇ ਆਉਣਾ ਹੈ, ਉਸ ਨੂੰ ਮੌਤ ਦਾ ਫਲ ਕਹਿੰਦੇ ਹਨ ਅਤੇ ਉਹ ਸਭ ਨੂੰ ਖਾਣਾ ਪੈਂਦਾ ਹੈ। ਕੋਈ ਸੰਸਾਰ ਤੇ ਐਸਾ ਨਹੀਂ ਆਇਆ ਜਿਸ ਨੂੰ ਮੌਤ ਦਾ ਫਲ ਨਾ ਚਖਣਾ ਪੈਂਦਾ ਹੋਵੇ। ਕਿਸੇ ਨੂੰ ਇਹ ਕੌੜਾ ਲਗਣੈ, ਕਿਸੇ ਨੂੰ ਖੱਟਾ ਲਗਣੈ ਤੇ ਕਿਸੇ ਨੂੰ ਇਹ ਮਿੱਠਾ ਲਗਣੈ ਜਿਨ੍ਹਾਂ ਨੇ ਬੰਦਗੀ ਕੀਤੀ ਹੈ, ਨਾਮ ਜਪਿਐ ਉਨ੍ਹਾਂ ਨੂੰ ਮੌਤ ਦਾ ਡਰ ਨਹੀਂ ਹੁੰਦਾ। ਉਹ ਤਾਂ ਪਿਆਰ ਨਾਲ ਇਸ ਦਿਨ ਦੀ ਉਡੀਕ ਕਰਦੇ ਹਨ -

***ਕਬੀਰ ਜਿਸੁ ਮਰਨੇ ਤੇ ਜਗ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਪੰਨਾ - 1365***

ਜਿਨ੍ਹਾਂ ਨੇ ਜਨਮ ਬਰਬਾਦ ਕਰ ਦਿਤਾ ਉਨ੍ਹਾਂ ਨੂੰ ਕੌੜਾ ਲਗਦਾ ਹੈ। ਉਹ ਰੋਣਗੇ ਅਤੇ ਔਖੇ ਹੋਣਗੇ। ਉਸ ਵੇਲੇ ਕੀ ਹੋਇਆ, ਜਮਦੂਤ ਆ ਗਏ, ਸਾਮ੍ਹਣੇ ਆ ਕੇ ਖੜ੍ਹੇ ਹੋ ਗਏ ਆ ਕੇ ਫੜ ਲਿਆ ਅਤੇ ਉਨ੍ਹਾਂ ਨੂੰ ਦੇਖ ਕੇ ਡਰ ਗਿਆ।

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ, ਵਾਰ 10/20***

ਡਰ ਕੇ ਪੁੱਤਰ ਨਰਾਇਣ! ਕਹਿ ਕੇ ਹਾਕ ਮਾਰ ਦਿਤੀ ਪਰੰਤੂ ਇਹ ਕਹਿੰਦੇ ਕਹਿੰਦੇ ਉਸ ਦਾ ਮਨ ਅਸਲੀ ਨਰਾਇਣ ਪ੍ਰਮੇਸ਼ਰ ਵਲ ਚਲਾ ਗਿਆ ਅਤੇ ਆਖਰੀ ਅੱਧੇ ਸਾਹ ਵਿਚ ਕਹਿ ਦਿਤਾ, 'ਹੇ ਨਰਾਇਣ'। ਐਨਾ ਕਹਿੰਦੀ ਸਾਰ ਉਸ ਦੇ ਪ੍ਰਾਣ ਛੁਟ ਗਏ। ਨਤੀਜਾ ਕੀ ਹੋਇਆ ਕਿ ਪ੍ਰਮੇਸ਼ਰ ਨੂੰ ਆਪਣੇ ਨਾਮ ਦੀ ਲਾਜ ਆ ਗਈ ਕਿ ਉਸ ਮਨੁੱਖ ਨੇ ਮੇਰਾ ਨਾਮ ਲਿਆ ਹੈ। ਇਹ ਤਾਂ ਮਨੁੱਖ ਹੈ, ਮੇਰਾ ਨਾਮ ਤਾਂ ਜੇ ਕਿਸੇ ਜਾਨਵਰ, ਪਸ਼ੂ, ਪੰਛੀ ਨੇ ਵੀ ਲਿਆ ਹੈ ਤਾਂ ਮੈਂ ਉਸ ਦੀ ਵੀ ਰਾਖੀ ਕੀਤੀ ਹੈ।

***ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥***
***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਛੂਟਾ॥***
***ਪੰਨਾ - 632***

ਹਾਥੀ ਤੰਦੂਏ ਨੇ ਫੜ ਲਿਆ ਤੇ ਡੁਬਣ ਲੱਗੇ ਨੇ ਰਾਮ ਕਹਿ ਦਿਤਾ ਤੇ ਉਸ ਵੇਲੇ ਪ੍ਰਮੇਸ਼ਰ ਨੇ ਆ ਕੇ ਰੱਖਿਆ ਕੀਤੀ। ਇਸੇ ਤਰ੍ਹਾਂ ਅਜਾਮਲ ਦੀ ਸਹਾਇਤਾ ਕੀਤੀ। ਉਸ ਵੇਲੇ ਦੇਵਗਨ, ਹਰਿ ਜਨ ਬਿਬਾਨ ਲੈ ਕੇ ਆ ਗਏ ਤੇ ਜਮਦੂਤਾਂ ਨੂੰ ਕਹਿਣ ਲੱਗੇ, ਤੁਸੀਂ ਪਰ੍ਹੇ ਹਟ ਜਾਓ, ਇਹ ਅਸਾਡਾ ਹੈ, ਇਹ ਪ੍ਰਭੂ ਦਾ ਹੈ। ਜਮਦੂਤ ਕਹਿਣ ਲੱਗੇ ਇਹ ਤਾਂ ਮਹਾਂ ਪਾਪੀ ਹੈ ਕਿਉਂਕਿ ਧਰਮਰਾਜ ਨੇ ਸਾਨੂੰ ਭੇਜਿਆ ਹੈ, ਇਸ ਨੂੰ ਲੈ ਕੇ ਆਓ–

***ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਪੰਨਾ – 38***

ਵਾਹਿਗੁਰੂ ਵਲੋਂ ਧਰਮਰਾਜ ਨੂੰ ਹੁਕਮ ਹੈ ਕਿ ਜਿਹੜੇ ਨਾਸਤਕ ਤੇ ਮਨਮੁਖ ਹਨ, ਜਿਨ੍ਹਾਂ ਨੇ ਸੰਸਾਰ ਤੇ ਆ ਕੇ ਆਪ ਹੁਦਰੀਆਂ ਗੱਲਾਂ ਕੀਤੀਆਂ, ਝਗੜੇ ਝਾਟੇ ਖੜ੍ਹੇ ਕੀਤੇ ਹਨ, ਸੰਸਾਰ ਵਿਚ, ਦੇਸ਼ ਵਿਚ ਤੇ ਕੌਮਾਂ ਵਿਚ ਅਸ਼ਾਂਤੀ ਫੈਲਾਈ ਹੈ, ਮਨੁੱਖਤਾ ਨੂੰ ਵਾਹਿਗੁਰੂ ਨਾਲੋਂ ਤੋੜਿਆ ਹੈ, ਅਧਰਮ ਫੈਲਾਉਣ ਦੇ ਮਨਸੂਬੇ ਬਣਾਏ ਹਨ ਤੇ ਧਰਮ ਦੀ ਹਾਨੀ ਕੀਤੀ ਹੈ, ਨਿੰਦਿਆ, ਈਰਖਾ, ਬਖੀਲੀ ਵਿਚ ਜੀਵਨ ਗੁਜ਼ਾਰਿਆ ਹੈ ਅਤੇ ਸਾਰੀ ਉਮਰ ਕਿਸੇ ਗੁਰੂ ਪੀਰ ਦੀ ਗੱਲ ਨਹੀਂ ਮੰਨੀ ਤੇ ਨਾ ਹੀ ਗੁਰੂ ਤੇ ਵਿਸ਼ਵਾਸ਼, ਸ਼ਰਧਾ ਭਰੋਸਾ ਕੀਤਾ ਹੈ ਤੇ ਨਿਗੁਰੇਪਨ ਦਾ ਜੀਵਨ ਬਤੀਤ ਕੀਤਾ ਹੈ। ਐਸੇ ਬੰਦਿਆਂ ਵਾਸਤੇ ਧਰਮਰਾਜ ਨੂੰ ਹੁਕਮ ਹੈ ਕਿ ਇਹ ਤੁਹਾਡੀ ਪਰਜਾ ਹੈ ਤੇ ਤੁਸੀਂ ਇਨ੍ਹਾਂ ਨੂੰ ਕੀਤੇ ਕਰਮਾਂ ਦੀ ਸਜ਼ਾ ਦੇਵੋ ਕਿਉਂਕਿ ਇਨ੍ਹਾਂ ਨੇ ਦੂਜੇ ਭਾਵ ਵਿਚ, ਵਾਹਿਗੁਰੂ ਤੋਂ ਬੇਮੁਖ ਹੋ ਕੇ ਜੀਵਨ ਬਤੀਤ ਕੀਤਾ ਹੈ। ਜਦੋਂ ਦੇਵ ਦੂਤਾਂ ਨੇ ਜਵਾਬ ਦਿਤਾ ਕਿ ਇਸ ਦੇ ਗੁਰੂ ਨੇ ਬਚਨ ਕੀਤਾ ਸੀ ਤੇ ਇਸ ਦੇ ਪੁੱਤਰ ਦਾ ਨਾਮ ਆਪਣੇ ਮੁਖਾਰਬਿੰਦ ਤੋਂ ਰੱਖਿਆ ਸੀ ਤੇ ਇਹ ਗੁਰੂ ਵਾਲਾ ਸੀ ਭਾਵੇਂ ਇਸ ਨੇ ਗੁਰੂ ਤੋਂ ਬੇਮੁਖ ਹੋ ਕੇ ਪਾਪ ਕੀਤੇ ਸਨ ਪਰ ਅੰਤ ਸਮੇਂ ਇਸ ਦੀ ਸੁਰਤ ਨਾਮ ਵਿਚ ਚਲੀ ਗਈ ਤੇ ਇਹ ਗੁਰੂ ਦਾ ਹੁਕਮ ਹੈ ਤੇ ਵਾਹਿਗੁਰੂ ਦਾ ਵਿਧਾਨ ਹੈ ਕਿ ਕਲਜੁੱਗ ਵਿਚ ਅੰਤ ਸਮੇਂ ਜੇ ਕੋਈ ਇਕ ਵਾਰੀ, ਇਕ ਛਿਨ ਵਾਸਤੇ ਵੀ ਪ੍ਰਭੂ ਦਾ ਨਾਮ ਲਵੇਗਾ ਉਸ ਦਾ ਵੀ ਉਧਾਰ ਹੋ ਜਾਵੇਗਾ, ਇਸ ਲਈ ਪ੍ਰਭੂ ਦੀ ਆਗਿਆ ਅਨੁਸਾਰ ਅਸੀਂ ਆਏ ਹਾਂ। ਤਾਂ ਜਮਦੂਤ ਪਿਛੇ ਹਟ ਗਏ ਤੇ ਦੇਵਗਣਾਂ ਨੇ ਅਜਾਮਲ ਦੇ ਸੂਖਸ਼ਮ ਸਰੀਰ ਨੂੰ ਬਿਬਾਨਾਂ ਤੇ ਬਿਠਾਇਆ ਤੇ ਬੈਕੁੰਠ ਵਿਚ ਲੈ ਗਏ।

***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।***
***ਭਾਈ ਗੁਰਦਾਸ ਜੀ, ਵਾਰ 10/20***

***ਧਾਰਨਾ – ਗਿਆ ਸੁਰਗਾਂ ਨੂੰ ਅਜਾਮਲ ਪਾਪੀ,***
***ਦੁਖਾਂ ਵਾਲਾ ਡੇਰਾ ਢਹਿ ਗਿਆ – 2***
***ਮੇਰੇ ਪਿਆਰੇ, ਦੁਖਾਂ ਵਾਲਾ ਡੇਰਾ ਢਹਿ ਗਿਆ – 2***
***ਗਿਆ ਸੁਰਗਾਂ ਨੂੰ ਅਜਾਮਲ ਪਾਪੀ,.........।***

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ – 902***

ਮਹਾਰਾਜ ਬਾਬਾ ਸਾਹਿਬ ਸਿੰਘ ਜੀ ਬੇਦੀ ਭਾਈ ਚੰਦਾ ਸਿੰਘ ਨੂੰ ਦਸ ਰਹੇ ਹਨ ਕਿ ਦੇਖ ਪ੍ਰਭੂ ਦੇ ਨਾਮ ਵਿਚ ਕਿੰਨੀ ਸ਼ਕਤੀ ਹੈ ਕਿ ਅਜਾਮਲ ਨੂੰ ਅੰਤ ਵੇਲੇ ਰਾਮ ਦੇ ਨਾਮ ਦੀ ਸੁਧ ਆ ਗਈ ਤੇ ਉਸ ਦੀ ਸੁਰਤ ਪ੍ਰਭੂ ਵਿਚ ਲੀਨ ਹੋ ਗਈ ਕਿ ਇਥੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ ਅਤੇ ਉਸ ਅਨੰਤ, ਅਪਾਰ ਅਗੰਮ ਸ਼ਕਤੀ ਨੇ ਉਸ ਦੇ ਸਾਰੇ ਪਾਪਾਂ ਦਾ ਨਾਸ਼ ਕਰ ਦਿਤਾ ਕਿਉਂਕਿ ਨਾਮ ਦੇ ਪਿਛੇ ਨਾਮੀ ਦੀ ਸ਼ਕਤੀ ਹੁੰਦੀ ਹੈ। ਸੋ ਜੇ ਇਸ ਤਰ੍ਹਾਂ ਅਜਾਮਲ ਦਾ ਉਧਾਰ ਹੋ ਸਕਦਾ ਹੈ ਤਾਂ ਸਾਨੂੰ ਵੀ ਘਬਰਾਉਣਾ ਨਹੀਂ ਚਾਹੀਦਾ ਹੈ ਤੇ ਗੁਰੂ ਦੀ ਸ਼ਰਨ ਲੈ ਕੇ ਗੁਰੂ ਦੀ ਗੋਦ ਵਿਚ ਸਮਾਉਣਾ ਚਾਹੀਦਾ ਹੈ ਕਿਉਂਕਿ ਵਾਹਿਗੁਰੂ ਦਿਆਲੂ ਤੇ ਕ੍ਰਿਪਾਲੂ ਹੈ ਉਹ ਕਿਸੇ ਦੇ ਔਗੁਣ ਨਹੀਂ ਚਿਤਾਰਦਾ –

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ – 275***

ਸੋ ਸਾਧਸੰਗਤ ਜੀ! ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਅਸੀਂ ਇਥੇ ਸਮਾਪਤੀ ਕਰਦੇ ਹਾਂ। ਹੁਣ ਪਹਿਲਾਂ ਅਨੰਦ ਸਾਹਿਬ ਤੇ ਫੇਰ ਗੁਰੂ ਸਤੋਤਰ ਵਿਚ ਸਾਰੇ ਗੁਰੂਆਂ ਦਾ ਨਾਮ ਲੈ ਕੇ ਆਪਣੀ ਰਸਨਾ ਪਵਿੱਤਰ ਕਰੋ। ਜਿਹੜੇ ਹੁਣ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

***ਅਨੰਦ ਸਾਹਿਬ***

***ਗੁਰ ਸਤੋਤਰ***

***ਅਰਦਾਸ***

**L L L L L L L**

---

(ਪੰਨਾ 43 ਦੀ ਬਾਕੀ)

ਨਿਰਭਰ ਨਹੀਂ, ਉਹ ਸੰਸਾਰ ਦਾ ਸਭ ਕੁਝ ਛੱਡ ਕੇ ਸ਼ਾਂਤ ਚਲੇ ਜਾਂਦੇ ਹਨ।

ਭਾਰਤ ਵਿਚ ਇਹ ਪਰੰਪਰਾ ਹੈ ਕਿ ਜਦੋਂ ਕੋਈ ਜਾਣ ਲਗਦਾ ਹੈ ਉਸ ਨੂੰ ਇਹ ਹੀ ਕਿਹਾ ਜਾਂਦਾ ਹੈ, ਹੁਣ ਸਮਾਂ ਆ ਗਿਆ, ਸੌਖੇ ਜਾਓ, ਹੁਣ ਤੁਸੀਂ ਇਸ ਧਰਤੀ ਦੇ ਨਹੀਂ ਹੋ, ਇਥੇ ਆਪਣਾ ਧਿਆਨ ਨਾ ਲਗਾਓ।

ਮਰਨ ਦੇ ਸਮੇਂ ਗੀਤਾ ਦੇ ਦੂਸਰੇ ਅਧਿਆਇ ਦਾ ਪਾਠ ਕੀਤਾ ਜਾਂਦਾ ਹੈ, ਜਾਣ ਵਾਲੇ ਨੂੰ ਸੁਣਾਇਆ ਜਾਂਦਾ ਹੈ, ਇਹ ਯਾਦ ਕਰਾਇਆ ਜਾਂਦਾ ਹੈ ਕਿ ਨਿਰਭੈ ਹੋ ਜਾਓ, ਮੌਤ ਦਾ ਸਾਮ੍ਹਣਾ ਕਰਨ ਲਈ ਨਿਰਭੈ ਹੋ ਜਾਓ ਤੇ ਆਤਮਾ ਤੇ ਧਿਆਨ ਲਗਾਓ, ਉਸ ਤੇ ਚਿੰਤਨ ਕਰੋ, ਲਿਵ ਲਾਓ। ਦੂਸਰੇ ਅਧਿਆਇ ਦੇ ਆਰੰਭ ਵਿਚ ਅਰਜਨ ਮੌਤ ਤੋਂ ਡਰਦਾ ਹੈ, ਉਪਰਾਮ ਹੈ, ਦੁਖ ਵਿਚ ਹੈ। ਉਸ ਦੇ ਗੁਰੂ, ਕ੍ਰਿਸ਼ਨ ਜੀ, ਉਸ ਨੂੰ ਦਸਦੇ ਹਨ ਕਿ ਉਹ ਡਰੇ ਨਾ, ਨਿਰਭੈ ਰਹੇ, ਕਮਜ਼ੋਰੀਆਂ ਵਿਚ ਨਾ ਫਸੇ, ਅੱਗ ਦੇ ਗੋਲੇ ਦੀ ਤਰ੍ਹਾਂ ਉਠੇ, ਇਹ ਸਾਰੇ ਭਾਵ ਸੰਵੇਗ ਮੌਤ ਕਰਕੇ ਕਿਉਂ? ਕ੍ਰਿਸ਼ਨ ਜੀ ਕਹਿੰਦੇ ਹਨ, ਜੀਵਨ ਮ੍ਰਿਤੂ ਇਕੋ ਪਹੀਏ ਦੇ ਹਿੱਸੇ ਹਨ, ਕਦੀ ਇਕ ਉਪਰ ਕਦੀ ਦੂਸਰੇ ਉਪਰ, ਪਹੀਆ ਤਾਂ ਚਲਦਾ ਹੀ ਰਹਿਣਾ ਹੈ, ਬਦਲਦਾ ਹੀ ਰਹਿਣਾ ਹੈ।

**L L L L L L L**

# ਪ੍ਰਾਣ ਵਿਗਿਆਨ

***ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਸੁਆਸਾਂ ਪ੍ਰਤਿ ਸੁਚੇਤ ਹੋਣਾ

ਸੁਆਸਾਂ ਬਾਰੇ ਸਿਖਣਾ, ਜਾਨਣਾ, ਉਨ੍ਹਾਂ ਨੂੰ ਕੰਟਰੋਲ ਕਰਨਾ, ਉਨ੍ਹਾਂ ਦਾ ਵਿਕਾਸ ਕਰਨਾਂ, ਪ੍ਰਾਣਾਂ ਤੇ ਕੰਟਰੋਲ ਇਕ ਰਹੱਸ ਜਾਪਦਾ ਹੈ, ਵਾਸਤਵ ਵਿਚ ਇਹ ਇਸ ਤਰ੍ਹਾਂ ਹੈ ਨਹੀਂ। ਇਸ ਦੇ ਗੁਣ ਬਹੁਤ ਹੀ ਸਾਧਾਰਨ ਹਨ ਤੇ ਵਿਗਿਆਨ ਤੇ ਆਧਾਰਿਤ ਹਨ। ਸੁਆਸਾਂ ਨੂੰ ਜਾਨਣਾ, ਇਨ੍ਹਾਂ ਬਾਰੇ ਸਿਖਣਾ, ਇਸ ਲਈ ਬਹੁਤ ਸਮੇਂ ਦੀ ਲੋੜ ਹੈ ਪਰ ਇਸ ਲਈ ਸੁਚੇਤ ਹੋਣਾ, ਉਸ ਨੂੰ ਆਪਣਾ ਇਕ ਨਿਜੀ ਹਿੱਸਾ ਬਣਾਉਣਾ, ਉਸ ਲਈ ਮਹਿਸੂਸ ਕਰਨਾ, ਸੋਚਣਾ ਇਹ ਕਾਫੀ ਸੁਖਾਲਾ ਹੈ।

ਮਿਸਾਲ ਵਜੋਂ ਅਸੀਂ ਖੱਬੀ ਲੱਤ ਦੇ ਬਾਰੇ ਗੱਲ ਕਰ ਸਕਦੇ ਹਾਂ। ਆਮ ਤੌਰ ਤੇ ਅਸੀਂ ਕਦੀ ਨਹੀਂ ਸੋਚਦੇ, ਲਤ ਕਿਵੇਂ ਹੈ, ਮੈਂ ਕਿਸ ਤਰ੍ਹਾਂ ਰੱਖੀ ਹੈ, ਮੈਂ ਇਸ ਨੂੰ ਕਿਸ ਤਰ੍ਹਾਂ ਰੱਖਾਂ, ਮੈਨੂੰ ਕਿਸ ਤਰ੍ਹਾਂ ਰੱਖਣੀ ਚਾਹੀਦੀ ਹੈ, ਮੈਂ ਇਸ ਨੂੰ ਇਸ ਤਰ੍ਹਾਂ ਰੱਖਦਾ ਹਾਂ। ਜਦੋਂ ਮੈਂ ਉਠਾਂਗਾ ਮੈਂ ਇਸ ਨੂੰ ਇਸ ਤਰ੍ਹਾਂ ਚੁਕਾਂਗਾ, ਜਦੋਂ ਮੈਂ ਕੰਮ ਕਰਨ ਜਾਂਦਾ ਹਾਂ ਮੈਂ ਰੁਕ ਕੇ ਕੰਮ ਬਾਰੇ ਸੋਚਦਾ ਨਹੀਂ, ਮੈਂ ਇਹ ਵੀ ਨਹੀਂ ਸੋਚਦਾ, ਮੈਂ ਕਿਹੜੀ ਲੱਤ ਅੱਗੇ ਕਰਦਾ ਹਾਂ, ਖੱਬਾ ਪੈਰ ਕਿ ਸੱਜਾ ਪੈਰ, ਪਰ ਇਹ ਸਭ ਕੁਝ ਹੁੰਦਾ ਤਾਂ ਹੈ ਜੇ ਮੈਂ ਤੁਰਦਾ ਹਾਂ, ਖੱਬਾ ਜਾਂ ਸੱਜਾ ਪੈਰ ਪਹਿਲਾਂ ਅੱਗੇ ਰੱਖਦਾ ਹਾਂ। ਜਦੋਂ ਤੁਸੀਂ ਪੁਛਦੇ ਹੋ ਮੇਰੀ ਖੱਬੀ ਲੱਤ ਕਿਥੇ ਹੈ, ਮੈਂ ਝੱਟ ਅੱਗੇ ਕਰ ਦਿੰਦਾ ਹਾਂ। ਮੈਨੂੰ ਪਤਾ ਹੈ ਮੇਰੀ ਲੱਤ ਕਿਥੇ ਹੈ ਪਰ ਮੈਂ ਹਰ ਸਮੇਂ ਇਸ ਬਾਰੇ ਸੋਝੀ ਨਹੀਂ ਰਖਦਾ, ਇਸ ਪ੍ਰਤਿ ਸੁਚੇਤ ਨਹੀਂ ਹਾਂ, ਇਹ ਇਕ ਬਹੁਤ ਅਚੰਭਾ ਲਗਦਾ ਹੈ ਤੁਹਾਡੀ ਲੱਤ ਤੁਹਾਡੀ ਹੈ ਤੁਸੀਂ ਹਰ ਸਮੇਂ ਵਰਤਦੇ ਹੋ ਇਸ ਤੋਂ ਕੰਮ ਲੈਂਦੇ ਹੋ ਪਰ ਤੁਸੀਂ ਹਰ ਸਮੇਂ ਉਸ ਬਾਰੇ ਸੁਚੇਤ ਨਹੀਂ ਹੋ।

ਇਹ ਕਿਵੇਂ ਹੋ ਸਕਦਾ ਹੈ? ਇਹ ਇਸ ਕਰਕੇ ਹੈ ਕਿ ਸਾਲਾਂਬੱਧੀ ਅਸੀਂ ਲੱਤਾਂ ਦੀ ਵਰਤੋਂ ਕਰਦੇ ਰਹੇ ਹਾਂ। ਜੇ ਅਸੀਂ ਯਾਦ ਕਰਨ ਦੀ ਕੋਸ਼ਿਸ਼ ਕਰੀਏ ਇਹ ਐਨਾ ਸੌਖਾ ਨਹੀਂ, ਸਾਨੂੰ ਇਹ ਸਿੱਖਣ ਲਈ ਕਿੰਨੇ ਸਾਲ ਲੱਗੇ, ਕਿਵੇਂ ਹੌਲੀ-ਹੌਲੀ ਖੜ੍ਹੇ ਹੋਣਾ ਸ਼ੁਰੂ ਕੀਤਾ, ਪੈਰ ਮੂੰਹ ਵਿਚ ਵੀ ਪਾਏ, ਹੌਲੀ ਹੌਲੀ ਤੁਰਨਾ ਸ਼ੁਰੂ ਕੀਤਾ, ਪਹਿਲੇ ਪਹਿਲ ਧਿਆਨ ਨਾਲ ਹੌਲੀ ਹੌਲੀ ਕਦਮ ਚੁੱਕੇ, ਫੇਰ ਇਕ ਸਮਾਂ ਆਇਆ ਅਸੀਂ ਤੁਰਨ ਫਿਰਨ ਲਗ ਗਏ ਤੇ ਲੱਤਾਂ ਬਾਰੇ ਬਿਲਕੁਲ ਹੀ ਸੋਝੀ ਨਹੀਂ। ਜਦੋਂ ਤਕ ਕੁਝ ਹੋ ਨਾ ਜਾਵੇ, ਸੱਟ ਨਾ ਲਗ ਜਾਵੇ, ਕੋਈ ਦਰਦ ਦੁਖ ਨਾ ਹੋਵੇ, ਜੇ ਸੱਟ ਲਗ ਜਾਵੇ ਅਸੀਂ ਸੁਚੇਤ ਹੋ ਜਾਂਦੇ ਹਾਂ, ਫੇਰ ਜਦੋਂ ਠੀਕ ਹੋ ਜਾਂਦੇ ਹਾਂ ਬਹੁਤ ਚੰਗਾ ਲਗਦਾ ਹੈ, ਅਸੀਂ ਇਕ ਵਾਰੀ ਫੇਰ ਤੁਰਨ ਲਗ ਪੈਂਦੇ ਹਾਂ।

ਸੁਝਾਓ ਇਹ ਹੈ ਕਿ ਚੰਗਾ ਹੋਵੇ ਜੇ ਅਸੀਂ ਸੁਆਸਾਂ ਨੂੰ ਵੀ ਇਸ ਤਰ੍ਹਾਂ ਹੀ ਦੇਖੀਏ, ਸੁਆਸਾਂ ਬਾਰੇ ਵੀ ਸਤਰਕ ਰਹੀਏ। ਪ੍ਰਾਣਾਯਾਮ ਦੇ ਇਕ ਉਘੇ ਗਿਆਤਾ ਦਸਦੇ ਹਨ ਉਹ ਹਰੇਕ ਸੁਆਸ ਦੇ ਬਾਰੇ ਸੁਚੇਤ ਹੁੰਦੇ ਹਨ।

ਸਭ ਤੋਂ ਵੱਧ ਨਿਰਣਾਇਕ ਗੱਲ ਇਹ ਹੈ ਕਿ ਸੁਆਸ ਹੀ ਇਕ ਇਹੋ ਜਿਹੀ ਸਰੀਰਕ ਵਿਧੀ ਹੈ ਜਿਹੜੀ ਸਵੈ ਇੱਛਾ ਨਾਲ ਵੀ ਚਲ ਸਕਦੀ ਹੈ ਤੇ ਸਵੈ ਚਾਲਕ ਭਾਵ ਸੁਆਸ ਆਪਣੇ ਆਪ ਵੀ ਚਲ ਸਕਦੀ ਹੈ। ਤੁਸੀਂ ਸੁਆਸ ਲੈ ਸਕਦੇ ਹੋ, ਸੁਆਸਾਂ ਨਾਲ ਜੋ ਇੱਛਾ ਹੋਵੇ ਉਸ ਅਨੁਸਾਰ ਕਰ ਸਕਦੇ ਹੋ ਜਾਂ ਤੁਸੀਂ ਬਿਲਕੁਲ ਹੀ ਸੁਆਸਾਂ ਪ੍ਰਤੀ ਲਾ ਪ੍ਰਵਾਹ ਹੋ ਜਾਂਦੇ ਹੋ, ਤੁਸੀਂ ਮਹਿਸੂਸ ਕਰਦੇ ਹੋ ਸੁਆਸ ਆਪਣੇ ਆਪ ਹੀ ਚਲ ਰਹੇ ਹਨ, ਸਰੀਰ ਬਿਨਾਂ ਸੁਆਸ ਲਿਆ ਤਾਂ ਚਲ ਹੀ ਨਹੀਂ ਸਕਦਾ, ਜੇ ਸੁਚੇਤ ਹੋ ਕੇ ਸੁਆਸ ਨਹੀਂ ਲਓਗੇ ਤਾਂ ਅਚੇਤ ਉਸ ਨੂੰ ਕੰਟਰੋਲ ਕਰੇਗਾ ਹੀ, ਦਿਮਾਗ ਦਾ ਹੇਠਲਾ ਭਾਗ ਕੁਝ ਐਸਾ ਹੈ ਜਿਸ ਨਾਲ ਸੁਆਸ ਨਿਯਮਬਧ ਹੁੰਦੇ ਹਨ, ਜੇ ਤੁਸੀਂ ਸੁਆਸਾਂ ਬਾਰੇ ਅਚੇਤ ਹੋ ਤਾਂ ਵੀ ਸੁਆਸ ਤਾਂ ਆਉਣਗੇ ਹੀ, ਇਸ ਤਰ੍ਹਾਂ ਕਰਨ ਨਾਲ ਸੁਆਸਾਂ ਨੂੰ ਦਿਮਾਗ ਦਾ ਹਿੱਸਾ ਕੰਟਰੋਲ ਕਰਨ ਲਗ ਪੈਂਦਾ ਹੈ, ਅਚੇਤ ਮਨ ਕੰਟਰੋਲ ਕਰਨ ਲਗ ਪੈਂਦਾ ਹੈ ਜਿਥੇ ਭਾਵ ਹਨ, ਸੋਚਾਂ ਹਨ ਸੰਵੇਗ ਹਨ, ਜਿਨ੍ਹਾਂ ਬਾਰੇ ਅਸੀਂ ਸੁਚੇਤ ਨਹੀਂ ਹਾਂ। ਇਸ ਤਰ੍ਹਾਂ ਉਨ੍ਹਾਂ ਨੂੰ ਇਕ ਤਾਕਤ ਮਿਲ ਜਾਂਦੀ ਹੈ, ਉਹ ਸੁਆਸਾਂ ਦੀ ਗਤੀ ਭੰਗ ਕਰ ਦਿੰਦੇ ਹਨ ਤੇ ਸੁਆਸ ਮੂਲ ਰੂਪ ਵਿਚ ਉਖੜ ਜਾਂਦਾ ਹੈ ਤੇ ਗਤੀ ਵਿਗੜ ਜਾਂਦੀ ਹੈ, ਇਸ ਕਰਕੇ ਸੁਚੇਤ ਰੂਪ ਵਿਚ ਕੰਟੋਰਲ ਰਖਣਾ ਜ਼ਰੂਰੀ ਹੈ। ਇਹੋ ਹੀ ਗੱਲ ਖੱਬੀ ਲੱਤ ਲਈ ਵੀ ਸੱਚ ਕਹੀ ਜਾ ਸਕਦੀ ਹੈ। ਕਈ ਮਨੁੱਖ ਤੁਰਦੇ ਫਿਰਦੇ ਆਪਣੀਆਂ ਲੱਤਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ, ਜਿਸ ਕਰਕੇ ਬਹੁਤ ਵਾਰੀ ਪੈਰਾਂ ਵਿਚ ਕਈ ਤਰ੍ਹਾਂ ਦੀ ਤਕਲੀਫ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਦੀ ਪੂਰੀ ਦੇਖਭਾਲ ਹੀ ਨਹੀਂ ਕੀਤੀ ਜਾਂਦੀ ਹੈ, ਉਨ੍ਹਾਂ ਦੀ ਦੇਖ ਭਾਲ ਕਰਨ ਦੀ ਥਾਂ ਇਹ ਕਹਿਣਾ - ਬੜਾ ਤੁਰਨਾ ਪੈਂਦਾ ਹੈ, ਬਹੁਤ ਮਿਹਨਤ ਕਰਨੀ ਪੈਂਦੀ ਹੈ, ਪਰ ਫੇਰ ਵੀ ਕੁਝ ਨਹੀਂ ਕੀਤਾ ਜਾਂਦਾ, ਉਸ ਤਰ੍ਹਾਂ ਤੁਸੀਂ ਤੁਰੇ ਫਿਰਦੇ ਹੋ, ਪੈਰ ਵਿਚ ਮੋਚ ਆ ਜਾਂਦੀ ਹੈ ਪਰ ਜੇ ਤੁਸੀਂ ਕਿਸੇ ਕੋਲ ਜਾਓਗੇ, ਦਿਖਾਓਗੇ, ਕੋਈ ਪੈਰ ਦੀ ਵਰਜਿਸ਼ ਕਰੋਗੇ, ਉਸ ਬਾਰੇ ਸੁਚੇਤ ਹੋਵੋਗੇ, ਹੌਲੀ ਹੌਲੀ ਪੈਰ ਠੀਕ ਹੋ ਜਾਏਗਾ ਤੇ ਪੂਰੀ ਤਰ੍ਹਾਂ ਕੰਮ ਕਰਨ ਲਗ ਪਵੇਗਾ।

ਇਸ ਤਰ੍ਹਾਂ ਹੀ ਸੁਆਸਾਂ ਨਾਲ ਹੁੰਦਾ ਹੈ ਜਾਂ ਤਾਂ ਇਸ ਨੂੰ ਆਪ ਮੁਹਾਰੇ ਹੀ ਬੇਤਰਤੀਬੀ ਨਾਲ ਚੱਲਣ ਦਿਤਾ ਜਾ ਸਕਦਾ ਹੈ ਜਿਸ ਨਾਲ ਸਰੀਰ ਅਤੇ ਮਨ ਵਿਚ ਕਈ ਪ੍ਰਕਾਰ ਦੇ ਵਿਕਾਰ ਪੈਦਾ ਹੋ ਜਾਣਗੇ, ਕਿਉਂਕਿ ਦੋਨਾਂ ਉਤੇ ਹੀ ਇਸ ਦਾ ਗਹਿਰਾ ਪ੍ਰਭਾਵ ਪੈਂਦਾ ਹੈ ਜਾਂ ਦੂਸਰੇ ਪਾਸੇ ਇਹ ਤੁਹਾਡੀ ਚੇਤਨਾ ਦਾ ਪਾਤਰ ਬਣ ਕੇ ਬੜੀ ਗਤੀ ਨਾਲ ਸਭ ਕੁਝ ਪੂਰਨ ਸਮਵਰਗ ਸਥਾਪਨ ਕਰਕੇ ਚੇਤਨਤਾ ਪੈਦਾ ਕਰਦੇ ਹਨ। ਜਦੋਂ ਇਕ ਵਾਰੀ ਸੁਆਸ ਤੁਹਾਡੀ ਚੇਤਨਤਾ ਦਾ ਹਿੱਸਾ ਬਣ ਜਾਂਦੇ ਹਨ ਤਾਂ ਮਹਿਸੂਸ ਹੁੰਦਾ ਹੈ, ਜਦੋਂ ਤੁਸੀਂ ਸੁਆਸਾਂ ਪ੍ਰਤੀ ਚੇਤਨ ਨਹੀਂ ਸੀ ਉਦੋਂ ਕਿਸ ਤਰ੍ਹਾਂ ਸਭ ਕੁਝ ਚਲਦਾ ਸੀ।

ਇਸ ਤਰ੍ਹਾਂ ਹੀ ਉਸ ਮਨੁੱਖ ਨਾਲ ਹੁੰਦਾ ਹੈ ਜਿਸ ਦੇ ਪੈਰ ਵਿਚ ਜਾਂ ਲੱਤ ਵਿਚ ਸੱਟ ਲਗਣ ਨਾਲ ਕੁਝ ਦੇਰ ਲਈ ਉਹ

ਤੁਰ ਨਹੀਂ ਸਕਿਆ ਸੀ, ਉਸ ਸਮੇਂ ਜਦੋਂ ਲੱਤ ਕੰਮ ਨਹੀਂ ਕਰਦੀ ਉਹ ਉਸ ਦੇ ਕੰਮ ਕਰਨ ਪ੍ਰਤੀ ਚੇਤਨ ਹੀ ਨਹੀਂ ਸੀ ਉਹ ਤਾਂ ਉਪਰ ਵਾਲੇ ਸਰੀਰ ਪ੍ਰਤੀ ਹੀ ਚੇਤਨ ਸੀ, ਇਸ ਤਰ੍ਹਾਂ ਲਗਦਾ ਸੀ ਜਿਵੇਂ ਧੜ ਤੋਂ ਥੱਲੇ ਕੇਵਲ ਉਹ ਇਕ ਮਾਸ ਨੂੰ ਹੀ ਘਸੀਟ ਰਿਹਾ ਹੈ, ਹੁਣ ਜਦੋਂ ਉਸਦਾ ਹੇਠਲਾ ਭਾਗ ਲੱਤਾਂ ਤੇ ਧੜ ਠੀਕ ਹੋ ਜਾਂਦਾ ਹੈ ਉਸ ਨੂੰ ਮੁੱਢ ਤੋਂ ਤੁਰਨਾ ਸਿਖਣਾ ਪੈਂਦਾ ਹੈ, ਬਹੁਤ ਅਭਿਆਸ ਕਰਨਾ ਪੈਂਦਾ ਹੈ, ਲੱਤਾਂ ਦੀ ਵਰਤੋਂ ਮੁੱਢ ਤੋਂ ਸਿਖਣੀ ਪੈਂਦੀ ਹੈ, ਮੁਢ ਤੋਂ ਹੇਠਲੇ ਸਰੀਰ ਦੀ ਵਰਤੋਂ ਪ੍ਰਤੀ ਸੁਚੇਤ ਹੋਣਾ ਪੈਦਾ ਹੈ, ਇਸ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ ਕਿਉਂਕਿ ਮਾਨਸਿਕ ਤੌਰ ਤੇ ਥੱਲੇ ਵਾਲਾ ਹਿੱਸਾ ਲੱਤਾਂ ਨੂੰ ਉਹ ਬੜੀ ਦੇਰ ਤੋਂ ਅਣਗੋਲਿਆ ਹੀ ਰਖਦਾ ਰਿਹਾ ਹੈ ਉਸ ਦੇ ਮਨ ਵਿਚੋਂ ਲੱਤਾਂ ਨਿਕਲ ਹੀ ਚੁੱਕੀਆਂ ਹਨ ਉਹ ਤਾਂ ਸਾਰਾ ਜ਼ੋਰ ਉਨ੍ਹਾਂ ਤੋਂ ਬਿਨਾਂ ਕੰਮ ਕਰਨ ਤੇ ਲਗਾਂਦਾ ਰਿਹਾ ਹੈ।

ਇਹ ਹੀ ਸਮੱਸਿਆ ਹੈ ਜਦੋਂ ਅਸੀਂ ਸੁਆਸਾਂ ਬਾਰੇ ਜਾਣੂੰ ਹੁੰਦੇ ਹਾਂ, ਸਾਨੂੰ ਆਪਣੀ ਚੇਤਨਾ ਵਿਚ ਉਹ ਸਭ ਕੁਝ ਲਿਆਉਣਾ ਪੈਂਦਾ ਹੈ ਜਿਸ ਬਾਰੇ ਅਸੀਂ ਕਦੀ ਵਿਚਾਰਿਆ ਹੀ ਨਹੀਂ, ਅਸੀਂ ਤਾਂ ਇਸ ਤਰ੍ਹਾਂ ਕਰਦੇ ਰਹੇ ਹਾਂ ਜਿਵੇਂ ਕਿ ਇਹ ਕਦੀ ਸੀ ਹੀ ਨਹੀਂ। ਹੌਲੀ ਹੌਲੀ ਸਾਨੂੰ ਸੁਆਸਾਂ ਨੂੰ ਚੇਤਨਤਾ ਵਿਚ ਵਸਾਉਣਾ ਪੈਂਦਾ ਹੈ ਜਿੰਨਾ ਵਧੇਰੇ ਅਸੀਂ ਇਨ੍ਹਾਂ ਨੂੰ ਚੇਤਨਤਾ ਵਿਚ ਲਿਆਵਾਂਗੇ ਉਨਾਂ ਹੀ ਵਧੇਰੇ ਉਹ ਸਾਡਾ ਹਿੱਸਾ ਬਣ ਜਾਣਗੇ।

ਉਸ ਵਕਤ ਅਸੀਂ ਪ੍ਰਾਣਾਯਾਮ ਬਾਰੇ ਸਿੱਖਣ ਅਤੇ ਸਮਝਣ ਲਗ ਪੈਂਦੇ ਹਾਂ ਜਦੋਂ ਇਹ ਦੱਸਿਆ ਜਾਂਦਾ ਹੈ ਕਿ ਕਦੋਂ ਤੁਸੀਂ ਸੱਜੀ ਨਾਸਿਕਾ ਤੋਂ ਸੁਆਸ ਲਵੋ ਤੇ ਕਦੋਂ ਖੱਬੀ ਨਾਸਕਾ ਤੋਂ। ਹਰ ਸਮੇਂ ਚੇਤਨ ਰਹਿਣ ਨਾਲ ਤੇ ਅਨੁਭਵ ਕਰਨ ਨਾਲ ਸਾਨੂੰ ਇਹ ਪਤਾ ਲਗ ਜਾਂਦਾ ਹੈ ਕਿ ਜਦੋਂ ਅਸੀਂ ਸੱਜੀ ਨਾਸਿਕਾ ਤੋਂ ਸ੍ਵਾਸ ਲੈਂਦੇ ਹਾਂ ਤਾਂ ਕੀ ਪ੍ਰਭਾਵ ਪੈਂਦਾ ਹੈ, ਜਦੋਂ ਖੱਬੀ ਨਾਸਿਕਾ ਤੋਂ ਸ੍ਵਾਸ ਲੈਂਦੇ ਹਾਂ ਤਾਂ ਕੀ ਪ੍ਰਭਾਵ ਪੈਂਦਾ ਹੈ? ਜਦੋਂ ਸੁਆਸ ਇਕ ਨਾਸਿਕਾ ਤੋਂ ਆਉਂਦਾ ਹੈ ਤਾਂ ਮਨ ਅਤੇ ਸਰੀਰ ਵਿਚ ਇਕੋ ਹੀ ਭਾਵਨਾ ਹੁੰਦੀ ਹੈ। ਜਦੋਂ ਸ੍ਵਾਸ ਇਕ ਨਾਸਿਕਾ ਤੋਂ ਦੂਸਰੀ, ਦੂਸਰੀ ਤੋਂ ਪਹਿਲੀ ਵਿਚ ਬਦਲਦਾ ਰਹਿੰਦਾ ਹੈ ਤਾਂ ਭਾਵਨਾ ਵਿਚ ਵੀ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਜੇ ਅੱਜ ਦੁਪਹਿਰ ਦਾ ਪ੍ਰਸ਼ਾਦਾ ਛਕਦੇ ਸਮੇਂ ਤੁਹਾਡੀ ਖੱਬੀ ਨਾਸਿਕਾ ਖੁਲ੍ਹੀ ਸੀ ਤਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਪ੍ਰਸ਼ਾਦਾ ਚੰਗੀ ਤਰ੍ਹਾਂ ਹਜ਼ਮ ਨਹੀਂ ਹੋਇਆ, ਜੇ ਤੁਸੀਂ ਸੁਆਸਾਂ ਪ੍ਰਤੀ ਸਦਾ ਸਤਰਕ ਰਹੋਗੇ ਤਾਂ ਤੁਹਾਨੂੰ ਇਹੋ ਜਿਹੇ ਅਨੁਭਵ ਹੋਣਗੇ ਹੀ। ਅੱਜ ਮੇਰਾ ਪੇਟ ਠੀਕ ਲਗ ਰਿਹਾ ਹੈ, ਮੈਨੂੰ ਪਤਾ ਹੈ ਕਿਉਂ? ਜੇ ਨਹੀਂ ਠੀਕ ਲਗ ਰਿਹਾ ਤਾਂ ਕਿਉਂ? ਛੇਤੀ ਹੀ ਤੁਸੀਂ ਇਹ ਜਾਣ ਜਾਂਦੇ ਹੋ। ਸਾਸ਼ਤਰਾਂ ਵਿਚ ਇਹ ਲਿਖਿਆ ਹੋਇਆ ਹੈ ਕਿ ਤੁਹਾਨੂੰ ਉਦੋਂ ਹੀ ਪ੍ਰਸ਼ਾਦਾ ਛਕਣਾ ਚਾਹੀਦਾ ਹੈ ਜਦੋਂ ਤੁਹਾਡੀ ਸੱਜੀ ਨਾਸਿਕਾ ਖੁਲ੍ਹੀ ਹੋਵੇ। ਜੇ ਸਾਡੇ ਸੰਵੇਗ, ਸਾਡੀਆਂ ਭਾਵਨਾਵਾਂ, ਸਾਡੇ ਸੁਆਸਾਂ ਨਾਲ ਐਨੀਆਂ ਡੂੰਘੀਆਂ ਜੁੜੀਆਂ ਹੋਈਆਂ ਹਨ ਤਾਂ ਇਹ ਜ਼ਰੂਰੀ ਹੈ ਕਿ ਸੁਆਸਾਂ ਦੀ ਗਤੀ ਬਦਲਣ ਨਾਲ ਭਾਵਨਾਵਾਂ ਤੇ ਸੰਵੇਗਾਂ ਵਿਚ ਬਦਲਾਵ ਆਉਂਦਾ ਹੀ ਹੈ, ਅਵੱਸ਼ ਆਏਗਾ। ਇਹ ਕੋਈ ਉਪਕਲਪਨਾ ਨਹੀਂ ਹੈ। ਇਹ ਅਸੀਂ ਦੇਖ ਸਕਦੇ ਹਾਂ, ਕੋਸ਼ਿਸ਼ ਕਰ ਸਕਦੇ ਹਾਂ। ਅਸੀਂ ਪ੍ਰਯੋਗ ਕਰਕੇ ਦੇਖ ਸਕਦੇ ਹਾਂ, ਇਸ ਤਰ੍ਹਾਂ ਕਰਨ ਨਾਲ ਸੁਆਸਾਂ ਦਾ ਵਿਗਿਆਨ ਕੇਵਲ ਇਕ ਸਿਧਾਂਤ ਹੀ ਨਹੀਂ ਰਹਿ ਜਾਂਦਾ, ਇਹ ਕੇਵਲ ਕਿਤਾਬੀ ਰੂਪ ਵਿਚ ਹੀ ਨਹੀਂ ਰਹਿ ਜਾਂਦਾ, ਇਹ ਪੂਰਨ ਚੇਤਨਤਾ ਦਾ ਅਨੁਭਵ ਬਣ ਜਾਂਦਾ ਹੈ, ਚੇਤਨਤਾ ਦਾ ਇਕ ਹੋਰ ਵਿਸ਼ਾ ਇਕ ਹੋਰ ਹੋਂਦ ਬਣ ਜਾਂਦਾ ਹੈ।

ਪਰ ਇਹ ਦਸ ਦੇਣਾ ਜ਼ਰੂਰੀ ਹੈ ਕਿ ਇਹ ਸੁਆਸਾਂ ਦੀ ਚੇਤਨਾ ਇਕ ਯਥਾਰਥ ਦੇ ਰੂਪ ਵਿਚ ਇਕ ਹੋਂਦ ਦੇ ਰੂਪ ਵਿਚ ਬਹੁਤ ਸਮੇਂ ਬਾਅਦ ਆਉਂਦੀ ਹੈ। ਇਸ ਨੂੰ ਪ੍ਰਗਟ ਹੋਣ ਵਾਸਤੇ ਬਹੁਤ ਸਮਾਂ ਲਗ ਜਾਂਦਾ ਹੈ, ਇਸ ਨੂੰ ਆਧਾਰ ਬਣਾਉਣ ਲਈ ਪਹਿਲਾਂ ਸੁਆਸਾਂ ਨੂੰ ਸਮਝਣਾ ਪੈਂਦਾ ਹੈ, ਸੁਆਸਾਂ ਪ੍ਰਤੀ ਸੁਚੇਤ ਹੋਣਾ ਪੈਂਦਾ ਹੈ, ਸਤ੍ਰਕ ਰਹਿਣਾ ਪੈਂਦਾ ਹੈ, ਸੁਆਸਾਂ ਦੀ ਵਿਆਮ, ਪ੍ਰਾਣਾਯਾਮ ਕਰਨਾ ਪੈਂਦਾ ਹੈ, ਫਲਸਰੂਪ ਤੁਸੀਂ ਸੰਪੂਰਨ ਰੂਪ ਵਿਚ ਸੁਚੇਤ ਹੋ ਜਾਂਦੇ ਹੋ। ਉਹ ਕੁਝ ਪਤਾ ਲਗਦਾ ਹੈ ਕਿ ਤੁਹਾਨੂੰ ਹੀ ਨਹੀਂ ਪਤਾ ਹੁੰਦਾ ਕਿ ਤੁਸੀਂ ਕੀ ਸੀ। ਇਕ ਨਵੀਂ ਹੋਂਦ ਤੁਹਾਡੇ ਸਾਮ੍ਹਣੇ ਆਉਂਦੀ ਹੈ ਜਿਸ ਪ੍ਰਤੀ ਤੁਸੀਂ ਬਿਲਕੁਲ ਵੀ ਜਾਣੂੰ ਨਹੀਂ ਸੀ, ਸੁਚੇਤ ਨਹੀਂ ਸੀ ਇਹ ਬਿਲਕੁਲ ਨਵਾਂ ਪਾਸਾ, ਨਵਾਂ ਪੱਧਰ ਤੁਹਾਡੇ ਸਾਮ੍ਹਣੇ ਖੁਲ੍ਹ ਜਾਂਦਾ ਹੈ ਜਿਹੜਾ ਪਹਿਲਾਂ ਤੁਹਾਡੇ ਲਈ ਬੰਦ ਪਿਆ ਸੀ।

## ਸੁਆਸ ਕਿਰਿਆ ਅਤੇ ਛਾਤੀ

ਨਿਤ ਦੇ ਜੀਵਨ ਵਿਚ ਬਹੁਤ ਸਾਰੇ ਸਰੀਰਕ ਕਾਰਜਾਂ ਤੇ ਵਿਗਿਆਨਕਾਂ ਦੀ ਨਿਗ੍ਹਾ ਨਹੀਂ ਪਈ, ਸੁਆਸ ਵੀ ਉਨ੍ਹਾਂ ਵਿਚੋਂ ਇਕ ਐਸਾ ਹੀ ਵਿਸ਼ਾ ਹੈ। ਦਿਲ ਦੇ ਬਾਰੇ ਤਕਰੀਬਨ ਸਾਰੇ ਹੀ ਜੇ ਚੰਗੀ ਤਰ੍ਹਾਂ ਨਹੀਂ ਤਾਂ ਕੁਝ ਨਾ ਕੁਝ ਤਾਂ ਜ਼ਰੂਰ ਜਾਣਦੇ ਹਨ ਕਿਉਂਕਿ ਦਿਲ ਦੀ ਗਤੀ ਬੰਦ ਹੋਣ ਨਾਲ ਹੀ ਬਹੁਤ ਸਾਰੀਆਂ ਅਚਨਾਕ ਮੌਤਾਂ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਅਜਕਲ੍ਹ ਪਾਚਨ ਸ਼ਕਤੀ ਦੇ ਅੰਗਾਂ ਬਾਰੇ ਵੀ ਬਹੁਤ ਚਿੰਤਾ ਦਰਸਾਈ ਜਾ ਰਹੀ ਹੈ। ਇਨ੍ਹਾਂ ਦੇ ਕੰਮ ਕਰਨ ਤੇ ਵੀ ਧਿਆਨ ਦਿਤਾ ਜਾ ਰਿਹਾ ਹੈ। ਇਸ ਤੋਂ ਉਲਟ ਸੁਆਸਾਂ ਦੇ ਅੰਗਾਂ ਨੂੰ ਤਾਂ ਬਿਲਕੁਲ ਹੀ ਨਹੀਂ ਦੇਖਿਆ ਜਾ ਰਿਹਾ, ਸਿਵਾਏ ਉਨ੍ਹਾਂ ਬਿਮਾਰੀਆਂ ਦੇ ਜਿਨ੍ਹਾਂ ਦਾ ਸਬੰਧ ਤਮਾਕੂ ਪੀਣ ਨਾਲ ਹੈ। ਇਹ ਵਿਚਾਰਦੇ ਹੋਏ ਕਿ ਸੁਆਸਾਂ ਦੀ ਗਤੀ ਨੂੰ ਬਹੁਤ ਹੱਦ ਤਕ ਮੋੜਿਆ ਜਾ ਸਕਦਾ ਹੈ ਜਦ ਕਿ ਬਾਕੀ ਦੇ ਅੰਗਾਂ ਨਾਲ ਅਸੀਂ ਬਹੁਤ ਕੁਝ ਨਹੀਂ ਕਰ ਸਕਦੇ, ਤਾਂ ਵੀ ਉਨ੍ਹਾਂ ਤੇ ਬਹੁਤ ਖੋਜ ਕੀਤੀ ਗਈ ਹੈ।

ਸੁਆਸਾਂ ਦੀ ਗਤੀ ਨੂੰ ਅਣਜਾਣਪੁਣੇ ਨਾਲ ਨਹੀਂ ਢਕਣਾ ਚਾਹੀਦਾ, ਤੁਸੀਂ ਬਹੁਤ ਸਾਰਾ ਪ੍ਰੈਕਟੀਕਲ ਗਿਆਨ ਲੈ ਸਕਦੇ ਹੋ, ਸਮਝ ਸਕਦੇ ਹੋ ਜੇ ਤੁਸੀਂ ਸੁਆਸਾਂ ਦੇ ਬਾਰੇ ਕੁਝ ਮੁਢਲੇ ਗੁਣ ਜਾਣ ਲਵੋ, ਇਹ ਜਾਣ ਲਵੋ ਕਿ ਸੁਆਸ ਕਿਸ ਤਰ੍ਹਾਂ ਕੰਮ ਕਰਦੇ ਹਨ, ਸਰੀਰ ਤੇ ਮਨ ਤੇ ਉਨ੍ਹਾਂ ਦਾ ਕੀ ਪ੍ਰਭਾਵ ਪੈਂਦਾ ਹੈ। ਤੁਸੀਂ ਕਈ ਗੁਝੇ ਪੱਧਰਾਂ ਨੂੰ ਜਾਣ ਸਕਦੇ ਹੋ ਕਿ ਕਿਵੇਂ ਮਾਸ ਪੇਸ਼ੀਆਂ, ਹਵਾ ਅੰਦਰ ਲੈ ਕੇ ਜਾਂਦੀਆਂ ਹਨ ਤੇ ਬਾਹਰ ਲੈ ਕੇ ਆਉਂਦੀਆਂ ਹਨ ਤੇ ਕਿਵੇਂ ਇਸ ਤਰ੍ਹਾਂ ਸੁਆਸਾਂ ਦਾ ਕਾਰਜ ਚਲਦਾ ਹੈ। ਸੁਆਸਾਂ ਦਾ ਪ੍ਰਭਾਵ ਹਿਰਦੇ ਤੇ ਪੈਂਦਾ ਹੈ ਫੇਫੜਿਆਂ ਤੇ ਪੈਂਦਾ ਹੈ ਅਤੇ ਸੂਖਮ ਸਰੀਰਕ ਆਣਵਿਕਾ ਤੇ ਸਰੀਰ ਦੀ ਸਕਤੀ ਵਿਤਰਣ ਤੇ ਪੈਂਦਾ ਹੈ।

## ਸੈਲੂਲਰ ਸੁਆਸ ਗਤੀ (Cellular Respiration)

ਸਾਰੇ ਹੀ ਸਥੂਲ ਆਕਾਰ ਭਾਵੇਂ ਉਹ ਫੁਲ ਬੂਟੇ ਹੋਣ, ਚਾਹੇ

ਪਸ਼ੂ ਸਾਰਿਆਂ ਦੇ ਸਰੀਰ ਬਹੁਗਿਣਤੀ ਦੇ ਛੋਟੇ ਛੋਟੇ ਸੈਲਾਂ ਦੇ ਬਣੇ ਹੋਏ ਹਨ, ਵਾਸਤਵ ਵਿਚ ਇਹ ਸੈਲ, ਇਨ੍ਹਾਂ ਦੀ ਤਰਤੀਬ ਹੀ ਸਰੀਰ ਦੀ ਬਣਤਰ ਦਾ ਆਧਾਰ ਹੈ। ਇਹ ਸੈਲ ਹੀ ਸ਼ਕਤੀ ਦਾ ਸਰੋਤ ਹਨ, ਸਰੀਰ ਇਨ੍ਹਾਂ ਉਤੇ ਹੀ ਨਿਰਭਰ ਹੈ।

ਅਸੀਂ ਆਮ ਤੌਰ ਤੇ ਸੋਚਦੇ ਹਾਂ ਕਿ ਜੋ ਕੁਝ ਵੀ ਅਸੀਂ ਖਾਂਦੇ ਪੀਂਦੇ ਹਾਂ ਉਹ ਹੀ ਸਰੀਰ ਨੂੰ ਸ਼ਕਤੀ ਦਿੰਦਾ ਹੈ ਭਾਵੇਂ ਉਹ ਕਾਰਬੋਹਾਈਡਰੇਟਸ (carbohydrates) ਹੋਣ, ਪਰੋਟੀਨ (protien) ਹੋਵੇ, ਥੰਦਿਆਈ (fat) ਹੋਵੇ। ਇਹ ਸਾਰੇ ਹੀ ਪੋਸ਼ਟਿਕ ਆਹਾਰ ਸਰੀਰ ਲਈ ਬੇਅਰਥ ਹਨ ਜਦੋਂ ਤਕ ਇਨ੍ਹਾਂ ਦੀ ਸ਼ਕਤੀ ਉਸ ਰੂਪ ਵਿਚ ਨਾ ਬਦਲੀ ਜਾਵੇ ਜਿਹੜੀ ਸੈਲ ਵਰਤ ਸਕਣ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾਂਦਾ ਹੈ ਕਿ ਅਸੀਂ ਸਰੀਰ ਵਿਚ ਕਾਰਬੋਹਾਈਡਰੇਟ ਫੂਕਦੇ ਹਾਂ ਪਰ ਇਸ ਤੋਂ ਕੀ ਭਾਵ ਹੈ? ਜੇ ਕਾਰਬੋਹਾਈਡਰੇਟ ਸੈਲਾਂ ਵਿਚ ਸਰੀਰ ਦੇ ਛੋਟੇ ਛੋਟੇ ਟਿਸ਼ੂਆਂ ਵਿਚ ਫੂਕਿਆ ਜਾ ਰਿਹਾ ਹੈ ਫੇਰ ਇਸ ਨਾਲ ਸਾਨੂੰ ਕਿਤੇ ਦਰਦ ਕਿਉਂ ਨਹੀਂ ਹੁੰਦਾ? ਮੇਰੇ ਸਰੀਰ ਦੀ ਚਰਬੀ ਸੁਰੜ ਸੁਰੜ ਕਰਕੇ ਭੁੰਨੀ ਜਾ ਰਹੀ ਹੈ, ਫੇਰ ਉਸ ਦਾ ਧੂਆਂ ਕਿਥੇ ਹੈ? ਉਸ ਦੀ ਸੁਆਹ ਕਿਥੇ ਹੈ ਭਾਵ ਜੇ ਮੈਂ ਹਨ੍ਹੇਰੇ ਕਮਰੇ ਵਿਚ ਸਰੀਰਕ ਵਰਜਿਸ਼ ਕਰਾਂ ਤਾਂ ਤੇ ਮੇਰੇ ਸਰੀਰ ਵਿਚੋਂ ਅੰਗਿਆਰੀਆਂ ਨਿਕਲਣੀਆਂ ਚਾਹੀਦੀਆਂ ਹਨ ਕਿਉਂਕਿ ਕਾਰਬੋਹਾਈਡਰੇਟ ਜੁ ਫੂਕੇ ਜਾ ਰਹੇ ਹਨ। ਕਿਹਾ ਜਾਂਦਾ ਹੈ ਸਰੀਰ ਵਿਚ ੮੮% ਪਾਣੀ ਹੈ ਫੇਰ ਮੈਂ ਪਾਣੀ ਵਿਚ ਕਾਰਬੋਹਾਈਡਰੇਟ ਕਿਵੇਂ ਫੂਕ ਸਕਦਾ ਹਾਂ, ਜੇ ਮੈਂ ਗਿੱਲੀ ਲੱਕੜੀ ਚੁਲ੍ਹੇ ਵਿਚ ਨਹੀਂ ਜਲਾ ਸਕਦਾ ਤਾਂ ਮੈਂ ਇਹ ਕਿਸ ਤਰ੍ਹਾਂ ਕਰ ਸਕਦਾ ਹਾਂ।

ਅੱਗ ਦੀ ਸ਼ਕਤੀ ਸੇਕ ਤੇ ਰੋਸ਼ਨੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ, ਨਤੀਜਾ ਇਹ ਹੁੰਦਾ ਹੈ ਕਿ ਸਰੀਰ ਵਿਚ ਕਾਰਬਨ ਫੂਕਿਆ ਜਾਂਦਾ ਹੈ। ਅੰਤ ਵਿਚ ਇਹ ਕਾਰਬਨਡਾਇਆਕਸਾਈਡ, ਪਾਣੀ ਸੁਆਹ ਤੇ ਸ਼ਕਤੀ ਇਕੱਠੇ ਫੂਕੇ ਜਾ ਰਹੇ ਹਨ ਜਿਹੜੀ ਸ਼ਕਤੀ ਕਿਸੇ ਚੀਜ਼ ਨੂੰ ਫੂਕਣ ਨਾਲ ਪੈਦਾ ਹੁੰਦੀ ਹੈ ਉਹ ਰੋਸ਼ਨੀ ਤੇ ਸੇਕ ਦੇ ਰੂਪ ਵਿਚ ਹੈ।

ਅੱਗ ਨਾਲ ਪੈਦਾ ਕੀਤੀ ਸ਼ਕਤੀ ਨਾਲ ਤੁਸੀਂ ਮਸ਼ੀਨਾਂ ਚਲਾ ਸਕਦੇ ਹੋ, ਭਾਫ ਪੈਦਾ ਕਰਕੇ ਭਾਫ ਨਾਲ ਇੰਜਨ ਚਲਾ ਸਕਦੇ ਹੋ ਪਰ ਸ੍ਵੈਚਾਲਕ ਇੰਜਨ ਲਈ ਤਾਂ ਵਧੇਰੇ ਛੇਤੀ ਜਲਣ ਵਾਲੀ ਗੈਸ ਦੀ ਲੋੜ ਹੈ, ਇਥੇ ਹੁੰਦਾ ਇਹ ਹੈ ਕਿ ਜਿਸ ਖਾਨੇ ਵਿਚ, ਕਮਰੇ ਵਿਚ ਜਾ ਸਿਲਿੰਡਰ ਵਿਚ ਗੈਸ ਹੈ, ਉਹ ਜਦੋਂ ਉਤੇਜਿਤ ਹੁੰਦਾ ਹੈ ਤਾਂ ਕਮਰੇ ਦੀ ਦੀਵਾਰ ਨੂੰ ਧੱਕਾ ਲਗਦਾ ਹੈ ਉਸ ਤੋਂ ਅੱਗੇ ਜੋ ਵੀ ਡੱਬਾ ਹੈ, ਫੇਰ ਹੋਰ ਡੱਬੇ ਹਨ ਤੇ ਫੇਰ ਗੱਡੀ ਦੇ ਪਹੀਏ ਦੇ ਗਜ ਨੂੰ ਤੇ ਅੰਤ ਵਿਚ ਪਹੀਏ ਨੂੰ ਧੱਕਾ ਲਗਣ ਨਾਲ ਗੱਡੀ ਕਾਰ ਚਲਦੀ ਹੈ।

ਫੇਰ ਸਾਡੇ ਸਰੀਰ ਵਿਚ ਸ਼ਕਤੀ ਕਿਵੇਂ ਬਣਦੀ ਹੈ? ਸੈਲਾਂ ਵਿਚ ਸ਼ਕਤੀ ਹੈ ਪਰ ਉਹ ਧਮਾਕੇ ਨਾਲ ਨਹੀਂ ਚਲਦੀ, ਸਾਰੇ ਹੀ ਜੀਵ ਆਪਣੀ ਸ਼ਕਤੀ ਹੌਲੀ ਹੌਲੀ ਜਲਣ ਵਾਲੀ ਭੱਠੀ ਤੋਂ ਹੀ ਪ੍ਰਾਪਤ ਕਰਦੇ ਹਨ। ਇਹ ਭੱਠੀ ਹੌਲੀ ਹੌਲੀ ਬਾਲਣ ਜਲਾ ਕੇ ਸ਼ਕਤੀ ਪੈਦਾ ਕਰਕੇ ਛੱਡਦੀ ਰਹਿੰਦੀ ਹੈ ਤੇ ਆਕਸੀਜਨ ਨਾਲ ਮਿਲਦੀ ਰਹਿੰਦੀ ਹੈ। ਛੇਤੀ ਜਲਣ ਲਈ ਆਕਸੀਜਨ ਬਾਲਣ ਨਾਲ ਮਿਲ ਕੇ ਅੱਗ ਬਣ ਜਾਂਦੀ ਹੈ। ਅੱਗ ਦੇ ਜਲਣ ਨਾਲ ਕਾਰਬਨਡਾਈਆਕਸਾਈਡ, ਪਾਣੀ, ਸੇਕ, ਚਾਨਣ ਪੈਦਾ ਹੁੰਦੇ ਹਨ ਬਹੁਤ ਵਾਰੀ ਇਸ ਦੀ ਪ੍ਰਤੀਕ੍ਰਿਆ ਵਚਿਤਰ ਵੀ ਹੁੰਦੀ ਹੈ ਜਿਵੇਂ ਜਦੋਂ ਪਟਾਕੇ ਚਲਾਏ ਜਾਂਦੇ ਹਨ, ਜਦੋਂ ਬਾਲਣ ਹੌਲੀ ਹੌਲੀ ਪਾ ਕੇ ਵਰਤਿਆ ਜਾਵੇ ਫੇਰ ਸ਼ਕਤੀ ਵੀ ਹੌਲੀ ਹੌਲੀ ਹੀ ਪੈਦਾ ਹੁੰਦੀ ਹੈ ਪਰ ਅੱਗ ਦੀ ਲਾਟ ਵੀ ਸਥਿਰ ਰਹਿੰਦੀ ਹੈ, ਪਰ ਜੇ ਬਹੁਤ ਹੀ ਹੌਲੀ ਕਰ ਦਿਓ ਤਾਂ ਹੋ ਸਕਦਾ ਹੈ ਲਾਟ ਦਿਸੇ ਵੀ ਨਾ, ਇਸੇ ਤਰ੍ਹਾਂ ਹੀ ਜੀਵ ਜੰਤੂ ਆਪਣੀ ਸ਼ਕਤੀ ਹੌਲੀ ਹੌਲੀ ਪਰ ਸਥਿਰਤਾ ਨਾਲ ਸਰੀਰ ਵਿਚ ਵਰਤ ਰਹੇ ਹਨ।

ਜਿਹੜੀ ਸ਼ਕਤੀ ਅਸੀਂ ਵਰਤਦੇ ਹਾਂ ਉਹ ਸਾਨੂੰ ਕਾਰਬੋਹਾਈਡਰੇਟ (carbohydrates) ਤੋਂ, ਥੰਦਿਆਈ (fat) ਤੋਂ ਮਿਲਦੀ ਹੈ ਅਤੇ ਅਸੀਂ ਇਹ ਸ਼ਕਤੀ ਆਕਸੀਜਨ ਨਾਲ ਮਿਲਾ ਕੇ ਬਹੁਤ ਹੀ ਖਾਸ ਤਰੀਕੇ ਨਾਲ ਤੇ ਸਾਵਧਾਨੀ ਨਾਲ ਵਰਤਦੇ ਹਾਂ ਇਸ ਨੂੰ ਸੁਰਖਸ਼ਤ ਤੇ ਸਾਂਭ ਕੇ ਰਖਦੇ ਹਾਂ। ਇਹੋ ਹੀ ਕਾਰਣ ਹੈ ਕਿ ਪ੍ਰਤਿਕਰਮ ਛੋਟੇ ਤੋਂ ਛੋਟੇ ਸੈਲ ਵਿਚ ਵੀ ਹੁੰਦਾ ਹੈ, ਉਸ ਨੂੰ ਮਾਈਟੋਕੋਨਡਰੀਆਜ਼ (mitochondrias) ਕਿਹਾ ਜਾਂਦਾ ਹੈ। ਇਨ੍ਹਾਂ ਦੇ ਅੰਦਰ ਖਾਸ ਕਿਸਮ ਦੇ ਅਣੂ ਹੁੰਦੇ ਹਨ ਜਾਂ ਪਾਚਕ ਰਸ ਹੁੰਦੇ ਹਨ ਜਿਸ ਨੂੰ ਸਾਈਟੋਕਰੋਮ ਆਕਸੀਡੇਸ (cytochrome oxidase) ਤਰੀਕਾ ਕਿਹਾ ਜਾਂਦਾ ਹੈ, ਇਹ ਸਾਡੀ ਖੁਰਾਕ ਵਿਚੋਂ ਆਕਸੀਜਨ ਕੱਢ ਕੇ ਸ਼ਕਤੀ ਵਿਚ ਬਦਲਦਾ ਹੈ ਤੇ ਪਾਚਕ ਰਸ ਵਿਚ ਜਮ੍ਹਾਂ ਕਰਦਾ ਹੈ ਜਿਸ ਨੂੰ ਐਡੀਨੋਸੋਨ ਟਰਾਈਫੋਸਫੇਟ (adenosone triphosphate) ਕਹਿੰਦੇ ਹਨ ਛੋਟਾ ਕਰਕੇ ATP ਇਹ ATP ਸਾਰੇ ਜੀਵ ਜੰਤੂਆਂ ਵਿਚ ਦੇਖਿਆ ਗਿਆ ਹੈ, ਇਸੇ ਕਰਕੇ ਇਸ ਨੂੰ ਸ਼ਕਤੀ ਦਾ ਮੂਲ ਰੂਪ ਕਿਹਾ ਜਾ ਸਕਦਾ ਹੈ, ਉਹ ਰੂਪ ਜਿਹੜਾ ਸੈਲਾਂ ਵਿਚ ਦੇਖਿਆ ਜਾਂਦਾ ਹੈ। ਇਹ ਸੈਲ ਨੂੰ ਸ਼ਕਤੀ ਦਿੰਦਾ ਹੈ ਸੈਲ ਅੱਗੋਂ ਰਸਾਇਣ ਪ੍ਰਤਿਕਰਮ ਦੀ ਵਿਧੀ, ਸੈਲ ਵਿਚ ਸਥਿਰ ਬਣਾਈ ਰਖਦਾ ਹੈ।

ਸੁਆਸ ਕ੍ਰਿਆ ਸੈਲ ਵਿਚ ਤਾਂ ਪੈਦਾ ਹੁੰਦੀ ਹੈ ਜਦੋਂ ਸਾਡੀ ਖਾਧੀ ਹੋਈ ਖੁਰਾਕ ਆਕਸੀਜਨ ਨਾਲ ਮਿਲ ਕੇ ਸੈਲ ਵਿਚ ਸ਼ਕਤੀ ਪੈਦਾ ਕਰਦੀ ਹੈ। ਨੱਕ, ਸਾਹ ਲੈਣ ਦੀ ਨਾਲੀ, ਫੇਫੜੇ, ਖੂਨ ਦਾ ਦੌਰਾ ਕਰਨ ਦਾ ਸੁਭਾਅ ਤਰੀਕਾ ਤੇ ਪੱਠੇ ਸਾਰੇ ਹੀ $O_2$ ਬਣਦੇ ਹਨ ਆਸ ਪਾਸ ਤੋਂ ਹਵਾ ਲੈਂਦੇ ਹਨ ਤੇ ਸੈਲ ਨੂੰ ਸ਼ਕਤੀ ਪਹੁੰਚਾਉਂਦੇ ਹਨ, ਸਰੀਰ ਦੇ ਹਰ ਸੈਲ ਨੂੰ ਸ਼ਕਤੀ ਮਿਲਦੀ ਹੈ। ਸਰੀਰ ਦਾ ਹਰੇਕ ਅੰਗ ਆਪਣਾ ਪੂਰਾ ਯੋਗਦਾਨ ਦਿੰਦਾ ਹੈ ਤਾਂ ਜੋ ਆਕਸੀਜਨ ਹਰੇਕ ਅੰਗ ਤਕ ਪੂਰੀ ਤਰ੍ਹਾਂ ਪਹੁੰਚ ਸਕੇ। ਜੇ ਕਿਸੇ ਵੀ ਵਿਭਾਗ ਵਿਚ ਕੋਈ ਵੀ ਅਦਲ ਬਦਲ ਕੀਤੀ ਜਾਵੇ ਉਸ ਨਾਲ ਪੂਰੀ ਸ਼ਕਤੀ ਪੈਦਾ ਕਰਨ ਦਾ ਢੰਗ ਬਦਲ ਜਾਵੇਗਾ। ਇਸ ਤਰ੍ਹਾਂ ਹੋਣ ਨਾਲ ਸਾਰੇ ਸਰੀਰ ਤੇ ਇਸ ਦਾ ਪ੍ਰਭਾਵ ਪੈ ਸਕਦਾ ਹੈ।

## ਫੇਫੜੇ ਅਤੇ ਖੂਨ ਦਾ ਦੌਰਾ

ਸੁਆਸ ਲੈਣ ਲਈ ਆਕਸੀਜਨ ਨੂੰ ਸੈਲ ਤਕ ਪਹੁੰਚਣ ਲਈ ਬਹੁਤ ਲੰਮਾ ਪੈਂਡਾ ਕੱਟਣਾ ਪੈਂਦਾ ਹੈ ਇਹ ਇਕ ਬੜਾ ਰੌਚਕ ਸਫਰ ਹੈ, ਬਾਹਰ ਬ੍ਰਹਿਮੰਡ ਤੋਂ ਸ਼ੁਰੂ ਹੋ ਕੇ ਫੇਫੜਿਆਂ ਤੋਂ ਹੁੰਦਾ ਹੋਇਆ ਖੂਨ ਦੇ ਦੌਰੇ ਦੇ ਨਾਲ ਜਾਂਦਾ ਹੋਇਆ ਇਹ ਅੰਤ ਵਿਚ ਸੈਲ ਤਕ ਪਹੁੰਚਦਾ ਹੈ।

ਜਿਵੇਂ ਹੀ ਹਵਾ ਨੱਕ ਰਾਹੀਂ ਅੰਦਰ ਜਾਂਦੀ ਹੈ ਤੇ ਫੇਰ

ਛਾਤੀ ਵਿਚ ਜਾਂਦੀ ਹੈ, ਉਹ ਸ੍ਵਾਸ ਦੀ ਨਾਲੀ ਰਾਹੀਂ ਫੇਫੜਿਆਂ ਵਿਚ ਜਾਂਦੀ ਹੈ। ਇਹ ਸਾਹ ਦੀ ਨਾਲੀ ਘੰਡੀ ਦੇ ਹੇਠਾਂ ਤੋਂ ਸ਼ੁਰੂ ਹੁੰਦੀ ਹੈ ਬਸ ਥੋੜ੍ਹੀ ਜਿਹੀ ਹੇਠਾਂ ਜਾਣ ਤੋਂ ਬਾਅਦ ਇਹ ਦੋ ਹਿੱਸਿਆਂ ਵਿਚ ਵੰਡੀ ਜਾਂਦੀ ਹੈ, ਇਕ ਇਕ ਵਿਚ ਅਤੇ ਦੂਜੀ ਦੂਜੇ ਫੇਫੜੇ ਵਿਚ ਚਲੀ ਜਾਂਦੀ ਹੈ, ਹਵਾ ਦੇ ਇਨ੍ਹਾਂ ਰਸਤਿਆਂ ਨੂੰ ਬਰੌਂਕੀ (broanchi) ਕਿਹਾ ਜਾਂਦਾ ਹੈ ਤੇ ਇਹ ਦਰਖਤ ਦੀਆਂ ਟਾਹਣੀਆਂ ਦੀ ਤਰ੍ਹਾਂ ਪਤਲੀਆਂ ਤੇ ਛੋਟੀਆਂ ਹੁੰਦੀਆਂ ਅਗੇ ਫੇਫੜਿਆਂ ਵਿਚ ਥੱਲੇ ਤਕ ਚਲੀਆਂ ਜਾਂਦੀਆਂ ਹਨ। ਕੋਈ ਪੰਦਰਾਂ ਵਾਰੀ ਵੰਡੇ ਜਾਣ ਤੋਂ ਬਾਅਦ ਇਹ ਐਨੀਆਂ ਛੋਟੀਆਂ ਹੋ ਜਾਂਦੀਆਂ ਹਨ ਇਨ੍ਹਾਂ ਨੂੰ ਐਲਵੀਓਲੀ ਕਹਿੰਦੇ ਹਨ। ਇਹ ਐਨੀਆਂ ਛੋਟੀਆਂ ਛੋਟੀਆਂ ਥੈਲੀਆਂ ਬਣ ਜਾਂਦੀਆਂ ਹਨ ਇਨ੍ਹਾਂ ਨੂੰ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ, ਅੱਖਾਂ ਨਾਲ ਦੇਖਣ ਤੇ ਇਹ ਮਾਸ ਦੇ ਟੁਕੜੇ ਹੀ ਦਿਸਣਗੇ, ਵਾਸਤਵ ਵਿਚ ਐਲਵੀਓਲੀ ਬੁਲਬੁਲੇ ਦੀ ਤਰ੍ਹਾਂ ਹੀ ਹੁੰਦੀ ਹੈ ਇਨ੍ਹਾਂ ਦੇ ਪੜਦੇ ਬਹੁਤ ਹੀ ਪਤਲੇ ਹੁੰਦੇ ਹਨ ਇਕ ਸੈਲ ਜਿੰਨਾ ਪਤਲਾ ਹੁੰਦਾ ਹੈ ਉਨੇ ਪਤਲੇ ਇਥੇ ਹੀ ਗੈਸ ਦੀ ਅਦਲਾ ਬਦਲੀ ਹੁੰਦੀ ਹੈ।

ਐਲਵੀਓਲੀ (alveoli) ਦੇ ਚਾਰੋ ਪਾਸੇ ਛੋਟੀਆਂ ਛੋਟੀਆਂ ਖੂਨ ਦੀਆਂ ਨਾੜੀਆਂ ਹਨ, ਛੋਟੀਆਂ ਛੋਟੀਆਂ ਥੈਲੀਆਂ ਜਿਹੀਆਂ ਬਣੀਆਂ ਹੋਈਆਂ ਹਨ ਇਹ ਐਨੀਆਂ ਛੋਟੀਆਂ ਹਨ ਕਿ ਖੂਨ ਦੇ ਸੈਲਾਂ ਨੂੰ ਬੜੇ ਸਮੇਟ ਕੇ ਇਨ੍ਹਾਂ ਵਿਚੋਂ ਲੰਘਣਾ ਪੈਂਦਾ ਹੈ ਸਾਹ ਲੈਣ ਨਾਲ $O_2$ ਸਾਹ ਦੀ ਨਾਲੀ ਤੋਂ ਹੇਠਾਂ ਜਾਂਦੀ ਹੈ ਸਾਰੇ ਸਾਹ ਲੈਣ ਦੇ ਜੰਤਰ ਵਿਚੋਂ ਹੁੰਦੀ ਹੋਈ ਉਹ ਹੇਠਾਂ ਵਾਲੀ ਨਾਲੀ ਵਿਚ ਪਹੁੰਚਦੀ ਹੈ ਤੇ ਫੇਰ ਐਲਵੀਓਲੀ ਵਿਚ ਜਾਂਦੀ ਹੈ। ਜਿਥੋਂ ਉਹ ਖੂਨ ਵਿਚ ਜਾਂਦੀ ਹੈ ਤੇ ਛੋਟੀਆਂ ਛੋਟੀਆਂ ਨਾੜੀਆਂ ਵਿਚ ਜਾਂਦੀ ਹੈ।

ਇਸ ਸਾਰੀ ਪ੍ਰਕ੍ਰਿਆ ਨੂੰ ਸੁਚੱਜੇ ਢੰਗ ਨਾਲ ਹੋਣ ਲਈ ਇਕ ਸੰਤੁਲਨ ਦੀ ਲੋੜ ਹੈ ਉਹ ਸੰਤੁਲਨ ਹੈ ਅੰਦਰ ਦਾ ਖੂਨ ਜਿਹੜਾ ਨਾੜੀਆਂ ਵਿਚ ਚਲ ਰਿਹਾ ਹੈ ਜਿਸ ਦੇ ਰਾਹੀਂ ਆਕਸੀਜਨ ਨੇ ਅੰਦਰ ਸਮਾਣਾ ਹੈ ਤੇ ਦੂਸਰਾ ਹੈ ਉਹ ਆਕਸੀਜਨ ਜਿਹੜੀ ਐਲਵੀਓਲੀ ਨੂੰ ਸਾਹ ਰਾਹੀਂ ਪ੍ਰਾਪਤ ਹੁੰਦੀ ਹੈ। ਆਮ ਦੇਖਣ ਵਾਲਾ ਕਹਿ ਸਕਦਾ ਹੈ, "ਇਹ ਤਾਂ ਪ੍ਰਤੱਖ ਹੀ ਹੈ। ਪਰ ਫੇਫੜਿਆਂ ਦਾ ਨਰੀਖਣ ਕਰਨ ਤੋਂ ਪਤਾ ਲਗਦਾ ਹੈ ਕਿ ਲਹੂ ਸਾਰੇ ਫੇਫੜਿਆਂ ਵਿਚ ਇਕ ਸਾਰ ਨਹੀਂ ਮਿਲਦਾ, ਇਸਦਾ ਸਬੰਧ gravity ਨਾਲ ਹੈ ਜੇ ਬੈਠੇ ਹੋਵੋ ਤਾਂ ਹੇਠਲੇ ਹਿਸੇ ਵਿਚ ਵਧੇਰੇ ਲਹੂ ਹੁੰਦਾ ਹੈ ਉਪਰ ਵਾਲੇ ਹਿੱਸੇ ਵਿਚ ਘਟ। ਗੈਸਾਂ ਦੀ ਆਵਾਜਾਈ ਐਲਵੀਓਲੀ ਵਿਚ ਵਧੇਰੇ ਹੁੰਦੀ ਹੈ, ਉਪਰ ਵਾਲੇ ਭਾਗ ਵਿਚ ਵਧੇਰੇ ਹੁੰਦੀ ਹੈ, ਆਕਸੀਜਨ ਦੀ ਲਹੂ ਵਿਚ ਬਦਲੀ ਐਨੀ ਸੁਚੱਜੀ ਤਰ੍ਹਾਂ ਨਹੀਂ ਜਿਵੇਂ ਲਗਦਾ ਹੈ। ਇਸ ਦੇ ਸੁਚੱਜੇਪਨ ਨੂੰ ਫੇਫੜਿਆਂ ਦੀ ਪ੍ਰਤੀਕ੍ਰਿਆ ਨੂੰ ਵਧਾ ਕੇ ਹੀ ਹੋਰ ਠੀਕ ਕੀਤਾ ਜਾ ਸਕਦਾ ਹੈ ਅਤੇ ਸਾਹ ਲੈਣ ਦੇ ਤਰੀਕੇ ਨੂੰ ਠੀਕ ਕਰਕੇ ਹੀ ਸੁਧਾਰਿਆ ਜਾਂਦਾ ਹੈ।

ਐਲਵੀਓਲੀ ਦੇ ਖਰਾਬ ਹੋਣ ਜਾਂ ਕਿਸੇ ਤਰ੍ਹਾਂ ਸੱਟ ਪਹੁੰਚਣ ਨਾਲ ਸੁਆਸ ਵਿਚ ਬਹੁਤ ਖਰਾਬੀ ਪੈ ਜਾਂਦੀ ਹੈ ਜਿਵੇਂ ਕਿ ਤਮਾਕੂ ਪੀਣ ਨਾਲ ਉਸ ਨਾਲ ਐਲਵੀਓਲੀ ਦੀ ਝਿੱਲੀ ਫਟ ਜਾਂਦੀ ਹੈ ਜਿਹੜੇ ਛੋਟੇ ਛੋਟੇ ਵੱਖ-ਵੱਖ ਕਮਰੇ ਬਣੇ ਹੁੰਦੇ ਹਨ ਉਹ ਸਾਰੀ ਇਕ ਵੱਡਾ ਸਾਰਾ ਕਮਰਾ ਬਣ ਜਾਂਦਾ ਹੈ ਜੋ ਕਿ ਸਮਾਂ ਪੈਣ ਤੇ ਫੇਫੜਿਆਂ ਵਿਚ ਇਕ ਵੱਡਾ ਸਾਰਾ ਛੇਕ ਮਹਿਸੂਸ ਹੋਣ ਲਗ ਪੈਂਦਾ ਹੈ। ਜੇ ਇਸ ਤਰ੍ਹਾਂ ਨਾਲ ਹੋ ਜਾਵੇ ਫੇਫੜਿਆਂ ਦਾ ਉਹ ਹਿੱਸਾ ਜਿਥੇ ਆਕਸੀਜਨ ਜਾ ਕੇ ਲਹੂ ਨਾਲ ਮਿਲਦੀ ਹੈ ਉਹ ਬਹੁਤ ਥੋੜ੍ਹਾ ਰਹਿ ਜਾਂਦਾ ਹੈ ਤੇ ਨਾੜੀਆਂ ਵਿਚ ਪੀਕ ਪੈ ਜਾਂਦੀ ਹੈ ਜਿਸ ਨੂੰ emphysema ਕਹਿੰਦੇ ਹਨ। ਇਹ ਬਿਮਾਰੀ ਹੌਲੀ ਹੌਲੀ ਹੁੰਦੀ ਹੈ ਕਿਉਂਕਿ ਤਮਾਕੂ ਦਾ ਧੂੰਆਂ ਹੌਲੀ ਹੌਲੀ ਅੰਦਰ ਜਾਂਦਾ ਹੈ ਤੇ ਹੌਲੀ ਹੌਲੀ ਐਲਵੀਓਲੀ ਦੀ ਝਿੱਲੀ ਖਤਮ ਹੁੰਦੀ ਰਹਿੰਦੀ ਹੈ। emphysema ਦਾ ਸਭ ਤੋਂ ਵੱਡਾ ਕਾਰਣ ਸਿਗਰਟ ਹੀ ਹੈ। ਇਹ ਅੱਜ ਦੇ ਸੰਸਾਰ ਦੀ ਬਹੁਤ ਵੱਡੀ ਸਮੱਸਿਆ ਹੈ। ਸਿਗਰਟ ਪੀਣ ਵਾਲੇ ਸਾਰੇ ਹੀ emphysema ਨਾਲ ਪੀੜਤ ਹੁੰਦੇ ਹੀ ਹਨ ਕਿਉਂਕਿ ਫੇਫੜਿਆਂ ਦਾ ਬਹੁਤ ਸਾਰਾ ਹਿੱਸਾ ਹੁੰਦਾ ਹੈ ਜਿਸ ਵਿਚ ਆਕਸੀਜਨ ਜਾ ਕੇ ਮਿਲਦੀ ਹੈ। ਬਹੁਤ ਦੇਰ ਬਾਅਦ ਇਸ ਹਾਲਤ ਦਾ ਪਤਾ ਲਗਦਾ ਹੈ। ਕਈਆਂ ਦੇ ਫੇਫੜਿਆਂ ਵਿਚ 300 ਮਿਲੀਅਨ ਐਲਵੀਓਲੀ ਹੁੰਦੀਆਂ ਹਨ। ਜੇ ਇਨ੍ਹਾਂ ਨੂੰ ਸਿੱਧਾ ਕਰਕੇ ਵਿਛਾਇਆ ਜਾਵੇ ਤਾਂ ਇਹ ਇਕ ਆਮ ਕਮਰੇ, ਰਸੋਈ, ਇਕ ਵੱਡੇ ਕਮਰੇ ਦੀ ਲੰਬਾਈ ਜਿੰਨਾ ਹੋ ਜਾਵੇਗਾ। ਜਦੋਂ ਇਹ ਹਿੱਸਾ ਐਲਵੀਓਲੀ ਦੀਆਂ ਝਿੱਲੀਆਂ ਦੇ ਖਤਮ ਹੋਣ ਨਾਲ ਬਹੁਤ ਘੱਟ ਰਹਿ ਜਾਂਦਾ ਹੈ, ਆਕਸੀਜਨ ਅੰਦਰ ਨਹੀਂ ਆ ਸਕਦੀ ਜਦੋਂ ਬਹੁਤ ਵਰਜਿਸ਼ ਕੀਤੀ ਜਾਵੇ ਜਾਂ ਤੁਰਿਆ ਜਾਵੇ ਓਦੋਂ ਪਤਾ ਲਗਦਾ ਹੈ ਛੇਤੀ ਹੀ ਸਾਹ ਚੜ੍ਹ ਜਾਂਦਾ ਹੈ, ਹਫ ਜਾਂਦਾ ਹੈ।

ਜਦੋਂ ਇਕ ਵਾਰੀ ਆਕਸੀਜਨ ਲਹੂ ਨਾਲ ਮਿਲ ਜਾਂਦੀ ਹੈ। ਛੋਟੀਆਂ-ਛੋਟੀਆਂ ਨਾੜੀਆਂ ਵਿਚ ਚਲੀ ਜਾਂਦੀ ਹੈ ਇਹ ਦੋ ਤਰੀਕਿਆਂ ਨਾਲ ਲਿਜਾਈ ਜਾਂਦੀ ਹੈ ਜਾਂ ਤਾਂ ਇਹ ਹੀਮੋਗਲੋਬਿਨ (hemoglobin) ਦੇ ਅਣੂਆਂ ਰਾਹੀਂ ਜੋ ਲਾਲ ਲਹੂ ਦੇ ਸੈਲ ਹੁੰਦੇ ਹਨ ਉਨ੍ਹਾਂ ਰਾਹੀਂ ਅੰਦਰ ਜਾਂਦੀ ਹੈ ਜਾਂ ਫੇਰ ਸਿੱਧਾ ਹੀ ਲਹੂ ਵਿਚ ਜਾ ਕੇ ਮਿਲ ਜਾਂਦੀ ਹੈ ਪਰ ਪ੍ਰੈਕਟੀਕਲੀ ਸਾਰੀ ਆਕਸੀਜਨ ਜਿਹੜੀ ਲਹੂ ਦੇ ਰਾਹੀਂ ਅੰਦਰ ਜਾਂਦੀ ਹੈ ਉਹ ਹੀਮੋਗਲੋਬਿਨ ਰਾਹੀਂ ਹੀ ਜਾਂਦੀ ਹੈ। ਇਹ ਅਣੂ ਚਾਰ ਪਰੋਟੀਨ ਦੀਆਂ ਲੜੀਆਂ ਦਾ ਬਣਿਆ ਹੋਇਆ ਹੈ ਤੇ ਇਹ ਲੋਹ ਕਣ ਨਾਲ ਜੁੜਿਆ ਹੋਇਆ ਹੈ, ਇਹ ਲੋਹ ਕਣ ਹੀ ਆਕਸੀਜਨ ਨੂੰ ਖਿਚਦਾ ਹੈ ਤੇ ਇਸ ਰਾਹੀਂ ਹੀ ਆਕਸੀਜਨ ਲਹੂ ਵਿਚ ਦੌਰਾ ਕਰਦੀ ਹੈ ਜਦੋਂ ਇਸ ਲੋਹ ਅਣੂ ਨਾਲ ਆਕਸੀਜਨ ਛੋਂਹਦੀ ਹੈ ਲਹੂ ਲਾਲ ਸੁਰਖ ਹੋ ਜਾਂਦਾ ਹੈ। ਹੀਮੋਗਲੋਬਿਨ ਵਾਪਸੀ ਤੇ $Co_2$ ਸੈਲਾਂ ਵਿਚੋਂ ਕੱਢ ਕੇ ਦਿਲ ਵਲ ਤੇ ਫੇਫੜਿਆਂ ਵਲ ਲੈ ਜਾਂਦੀ ਹੈ ਭਾਵ ਆਕਸੀਜਨ ਅੰਦਰ ਲੈ ਜਾਂਦੀ ਹੈ ਤੇ ਕਾਰਬਨਡਾਈਆਕਸਾਈਡ $co_2$ ਬਾਹਰ ਵਲ ਲੈ ਆਉਂਦੀ ਹੈ। ਜਦੋਂ ਕਾਰਬਨਡਾਈਆਕਸਾਈਡ ਲਹੂ ਨਾਲ ਮਿਲਦੀ ਹੈ ਲਹੂ ਨੀਲਾ ਪੈ ਜਾਂਦਾ ਹੈ। ਇਹ ਹੀ ਕਾਰਣ ਹੈ ਕਿ ਸਾਫ ਲਹੂ ਦੀ ਨਾੜੀਆਂ ਦਾ ਲਹੂ ਲਾਲ ਤੇ ਗੰਦੇ ਲਹੂ ਦੀਆਂ ਨਾੜੀਆਂ ਦਾ ਰੰਗ ਨੀਲਾ ਹੁੰਦਾ ਹੈ।

ਆਮ ਤੌਰ ਤੇ ਆਕਸੀਜਨ ਤੇ ਕਾਰਬਨ ਡਾਇਆਕਸਾਈਡ ਇਹ ਦੋ ਹੀ ਹੀਮੋਗਲੋਬਿਨ ਨੂੰ ਜੋੜਨ ਵਾਲੇ ਹੋਣੇ ਚਾਹੀਦੇ ਹਨ ਪਰ ਕਈ ਹੋਰ ਗੈਸਾਂ ਜਿਹੜੀਆਂ ਵਾਤਾਵਰਣ ਵਿਚ ਹੁੰਦੀਆਂ ਹਨ ਉਹ ਵੀ ਲਹੂ ਵਿਚ ਆ

ਜਾਂਦੀਆਂ ਹਨ, ਫੇਫੜਿਆਂ ਦੇ ਰਾਹੀਂ ਉਹ ਵੀ ਲਹੂ ਵਿਚ ਮਿਲ ਜਾਂਦੀਆਂ ਹਨ ਤੇ ਕਾਰਬਨ ਡਾਇਆਕਸਾਈਡ ਨੂੰ ਬਾਹਰ ਕੱਢ ਦਿੰਦੀਆਂ ਹਨ। ਇਕ ਬਹੁਤ ਆਮ ਜੋ ਤਤੂ ਹੈ ਉਹ ਹੈ ਕਾਰਬਨਮੋਨੋਆਕਸਾਈਡ, ਇਹ ਤਮਾਕੂ ਵਿਚ ਤੇ ਗੱਡੀਆਂ ਦੇ ਧੂੰਏ ਵਿਚ ਬਹੁਤ ਹੁੰਦਾ ਹੈ। ਇਹ ਸਿੱਧਾ ਜਾ ਕੇ ਹੈਮੋਗਲੋਬਿਨ ਨੂੰ ਪਕੜਦਾ ਹੈ ਤੇ ਉਸ ਦੀ ਮਿਕਦਾਰ ਨੂੰ ਘੱਟ ਕਰਦਾ ਹੈ ਜਿਸ ਨਾਲ ਸਰੀਰ ਵਿਚ ਲਹੂ ਘਟ ਜਾਂਦਾ ਹੈ, ਐਨੀਮੀਆ (anemia) ਹੋ ਜਾਂਦਾ ਹੈ। ਇਸ ਕਰਕੇ ਤਮਾਕੂ ਸੇਵਨ ਕਰਨ ਵਾਲਿਆਂ ਦੀ ਹੋਮੋਗਲੋਬਿਨ 10% ਤੋਂ 15% ਤਕ ਕਾਰਬਨ ਮੋਨੌਆਕਸਾਈਡ ਨਾਲ ਜੁੜੀ ਰਹਿੰਦੀ ਹੈ ਭਾਵੇਂ ਉਹ ਉਸ ਸਮੇਂ ਤਮਾਕੂ ਸੇਵਨ ਨਾ ਵੀ ਕਰ ਰਿਹਾ ਹੋਵੇ।

ਸਮਸਿਆ ਇਸ ਤੋਂ ਅੱਗੇ ਤੇ ਗੰਭੀਰ ਵੀ ਹੈ ਉਹ ਹੈ ਕਿ ਕਾਰਬਨ ਮੋਨੋਆਕਸਾਈਡ ਨਾਲ ਨਾੜੀਆਂ ਸਖਤ ਹੋ ਜਾਂਦੀਆਂ ਹਨ ਤੇ ਇਕ ਬਿਮਾਰੀ ਜਿਸ ਨੂੰ arteriosclerlic ਭਾਵ ਨਾੜੀਆਂ ਦੇ ਅੰਦਰੋਂ ਸੁੱਕ ਕੇ ਸਖਤ ਹੋ ਜਾਣ ਦੀ ਬਿਮਾਰੀ ਹੋ ਜਾਂਦੀ ਹੈ। ਵਾਸਤਵ ਵਿਚ ਇਹ ਨਾੜੀਆਂ ਕਿਵੇਂ ਸੁੱਕ ਕੇ ਸਖਤ ਹੋ ਜਾਂਦੀਆਂ ਹਨ ਇਨ੍ਹਾਂ ਬਾਰੇ ਠੀਕ ਤਰ੍ਹਾਂ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਭਾਵੇਂ ਇਹ ਠੀਕ ਹੈ ਕਿ ਡਾਕਟਰੀ ਤੌਰ ਤੇ ਇਸ ਤਰ੍ਹਾਂ ਦੇਖਿਆ ਗਿਆ ਹੈ, ਤਮਾਕੂ ਸੇਵਨ ਕਰਨ ਵਾਲਿਆਂ ਦੀ ਦਿਲ ਦੇ ਫੇਲ੍ਹ ਹੋਣ ਨਾਲ ਮੌਤ 15% ਤੋਂ 20% ਵਧੇਰੇ ਹੈ।

ਇਕ ਵਾਰੀ ਜਦੋਂ ਹੋਮੋਗਲੋਬਿਨ ਦੇ ਅਣੂ ਆਕਸੀਜਨ ਦੇ ਸੰਪਰਕ ਵਿਚ ਆ ਜਾਂਦੇ ਹਨ ਉਨ੍ਹਾਂ ਨੂੰ ਸਾਰੇ ਸਰੀਰ ਦਾ ਦੌਰਾ ਕਰਨਾ ਪੈਂਦਾ ਹੈ ਤਾਂ ਸਾਰੇ ਸੈਲਾਂ ਨੂੰ ਆਕਸੀਜਨ ਦੇਣੀ ਪੈਂਦੀ ਹੈ ਕਿਉਂਕਿ ਦਿਲ ਹੀ ਸਾਰੇ ਸਰੀਰ ਨੂੰ ਲਹੂ ਦਾ ਵਿਤਰਣ ਕਰਦਾ ਹੈ। ਦਿਲ ਦੇ ਦੋ ਹਿੱਸੇ ਹਨ ਸੱਜੇ ਪਾਸੇ ਵਿਚ ਉਹ ਖੂਨ ਆਉਂਦਾ ਹੈ ਜਿਹੜਾ ਸਰੀਰ ਦਾ ਦੌਰਾ ਕਰਕੇ ਗੰਦਾ ਹੋ ਗਿਆ ਹੈ ਜਿਸ ਵਿਚ ਕਾਰਬਨਡਾਈਆਕਸਾਈਡ ਮਿਲ ਚੁੱਕੀ ਹੈ। ਇਹ ਲਹੂ ਵਿਚ ਛੋਟੀਆਂ ਛੋਟੀਆਂ ਨਾੜੀਆਂ ਰਾਹੀਂ, ਫੇਫੜਿਆਂ ਵਿਚ ਐਲਵੀਓਲੀ ਰਾਹੀਂ ਆਕਸੀਜਨ ਦੇ ਸੰਪਰਕ ਵਿਚ ਆਉਂਦਾ ਹੈ ਫੇਰ ਮੁੜ ਕੇ ਇਹ ਦਿਲ ਦੇ ਖੱਬੇ ਪਾਸਿਆਂ ਸਾਰੇ ਸਰੀਰ ਦਾ ਦੌਰਾ ਕਰਦਾ ਹੈ। ਜਦੋਂ ਇਹ ਆਕਸੀਜਨ ਵਾਲਾ ਲਹੂ ਸੈਲਾਂ ਵਿਚ ਤੇ ਉਨ੍ਹਾਂ ਦੀਆਂ ਜੜ੍ਹਾਂ ਵਿਚ ਜਾਂਦਾ ਹੈ ਇਹ ਬਹੁਤ ਹੀ ਛੋਟੀਆਂ ਛੋਟੀਆਂ ਨਾੜੀਆਂ ਵਿਚੋਂ ਲੰਘਦਾ ਹੈ ਇਥੇ ਤਕ ਲਹੂ ਦੇ ਲਾਲ ਅਣੂ red blood cells ਨਾੜੀਆਂ ਰਾਹੀਂ ਚੰਗੀ ਤਰ੍ਹਾਂ ਲਹੂ ਖਿੱਚ ਲੈਂਦੇ ਹਨ ਜਿਵੇਂ ਕਿ ਫੇਫੜਿਆਂ ਵਿਚ ਐਲਵੀਓਲੀ ਰਾਹੀਂ ਹੁੰਦਾ ਹੈ। ਸਾਰੇ ਸਰੀਰ ਵਿਚ, ਪੱਠਿਆਂ ਵਿਚ, ਨਾੜੀਆਂ ਵਿਚ ਆਕਸੀਜਨ ਬਿਲਕੁਲ ਉਸ ਤਰ੍ਹਾਂ ਹੀ ਸੰਪਰਕ ਵਿਚ ਆਉਂਦੀ ਹੈ ਜਿਵੇਂ ਫੇਫੜਿਆਂ ਵਿਚ, ਫਰਕ ਸਿਰਫ ਐਨਾ ਹੈ ਇਹ ਸਭ ਕੁਝ ਹੋਮੋਗਲੋਬਿਨ ਤੇ ਸੈਲਾਂ ਵਿਚ ਹੁੰਦਾ ਹੈ। $co_2$ ਨੂੰ $o_2$ ਵਿਚ ਬਦਲਿਆ ਜਾਂਦਾ ਹੈ ਸਰੀਰ ਦਾ ਦੌਰਾ ਕਰਕੇ ਲਾਲ ਲਹੂ ਨੀਲਾ ਹੋ ਜਾਂਦਾ ਹੈ, ਗੰਦਾ ਹੋ ਜਾਂਦਾ ਹੈ ਥੱਕ ਜਾਂਦਾ ਹੈ ਤੇ ਫੇਰ ਇਹ ਫੇਫੜਿਆਂ ਵਿਚੋਂ ਹੋ ਕੇ ਸੱਜੇ ਪਾਸੇ ਤੋਂ ਵੱਡੀਆਂ ਨਾੜੀਆਂ ਵਿਚੋਂ ਹੋ ਕੇ ਮੁੜ ਦਿਲ ਦੇ ਖੱਬੇ ਪਾਸਿਓਂ ਸਾਫ ਹੋ ਕੇ ਸਾਰੇ ਸਰੀਰ ਵਿਚ ਦੌਰਾ ਕਰਦਾ ਹੈ।

LLLLLLL

(ਪੰਨਾ 2 ਦੀ ਬਾਕੀ)

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***

***ਪੰਨਾ – 846***

ਬੇਸ਼ਕ ਅਰਥਾਂ ਦੇ ਸਪਸ਼ਟੀਕਰਣ ਵਿਚ ਬਹੁਤ ਸਮਾਂ ਲਗੇਗਾ, ਪਰੰਤੂ ਕੁਛ ਇਕ ਜਗਿਆਸੂ ਇਸ ਦਾ ਅਰਥ ਭਲੀ ਭਾਂਤ ਸਮਝਦੇ ਵੀ ਹੋਣਗੇ। ਫਿਰ ਚਿਤਰ ਦੇ ਨੀਚੇ ਇਕ ਪਾਸੇ ਚਿੰਨ ਛੁਪਿਆ ਹੈ ਜਿਸ ਤੇ ਲਿਖਿਆ ਹੈ 'ਏਕੋ ਬ੍ਰਹਮੰ ਦੁਤੀਯ ਨਾਸਤਿ।'

ਇਨ੍ਹਾਂ ਸਭ ਵਿਚ ਇਕ ਆਕਸ਼ਰਣ ਹੈ ਅਤੇ ਆਕਰਸ਼ਣ ਪਿਆਰ ਹੁੰਦਾ ਹੈ, ਸੱਚਾ ਪਿਆਰ ਪ੍ਰਮਾਤਮਾ ਹੈ, ਪਿਆਰ ਹੀ ਜੀਵਨ ਹੈ, ਵਾਹਿਗੁਰੂ ਜੀ ਵੀ ਪਿਆਰ ਹੀ ਤਾਂ ਹਨ। ਸਾਰੇ ਸੰਸਾਰ ਦੇ ਕਣ–ਕਣ ਵਿਚ ਇਸ ਪਿਆਰ ਦੇ ਬੰਨ੍ਹੇ ਹੋਏ, ਰਮੇ ਹੋਏ ਹਨ –

***ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***

***ਜਾਪੁ ਸਾਹਿਬ***

ਪਿਆਰ ਹੀ ਪਰਮ ਚੇਤਨਤਾ ਹੈ, ਜੋ ਸਮਸਤ ਵਿਸ਼ਵ ਵਿਚ ਇਕ ਰਸ ਪਰਿਪੂਰਨ ਹੈ। ਪਿਆਰ ਤੋਂ ਵਿਹੂਣਾ ਜੀਵਨ ਮੁਰਦਾ ਹੈ। ਮੁਰਦਾ ਉਹ ਨਹੀਂ ਹੁੰਦਾ ਜਿਸ ਦਾ ਸਰੀਰ ਸਿਥਲ ਹੋ ਗਿਆ ਹੋਵੇ, ਇੰਦ੍ਰੀਆਂ ਨੇ ਕੰਮ ਕਰਨਾ ਬੰਦ ਕਰ ਦਿਤਾ ਹੋਵੇ। ਬਲਕਿ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਐਸਾ ਫੁਰਮਾਨ ਕੀਤਾ ਹੈ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ – 253***

ਆਓ, ਹੁਣ ਅਸੀਂ ਵੀ ਥੋੜ੍ਹਾ ਜਿਹਾ ਚਿੰਤਨ ਕਰੀਏ ਕਿ ਅਸੀਂ ਕਿਹੜੇ ਪ੍ਰੇਮ ਵਿਚ ਫਸੇ ਹੋਏ ਹਾਂ। ਉਪਰ ਦੱਸੇ ਗਏ ਕਿਸੀ ਵੀ ਪ੍ਰੇਮ ਦੇ ਕਿਹੜੇ ਪਰਾਏਵਾਚੀ ਸ਼ਬਦ – ਪ੍ਰੇਮ, ਮਿਲਨ, ਇਸ਼ਕ, love ਪ੍ਰੀਤ, ਪਿਆਰ, ਸੰਗਮ ਇਤਿਆਦਿ।

ਅੱਜ ਰਤਵਾੜਾ ਸਾਹਿਬ ਐਸਾ ਤੀਰਥ ਸੰਗਮ ਬਣ ਗਿਆ ਹੈ ਜਿਥੇ ਸਤਿਸੰਗ, ਦਰਸ਼ਨ ਅਤੇ ਤੀਰਥ ਤਿੰਨਾਂ ਦਾ ਅਨੁਪਮ ਸੰਜੋਗ ਦੇਖਿਆ ਜਾ ਸਕਦਾ ਹੈ। ਮਹਾਂਪੁਰਸ਼ਾਂ ਦਾ ਇਹ ਸੰਗਮ ਸਥਲ ਸੁਦਾਮੇ ਦੀ ਗਰੀਬੀ ਨੂੰ ਨਹੀਂ ਦੇਖਦਾ ਅਤੇ ਨਾ ਹੀ ਉਹ ਇਹ ਦੇਖਦਾ ਹੈ ਕਿ ਮੇਰੇ ਲਈ ਕੋਈ ਉਪਹਾਰ ਰੂਪ ਵਿਚ ਇਕ ਪਾ ਚਾਵਲ ਉਧਾਰੇ ਮੰਗ ਕੇ ਲਿਆਇਆ ਹੈ, ਜਾਂ ਫਟੇ ਪੁਰਾਣੇ ਕਪੜੇ ਪਾਏ ਹੋਏ ਹਨ, ਉਹ ਤਾਂ ਕੇਵਲ ਇਕ ਹੀ ਗੱਲ ਜਾਣਦਾ ਹੈ, ਜਿਵੇਂ ਕਿ ਕਬੀਰ ਸਾਹਿਬ ਫੁਰਮਾਨ ਕਰਦੇ ਹਨ –

'ਸਾਧੂ ਭੂਖਾ ਭਾਵ ਕਾ' ਧਨ ਕਾ ਭੂਖਾ ਨਾਹੀ' ਭਾਵਾਂ ਦਾ ਪ੍ਰਭੂ ਪ੍ਰੇਮ ਅਤੇ ਇਸ਼ਕ ਦਾ ਮਤਵਾਲਾ ਹੈ। ਆਪਣੇ ਪ੍ਰਭੂ ਪਿਆਰੇ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਸਾਡੇ ਉਪਰ ਵੀ ਕ੍ਰਿਪਾ ਕਰੋ, ਸਾਡੇ ਅਵਗੁਣਾਂ ਨੂੰ ਨਾ ਦੇਖਦੇ ਹੋਏ, ਇਕ ਅਣਜਾਣ, ਅਬੋਧ ਬਾਲਕ ਸਮਝ ਕੇ, ਇਸ ਪਵਿੱਤਰ ਤ੍ਰਿਵੇਣੀ ਦੇ ਸੰਗਮ ਦੇ ਦਰਸ਼ਨ ਸਦੀਵੀ ਕਰਵਾਉਂਦਾ ਰਹੇ। ਗੰਗਾ, ਜਮੁਨਾ, ਸਰਸਵਤੀ ਜਦੋਂ ਤਿੰਨੋਂ ਮਿਲ ਜਾਂਦੀਆਂ ਹਨ ਤਾਂ ਤ੍ਰਿਵੇਣੀ ਬਣ ਜਾਂਦੀ ਹੈ, ਜਿਸ ਪ੍ਰਕਾਰ ਸੁਖਮਨਾ, ਪਿੰਗਲਾ, ਇੜਾ ਤਿੰਨੋਂ ਮਿਲ ਜਾਣ ਤਾਂ ਕੁੰਡਲਨੀ ਜਾਗ੍ਰਤ ਹੋ ਜਾਂਦੀ ਹੈ। ਇਸ ਆਸ਼ੇ ਵਿਚ ਜੀਉਣ ਵਾਲੇ ਜਗਿਆਸੂਆਂ ਦੇ ਲਈ ਇਹ ਤ੍ਰਿਵੇਣੀ ਸਦਾ ਸਦਾ ਅੰਮ੍ਰਿਤ ਵਰਖਾ ਕਰਦੀ ਰਹੇ, ਇਹ ਪ੍ਰਬਲ ਕਾਮਨਾ ਹੈ।

***ਡਾ. ਡਾ. ਕੇ. ਪਾਂਡੇ***
***'ਐਡੀਟਰ ਹਿੰਦੀ'***

LLLLLLL

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ
# ਸੰਤ ਵਰਿਆਮ ਸਿੰਘ ਜੀ ਵਲੋਂ
# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

## ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10.ਬਾਬਾਣੀਆਂ ਕਹਾਣੀਆਂ | ਭੇਟਾ 50/- |
| 11.ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12.ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤਾਂ | ਭੇਟਾ 15/- |
| 14.ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15.ਅੰਮ੍ਰਿਤ ਫੁਹਾਰ | ਭੇਟਾ 10/- |

## ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10.ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11.ਅੰਮ੍ਰਿਤ ਫੁਹਾਰ | ਭੇਟਾ 10/- |
| 12.ਅਗੰਮ ਅਗੋਚਰ ਦਾ ਮਾਰਗ | |

## English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/-<br>US$ 10 |
| 3. DISCOURSES ON THE BEYOND (Part I ) | Rs. 50/-<br>US$ 5 |
| 4. DISCOURSES ON THE BEYOND (Part II ) | Rs. 50/-<br>US$ 5<br>£ 3 |
| 5. THE WAY TO THE IMPERCEPTIBLE | RS. 80/-<br>US$ 10 |
| 6. The Lights Immortal | Rs. 20/-<br>US$ 2<br>£ 1 |
| 7. Transcendental Bliss | Rs. 70/-<br>US$ 10<br>£ 5 |
| 8. The Dawn of Khalsa Ideals | RS. 10/-<br>US$ 2<br>£ 1 |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 25/- ਅਤੇ ਸਾਰਾ ਸੈਟ ਲੈਣ ਲਈ 50/- ਰੁ: ਡਾਕ ਖਰਚ ਵੀ ਭੇਜਣ ਦੀ ਕ੍ਰਿਪਾਲਤਾ ਕਰੋ ਜੀ।

**-: ਮਿਲਣ ਦਾ ਪਤਾ : -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
**ਕੋਠੀ ਨੰਬਰ 1782, ਫੇਜ਼ 3ਬੀ2,**
**ਐਸ. ਏ. ਐਸ ਨਗਰ,**
**ਮੋਹਾਲੀ - 160055 (ਪੰਜਾਬ)**
**(ਟੈਲੀਫੋਨ) : (0172) 220972, ਫੈਕਸ - 677697**

(ਪੰਨਾ 23 ਦੀ ਬਾਕੀ)

ਕੋਈ ਹਰਖ ਸੋਗ ਦੇ ਚਿੰਨ੍ਹ ਨਹੀਂ ਹਨ ਸਗੋਂ ਸਭ ਨੂੰ ਧੀਰਜ ਦੇ ਰਹੇ ਹਨ ਕਿ ਗੁਰੂ ਦਾ ਭਾਣਾ ਇਸੇ ਤਰ੍ਹਾਂ ਵਰਤਣਾ ਸੀ।

ਇਸੇ ਤਰ੍ਹਾਂ ਸੰਤ ਬੁੱਧੂਸ਼ਾਹ ਹੋਏ ਹਨ ਜੋ ਕਿ ਕਰਨੀ ਕਮਾਈ ਦੇ ਪੂਰੇ ਬ੍ਰਹਮਗਿਆਨੀ ਸਨ ਅਤੇ ਜਿਥੇ ਗੁਰਦੁਆਰਾ ਸੀ ਉਥੇ ਨੇੜੇ ਹੀ ਚੌਰਸਤੇ ਉਪਰ ਉਨ੍ਹਾਂ ਨੇ ਲੰਗਰ ਲਾਇਆ ਹੋਇਆ ਸੀ। ਹਰ ਆਏ ਗਏ ਨੂੰ ਤੰਦੂਰ ਤੋਂ ਤਾਜ਼ੇ ਪਰਸ਼ਾਦੇ ਲਾਹ ਕੇ ਪ੍ਰੇਮ ਨਾਲ ਲੰਗਰ ਛਕਾਇਆ ਕਰਦੇ ਸਨ। ਸ਼ਕਤੀਆਂ ਦੇ ਮਾਲਕ ਸਨ ਪਰ ਕਦੀ ਕਿਸੇ ਨੂੰ ਜ਼ਾਹਰ ਨਹੀਂ ਸੀ ਕਰਦੇ। ਇਕ ਵੇਰਾਂ ਇਕ ਜੋਗੀ ਸਾਧੂ ਇਨ੍ਹਾਂ ਪਾਸ ਆਇਆ ਤੇ ਦੇਖਿਆ ਕਿ ਇਹ ਹਰ ਵਕਤ ਲੰਗਰ ਚਲਾਉਂਦੇ ਹਨ ਮੈਂ ਇਨ੍ਹਾਂ ਨੂੰ ਚਾਂਦੀ ਬਣਾਉਣ ਦਾ ਨੁਸਖਾ ਦੇ ਦੇਵਾਂ ਤੇ ਇਸ ਨਾਲ ਲੰਗਰ ਦਾ ਕੰਮ ਵਧੀਆ ਚਲੇਗਾ। ਉਸ ਨੇ ਕਿਹਾ ਸੰਤ ਜੀ ਇਹ ਨੁਸਖਾ ਹੈ, ਤੁਸੀਂ ਰੱਖ ਲਵੋ ਇਹ ਸਿੱਕੇ ਤੋਂ ਚਾਂਦੀ ਬਣਾ ਦਿੰਦਾ ਹੈ। ਪਰੰਤੂ ਸੰਤਾਂ ਨੇ ਨਾਂਹ ਕਰ ਦਿਤੀ, ਕਹਿਣ ਲੱਗੇ ਤੁਸੀਂ ਆਪ ਹੀ ਰੱਖੋ, ਸਾਨੂੰ ਇਸ ਦੀ ਲੋੜ ਨਹੀਂ। ਜਦੋਂ ਜੋਗੀ ਨੇ ਚਾਂਦੀ ਦਾ ਨੁਸਖਾ ਰੱਖਣ ਲਈ ਬਾਰ-ਬਾਰ ਕਿਹਾ ਤਾਂ ਸੰਤਾਂ ਨੇ ਉਸ ਦਾ ਭਰਮ ਦੂਰ ਕਰਨ ਲਈ ਜੋਗੀ ਨੂੰ ਕਿਹਾ ਕਿ ਭਾਈ! ਸਾਨੂੰ ਉਹ ਇਟਾਂ ਦੇ ਚੱਠੇ 'ਚੋਂ ਦੋ ਇੱਟਾ ਫੜਾਇਓ। ਸਾਧੂ ਇੱਟਾਂ ਪਾਸ ਜਦੋਂ ਪਹੁੰਚਿਆ ਤਾਂ ਕੀ ਦੇਖਦਾ ਹੈ ਕਿ ਸਾਰਾ ਚੱਠਾ ਸੋਨੇ ਦਾ ਬਣ ਗਿਆ ਤੇ ਜਦੋਂ ਗੁਰਦੁਆਰੇ ਵਲ ਦੇਖਿਆ ਸਾਰੀਆਂ ਕੰਧਾਂ ਸੋਨੇ ਦੀਆਂ ਨਜ਼ਰ ਆਈਆਂ ਤੇ ਇੱਟ ਉਥੇ ਹੀ ਰੱਖ ਕੇ ਸੰਤਾਂ ਦੇ ਚਰਨਾਂ ਤੇ ਢਹਿ ਪਿਆ। ਕਹਿਣ ਲੱਗਾ ਮੈਂ ਤਾਂ ਤੁਹਾਨੂੰ ਆਮ ਸਿੱਖ ਸਮਝਿਆ ਸੀ, ਤੁਸੀਂ ਤਾਂ ਗੁਰੂ ਘਰ ਦੇ ਸਮਰੱਥ ਪੁਰਸ਼ ਹੋ, ਮੇਰੀ ਭੁੱਲ ਮਾਫ ਕਰਿਓ।

ਇਕ ਦਿਨ ਦੀ ਗੱਲ ਹੈ ਕਿ ਨਵਾਬ ਦਾ ਫੌਜਦਾਰ ਜੋ ਬੜਾ ਹੰਕਾਰੀ ਸੀ ਬਾਬਾ ਜੀ ਦੇ ਲੰਗਰ ਵਿਚ ਆਇਆ ਤੇ ਕਿਹਾ, ਸਾਨੂੰ ਖਾਣਾ ਦਿਓ। ਬਾਬਾ ਜੀ ਨੇ ਅਦਬ ਨਾਲ ਬਿਠਾਇਆ, ਤੰਦੂਰ ਤੋਂ ਪ੍ਰਸ਼ਾਦੇ ਲਾਹੇ ਤੇ ਦਾਲ ਵਗੈਰਾ ਵਰਤਾਈ। ਕਿਤੇ ਇਕ ਪਰਸ਼ਾਦੇ ਨੂੰ ਥੋੜ੍ਹਾ ਸੇਕ ਜ਼ਿਆਦਾ ਲੱਗ ਗਿਆ ਤਾਂ ਉਸ ਨੇ ਸੰਤਾਂ ਦੇ ਠੁਡਾ ਮਾਰਿਆ ਤੇ ਧੱਕੇ ਮਾਰ ਕੇ ਕਹਿਣ ਲੱਗਾ, ਤੈਨੂੰ ਪਤਾ ਨਹੀਂ ਮੈਂ ਕੌਣ ਹਾਂ? ਸੰਤਾਂ ਨੇ ਨਿਮਰਤਾ ਨਾਲ ਕਿਹਾ, ਕੋਈ ਗੱਲ ਨਹੀਂ, ਮੈਂ ਹੋਰ ਪ੍ਰਸ਼ਾਦਾ ਤਿਆਰ ਕਰਦਾ ਹਾਂ ਤੇ ਹੋਰ ਪ੍ਰਸ਼ਾਦਾ ਬਣਾ ਕੇ ਛਕਾਇਆ। ਜਿਸ ਵੇਲੇ ਪ੍ਰਸ਼ਾਦਾ ਛਕ ਕੇ ਘੋੜੇ ਤੇ ਸਵਾਰ ਹੋ ਕੇ ਥੋੜ੍ਹੀ ਦੂਰ ਗਿਆ ਤਾਂ ਘੋੜਾ ਬੇਕਾਬੂ ਹੋ ਗਿਆ ਤੇ ਰਕਾਬ ਵਿਚ ਪੈਰ ਫਸ ਗਿਆ ਤੇ ਲੱਤ ਟੁੱਟ ਗਈ। ਸੰਤਾਂ ਨੂੰ ਪਤਾ ਲੱਗਾ, ਚੁਕ ਕੇ ਡੇਰੇ ਲਿਆਏ, ਸੇਵਾ ਕੀਤੀ ਤੇ ਉਸ ਨੂੰ ਇਹ ਕਤਈ ਜ਼ਾਹਰ ਨਹੀਂ ਹੋਣ ਦਿਤਾ ਕਿ ਤੂੰ ਮੇਰੇ ਨਾਲ ਦੂਰ ਵਿਵਹਾਰ ਕੀਤਾ ਸੀ। ਉਸ ਦਿਨ ਤੋਂ ਉਹ ਫੌਜਦਾਰ ਉਨ੍ਹਾਂ ਦਾ ਮੁਰੀਦ ਬਣ ਗਿਆ ਤੇ ਕਹਿਣ ਲੱਗਾ, ਆਪ ਦਾ ਜਿਗਰਾ ਧੰਨ ਹੈ, ਮੇਰੇ ਔਗੁਣ ਨਹੀਂ ਚਿਤਾਰੇ ਤੇ ਉਲਟਾ ਮੇਰੇ ਵਰਗੇ ਅਕ੍ਰਿਤਘਣ ਦੀ ਸੇਵਾ ਕੀਤੀ ਹੈ।

ਸੋ ਇਹ ਦਰਵੇਸਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ। ਉਨ੍ਹਾਂ ਅੰਦਰ ਰੁਖਾਂ ਵਰਗਾ ਜਿਗਰਾ ਹੁੰਦਾ ਹੈ ਤੇ ਬੁਰਿਆਈ ਕਰਨ ਵਾਲੇ ਦਾ ਵੀ ਭਲਾ ਹੀ ਲੋਚਦੇ ਰਹਿੰਦੇ ਹਨ।

L L L L L L L

# ਪਾਠਕਾਂ ਵਲੋਂ ਸ਼ੁਭ ਪ੍ਰੇਰਨਾ ਭਰੇ ਵਿਚਾਰਾਂ ਦੀ ਚਿੱਠੀ

**ਨੋਟ** – ਜੂਨ 99 ਵਿਚ ਛਪੇ ਮਹਾਂਪੁਰਸ਼ਾਂ ਦੇ ਲੇਖ ਸਨੇਹੀਆਂ ਦਾ ਪੰਨਾ (ਸਰਬ ਏਕਤਾ) ਤੋਂ ਪ੍ਰਭਾਵਿਤ ਹੋ ਕੇ ਸਰਦਾਰ ਸਰਬਜੀਤ ਸਿੰਘ ਜੀ ਗੰਗਾ ਨਗਰ (ਰਾਜਸਥਾਨ) ਨੇ ਚਿੱਠੀ ਰਾਹੀਂ ਆਪਣੇ ਸ਼ੁਭ ਖਿਆਲਾਂ ਦਾ ਪ੍ਰਗਟਾਵਾ ਕੀਤਾ ਹੈ ਜੋ ਕਿ ਸਾਡੇ ਸੁਹਿਰਦ ਪਾਠਕਾਂ ਲਈ ਪ੍ਰੇਰਨਾਦਾਇਕ ਹੈ। ਇਸ ਕਰਕੇ ਇਸ ਨੂੰ ਪਾਠਕਾਂ ਦੀ ਗਿਆਤ ਲਈ ਛਾਪਿਆ ਜਾ ਰਿਹਾ ਹੈ।

ਜੂਨ ਮਹੀਨੇ ਦਾ ਪਰਚਾ 'ਆਤਮ ਮਾਰਗ' ਮਿਲਿਆ, ਪੜ੍ਹ ਕੇ ਦੁਖ ਵੀ ਹੋਇਆ ਤੇ ਹੈਰਾਨੀ ਵੀ ਕਿ ਸਾਡੇ ਵਿਚ ਕੁਝ ਲੋਗ ਐਸੇ ਵੀ ਹਨ ਜੋ 'ਆਤਮ ਮਾਰਗ' ਤੋਂ ਮੁਖ ਮੋੜ ਰਹੇ ਹਨ, ਮਹਾਂਪੁਰਸ਼ਾਂ ਤੋਂ ਦੂਰ ਜਾ ਰਹੇ ਹਨ, ਵਾਹਿਗੁਰੂ ਮਿਲਣ ਦਾ ਰਸਤਾ ਛੱਡ ਰਹੇ ਹਨ। ਅਸੀਂ ਭਾਗਾਂ ਵਾਲੇ ਹਾਂ ਜੋ ਸੰਤ ਵਰਿਆਮ ਸਿੰਘ ਜੀ ਵਰਗੇ ਮਹਾਂਪੁਰਸ਼ਾਂ, ਮਹਾਂ ਸੰਤਾਂ ਵਲ ਮੂੰਹ ਕੀਤਾ ਹੈ ਜੋ ਆਪ ਹੀ ਸਾਡੀ ਬਾਂਹ ਪਕੜ ਕੇ ਵਾਹਿਗੁਰੂ ਦੇ ਦਰਬਾਰ ਵਿਚ ਸਾਡੀ ਵਕਾਲਤ ਕਰਨਗੇ। 'ਆਤਮ ਮਾਰਗ' ਦਾ ਹਰ ਲਫਜ਼ ਜੀਵਨ ਦਾਨ ਦੇਣ ਵਾਲਾ ਹੈ, ਸਵਾਮੀ ਰਾਮ ਜੀ ਦੇ ਅਨੁਭਵ ਤੇ ਡਾ. ਬੀਬੀ ਤੇਜਿੰਦਰ ਮਲਹੋਤਰਾ ਜੀ ਦਾ ਭਗਵਤ ਗੀਤਾ ਦਾ ਅਨੁਵਾਦ ਪੜ੍ਹਨਯੋਗ ਹੁੰਦਾ ਹੈ। ਸੰਤ ਜੀ ਦੇ ਆਪਣੇ ਵਿਚਾਰਾਂ ਦੇ ਮੋਤੀ, ਮੋਤੀ ਹੀ ਨਹੀਂ, ਸੁੱਚੇ ਮੋਤੀ ਮਨ ਨੂੰ ਤਸੱਲੀ ਤੇ ਉਮਰਾਂ ਦੀ ਮੈਲ ਨੂੰ ਧੋਣ ਲਈ ਕਾਫੀ ਹਨ। ਸੱਚੀ ਪੁਛੋ ਤਾਂ 'ਆਤਮ ਮਾਰਗ' ਨੂੰ ਵੇਖ ਹੀ ਭੁੱਖ ਮਿਟ ਜਾਂਦੀ ਹੈ ਤੇ ਸਾਰਾ ਮਹੀਨਾ ਸੁਖ ਸਾਂਦ ਨਾਲ ਲੰਘ ਜਾਂਦਾ ਹੈ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਜਿਹੜੇ ਵੀ ਗੁਰੂ ਪਿਆਰੇ 'ਆਤਮ ਮਾਰਗ' ਤੋਂ ਮੁਖ ਮੋੜ ਰਹੇ ਹਨ, ਵਾਹਿਗੁਰੂ ਉਨ੍ਹਾਂ ਨੂੰ ਸੁਮੱਤਿ ਬਖਸ਼ੇ ਤੇ ਇਸ ਨਾਲ ਜੁੜੇ ਰਹਿਣ ਤੇ ਤੁਹਾਡੇ, ਬੀਬੀ ਜੀ ਦੇ, ਡਾ. ਸਵਾਮੀ ਰਾਮ ਜੀ ਦੇ, ਵੇਦ ਭਾਰਤੀ ਜੀ ਦੇ ਤੇ ਹੋਰ ਮਹਾਂਪੁਰਸ਼ਾਂ ਨਾਲ ਸਾਂਝ ਪਾਈ ਰੱਖਣ।

ਸੰਤਾਂ ਦੇ ਦਰਸ਼ਨਾਂ ਦਾ ਪਿਆਸਾ

***ਸਰਬਜੀਤ ਸਿੰਘ***

L L L L L L L

**For more information**
**please visit us on internet at :-**
**http://www.atammarg.org**
**&**
**http://www.atammarg.com**

# ਸਮਾਗਮ ਸਰਗਰਮੀਆਂ

ਡਾਕਟਰ ਸਵਾਮੀ ਰਾਮ ਜੀ ਨੇ ਰਤਵਾੜਾ ਸਾਹਿਬ ਵਿਚ ਮਹਾਨ ਸੰਤ ਸਮਾਗਮ ਦੇ ਦੌਰਾਨ, ਲੱਖਾਂ ਦੀ ਤਦਾਦ ਵਿਚ ਬੈਠੀਆਂ ਸੰਗਤਾਂ ਦੇ ਸਨਮੁਖ ਇਹ ਬਚਨ ਕਹੇ ਸਨ ਕਿ 'ਗੁਰੂ ਗ੍ਰੰਥ ਸਾਹਿਬ ਸੰਸਾਰ ਕੇ ਸਮਸੱਤ ਗ੍ਰੰਥੋਂ ਮੇਂ ਸੇ ਸਰਵੋਤਮ ਹੈ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸਿਧਾਂਤਾਂ ਨੂੰ ਸੰਸਾਰ ਵਿਚ ਪ੍ਰਚਾਰਨ ਨਾਲ ਜਿਥੇ ਅਮਨ ਸ਼ਾਂਤੀ ਤੇ ਭਾਈਚਾਰੇ ਦਾ ਬੋਲ ਬਾਲਾ ਹੋਵੇਗਾ ਉਥੇ ਨਾਲ ਦੀ ਨਾਲ ਹਰ ਇਕ ਪ੍ਰਾਣੀ ਦਾ ਆਤਮਿਕ ਕਲਿਆਨ ਵੀ ਸੰਭਵ ਹੈ। ਇਹ ਮਹਾਨ ਕਲਿਆਨਕਾਰੀ ਗੁਰਬਾਣੀ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਾਰਿਆ ਹੋਇਆ ਉਹ ਨਿਰਮਲ ਸੋਮਾ ਹੈ ਜੋ ਕਿ ਊਚ ਨੀਚ, ਰਾਗ ਦ੍ਵੈਸ਼, ਆਪਣਾ ਪਰਾਇਆ, ਚੰਗਾ ਮੰਦਾ, ਈਰਖਾ ਬਖੀਲੀ ਦੇ ਘੇਰੇ 'ਚੋਂ ਕੱਢ ਕੇ ਆਤਮਕ ਅਨੰਦ ਦੇ ਮਹਾਨ ਸਾਗਰ ਵਿਚ ਲੀਨ ਕਰ ਦਿੰਦਾ ਹੈ। ਇਸੇ ਕਰਕੇ ਸੰਸਾਰ ਪ੍ਰਸਿੱਧੀ ਵਾਲੇ ਮਹਾਨ ਯੋਗੀ ਫਿਲਾਸਫਰ, ਸਕਾਲਰ ਡਾਕਟਰ ਸਵਾਮੀ ਰਾਮ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੰਗਲਿਸ਼ ਅਨੁਵਾਦ ਸ਼ੁਰੂ ਕੀਤਾ ਸੀ, ਜੋ ਕਿ ਉਨ੍ਹਾਂ ਤੋਂ ਵਰੋਸਾਏ ਉਤਰਾ ਅਧਿਕਾਰੀ ਵਲੋਂ ਮੁਕੰਮਲ ਹੋ ਚੁੱਕਾ ਹੈ ਅਤੇ ਇਸ ਦਾ ਇੰਗਲਿਸ਼ volume ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵਲੋਂ ਉਪਲਬਧ ਹੈ।

ਡਾਕਟਰ ਸਵਾਮੀ ਰਾਮ ਜੀ ਨੇ ਮਹਾਂਪੁਰਸ਼ਾਂ ਬਾਰੇ ਵੀ ਹੇਠ ਲਿਖੇ ਬਚਨ ਉਸ ਮਹਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੀਤੇ ਸਨ ਕਿ 'ਸੰਤ ਜੀ ਪਿਆਰ ਕਾ ਸਾਗਰ ਹੈ, ਗਿਆਨ ਕਾ ਸੂਰਜ ਹੈ ਔਰ ਸਰਲ ਸੀਧੇ ਹੈਂ, ਕੋਈ ਪਾਖੰਡ ਨਹੀਂ ਹੈ, ਉਨ੍ਹਾਂ ਨੇ ਆਪਣੀ ਯੋਗ ਸੁਰਤੀ ਦੁਆਰਾ ਮਾਤਾ ਜੀ ਬਾਰੇ ਵੀ ਇਹ ਵਾਚ ਲਿਆ ਸੀ ਤੇ ਕਿਹਾ ਸੀ ਕਿ ਤਿੰਨ ਜਨਮ ਪਹਿਲਾਂ ਇਹ ਮੇਰੀ ਮਾਂ ਸੀ ਜੋ ਕਿ ਵਿਛੜੇ ਹੋਏ ਮਿਲੇ ਹਨ ਅਤੇ ਮੈਨੂੰ ਅਸਲੀ ਪਿਆਰ ਸੰਤ ਜੀ ਔਰ ਮਾਂ ਸੇ ਪ੍ਰਾਪਤ ਹੁਆ ਹੈ ਜੋ ਕਿ ਔਰ ਕਹੀਂ ਨਹੀਂ ਮਿਲਾ। ਬਾਬਾ ਜੀ, ਬੀਜੀ ਦੇ ਪਰਉਪਕਾਰੀ ਤੇ ਪਿਆਰ ਭਰੇ ਵਤੀਰੇ ਤੋਂ ਪ੍ਰਭਾਵਿਤ ਹੋਈਆਂ ਸੰਗਤਾਂ ਉਨ੍ਹਾਂ ਦਾ ਪਿਆਰ ਪ੍ਰਾਪਤ ਕਰਨ ਤੇ ਬਾਬਾ ਜੀ ਦੇ ਪ੍ਰਵਚਨ ਸਰਵਨ ਕਰਨ ਲਈ ਦੂਰ ਦੁਰਾਡੇ ਤੋਂ ਹਰ ਐਤਵਾਰ, ਪੂਰਨਮਾਸ਼ੀ, ਸੰਗਰਾਂਦ ਨੂੰ ਰਤਵਾੜਾ ਸਾਹਿਬ ਪੁਜਦੀਆਂ ਹਨ ਅਤੇ ਸੰਗਤ ਨੂੰ ਉਨ੍ਹਾਂ ਵਲੋਂ ਪਿਤਾ ਤੇ ਮਾਤਾ ਦਾ ਪਿਆਰ ਪ੍ਰਾਪਤ ਹੁੰਦਾ ਰਹਿੰਦਾ ਹੈ। ਇਸੇ ਕਰਕੇ ਸੰਗਤਾਂ ਨੇ 17 ਜੂਨ ਨੂੰ ਮਹਾਂਪੁਰਸ਼ਾਂ ਦਾ ਜਨਮ ਦਿਨ ਬੜੇ ਪਿਆਰ ਤੇ ਉਤਸ਼ਾਹ ਨਾਲ ਮਨਾਇਆ। ਇਸ ਸਬੰਧ ਵਿਚ ਸੰਗਤ ਵਲੋਂ 15 ਜੂਨ ਤੋਂ ਅਖੰਡਪਾਠ ਰੱਖਿਆ ਗਿਆ ਸੀ ਜਿਸ ਦਾ ਭੋਗ 17 ਜੂਨ ਨੂੰ 9 ਵਜੇ ਪਿਆ। ਉਪਰੰਤ ਸੰਗਤਾਂ ਖੁਲ੍ਹੇ ਪੰਡਾਲ ਵਿਚ ਮਹਾਂਪੁਰਸ਼ਾਂ ਦਾ ਸਵਾਗਤ ਕਰਨ ਲਈ ਪੁੱਜੀਆਂ। ਸੰਗਤਾਂ ਆਪਣੀ ਖੁਸ਼ੀ ਦਾ ਇਜ਼ਹਾਰ ਕਰਨ ਲਈ birthday cake ਅਤੇ ਨਾਨਾ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ ਪੁੱਜੀਆਂ। ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਮਹਾਂਪੁਰਸ਼ਾਂ ਨੂੰ ਜੀ ਆਇਆਂ ਆਖਿਆ ਅਤੇ ਬੁਲਾਰਿਆਂ ਨੇ ਸ਼ੁਭ ਇਛਾਵਾਂ ਸਹਿਤ ਮਹਾਂਪੁਰਸ਼ਾਂ ਤੇ ਬੀਜੀ ਦੀ ਲੰਮੀ ਉਮਰ, ਤੰਦਰੁਸਤੀ ਲਈ ਅਰਦਾਸਾਂ ਕੀਤੀਆਂ ਕਿ ਉਹ ਇਸੇ ਤਰ੍ਹਾਂ ਸੰਗਤਾਂ ਨੂੰ ਭਜਨ ਬੰਦਗੀ ਤੇ ਨਾਮ ਦਾ ਉਪਦੇਸ਼ ਦਿੰਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਂਦੇ ਰਹਿਣ।

ਮਹਾਂਪੁਰਸ਼ਾਂ ਦਾ ਸਵਸਥ ਠੀਕ ਨਾ ਹੋਣ ਦੇ ਬਾਵਜੂਦ ਵੀ ਸੰਗਤ ਨੂੰ ਹਰ ਐਤਵਾਰ ਪੂਰਨਮਾਸ਼ੀ ਤੇ ਸੰਗਰਾਂਦ ਦੇ ਦੀਵਾਨਾਂ ਵਿਚ ਕੀਰਤਨ ਤੇ ਪ੍ਰਵਚਨਾਂ ਦੁਆਰਾ ਨਿਹਾਲ ਕਰਦੇ ਰਹਿੰਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਉਸਰ ਰਹੀ ਇਮਾਰਤ ਲਈ ਹਰ ਰੋਜ਼ ਸਵੇਰ 8 ਵਜੇ ਤੋਂ ਦੁਪਹਿਰ ਦੋ ਵਜੇ ਤਕ ਉਥੇ ਹੀ ਬੈਠਦੇ ਹਨ। 29 ਜੂਨ ਤੋਂ ਇਕ ਹਫਤੇ ਲਈ ਦੇਹਰਾਦੂਨ, ਜਾਲੀ ਗਰਾਂਟ ਹਸਪਤਾਲ ਵਿਚ ਚੈਕਅਪ ਤੇ ਇਲਾਜ ਹਿਤ ਨਿਵਾਸ ਕੀਤਾ ਜਿਥੇ ਕਿ ਅਮਰੀਕਾ ਤੋਂ ਮੁਹਾਰਤ ਪ੍ਰਾਪਤ ਡਾਕਟਰਾਂ ਦੀ ਟੋਲੀ ਉਨ੍ਹਾਂ ਦੀ ਸਿਹਤ ਦਾ ਮੁਆਇਨਾ ਆਦਰ ਪੂਰਵਕ ਢੰਗ ਨਾਲ ਕਰਦੀ ਰਹੀ ਹੈ।

28 ਜੂਨ ਪੂਰਨਮਾਸ਼ੀ ਦੇ ਦੀਵਾਨ ਵਿਚ ਮਹਾਂਪੁਰਸ਼ਾਂ ਨੇ ਭਗਤ ਕਬੀਰ ਜੀ ਦੇ ਜੀਵਨ ਬਾਰੇ ਰੋਸ਼ਨੀ ਪਾਉਂਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋਈ ਅਤੇ ਨਾਮ ਦੀ ਕਮਾਈ ਕਰਕੇ ਪਰਮ ਪਦ ਹਾਸਲ ਕਰਕੇ ਸੰਸਾਰ ਦਾ ਉਧਾਰ ਕੀਤਾ ਅਤੇ ਇਸੇ ਲਈ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਆਦਰਯੋਗ ਸਥਾਨ ਪ੍ਰਾਪਤ ਹੈ। ਇਸ ਦਿਨ 70 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

ਬੰਬਈ ਵਿਖੇ ਜਥੇ ਦੇ ਦੀਵਾਨ 10 ਜੂਨ ਤੋਂ 23 ਜੂਨ ਤਕ – ਭਾਈ ਸਾਹਿਬ ਭਾਈ ਲਖਬੀਰ ਸਿੰਘ ਵਲੋਂ ਵੱਖ ਵੱਖ ਗੁਰਦਵਾਰਿਆਂ ਵਿਖੇ ਦੀਵਾਨ ਲਗਾ ਕੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਅਤੇ ਇਸ ਵਿਚ 'ਆਤਮ ਮਾਰਗ' ਦੀ ਮੈਂਬਰਸ਼ਿਪ ਲਈ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ 500 ਦੇ ਕਰੀਬ ਨਵੇਂ ਮੈਂਬਰ ਬਣੇ।

ਖੂਬੀਆ ਨੰਗਲ ਯੂ.ਪੀ. ਵਿਖੇ ਭਾਈ ਗੁਰਦੀਪ ਸਿੰਘ ਦੇ ਜਥੇ ਵਲੋਂ 4 ਅਪ੍ਰੈਲ ਤੋਂ 28 ਮਈ ਤਕ ਖੁਬੀਆ ਨੰਗਲ ਰੁਦਰਪੁਰ, ਕਾਲਾ ਢੂੰਗੀ, ਚਾਹੜਵਾਲਾ ਬਿਜਨੌਰ, ਹਰਗਾਵ (ਸੀਤਾਪੁਰ), ਗੁ; ਮੈਨਾਕੋਟ (ਪੀਲੀਭੀਤ) ਵਿਖੇ ਦੀਵਾਨ ਲਗਾ ਕੇ 1178 ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ।

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਹਿਰ 4.00 ਵਜੇ ਤੱਕ – 1, 8, 15, 22, 29 ਅਗਸਤ, ਰਤਵਾੜਾ ਸਾਹਿਬ

**ਪੂਰਨਮਾਸ਼ੀ** – 26 ਅਗਸਤ, ਦਿਨ ਵੀਰਵਾਰ ਰਤਵਾੜਾ ਸਾਹਿਬ।

**ਸੰਗਰਾਂਦ** – 17 ਅਗਸਤ, ਦਿਨ ਮੰਗਲਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** – 11 ਅਗਸਤ, ਦਿਨ ਬੁੱਧਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** – ਡੇਰਾ ਹਿਰਦਾਪੁਰ ਚੰਗਰ ਜਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

ਬਾਬਾ ਰਾਮ ਸਿੰਘ ਜੀ ਨਾਮਧਾਰੀ

ਦਸ਼ਮੇਸ਼ ਪਿਤਾ ਜੀ ਭਾਈ ਮਹਾਂ ਸਿੰਘ ਜੀ ਦਾ ਬੇਦਾਵਾ ਫਾੜਦੇ ਹੋਏ

ਮਹਾਰਾਜਾ ਰਣਜੀਤ ਸਿੰਘ

ਡਾਕਟਰ ਸਵਾਮੀ ਰਾਮ ਜੀ

ਗੁਰਦੁਆਰਾ ਸਾਹਿਬ ਦੀ ਉਸਰ ਰਹੀ ਇਮਾਰਤ ਦਾ ਦ੍ਰਿਸ਼ ਅਤੇ ਬਾਬਾ ਜੀ ਸੰਗਤ ਨਾਲ ਅਤੇ ਸ੍ਰੀ ਮਾਨ ਜੀ ਭਾਈ ਕਰਨੈਲ ਸਿੰਘ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ।

17 ਜੂਨ, 99 ਨੂੰ ਬਾਬਾ ਜੀ ਬਰਥਡੇ ਕੇਕ ਕੱਟਦੇ ਹੋਏ ਅਤੇ ਬੀਜੀ ਸੰਗਤਾਂ ਦੀ ਖੁਸ਼ੀ ਸਵੀਕਾਰ ਕਰ ਰਹੇ ਹਨ।

ਪੰਡਾਲ ਵਿਚ ਸਸ਼ੋਭਤ ਸੰਗਤਾਂ ਇਸ ਖੁਸ਼ੀ ਦੇ ਮੌਕੇ ਵਿਚ ਸ਼ਾਮਲ ਹੋ ਕੇ ਮਨ ਹੀ ਮਨ ਵਿਚ ਬਾਬਾ ਜੀ ਤੇ ਬੀਜੀ ਦੀ ਤੰਦਰੁਸਤੀ ਦੀਆਂ ਸ਼ੁਭ ਕਾਮਨਾ ਕਰ ਰਹੀਆਂ ਹਨ।